ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 77 | 28 June to 4 July, 2023 | Ph.: (510) 240-5949 | Email: asrtimes@gmail.com


# ਅਮਰੀਕਾ ਤੇ ਕੈਨੇਡਾ ਦੀ ਤਰੱਕੀ ’ਚ ਪੰਜਾਬੀਆਂ ਦਾ ਵੱਡਾ ਯੋਗਦਾਨ

## 2 ਫ਼ੀਸਦੀ ਵਾਲਿਆਂ ਦੀ ਹੈ ਅਮਰੀਕਾ-ਕੈਨੇਡਾ ’ਚ ਸਰਦਾਰੀ



ਪਟਿਆਲਾ/ਏ.ਟੀ.ਨਿਊਜ਼ :ਪੰਜਾਬੀਆਂ ਦੀ ਸੁਪਨ ਨਗਰੀ ਕੈਨੇਡਾ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਤੇ ਮਜ਼ਬੂਤ ਸ਼ਕਤੀ ਅਮਰੀਕਾ ਦੀ ਤਰੱਕੀ ਵਿੱਚ ਜਿਥੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ, ਉਥੇ ਦੋਵਾਂ ਦੇਸ਼ਾਂ ਦੀ ਆਰਥਿਕਤਾ ਨੂੰ ਪੰਜਾਬੀਆਂ ਨੇ ਆਪਣੀ ਮਿਹਨਤ, ਲਗਨ ਅਤੇ ਦ੍ਰਿੜ ਇੱਛਾ ਸ਼ਕਤੀ ਨਾਲ ਹੋਰ ਮਜ਼ਬੂਤ ਕੀਤਾ। ਆਰਥਿਕਤਾ ਨੂੰ ਮਜ਼ਬੂਤ ਕਰਦੇ ਹੋਏ ਪੰਜਾਬੀਆਂ ਨੇ ਕੈਨੇਡਾ ਅਤੇ ਅਮਰੀਕਾ ਦੇ ਸਿਆਸੀ ਖੇਤਰ ਵਿੱਚ ਵੀ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬੀ ਆਪਣੀ ਕਾਬਲੀਅਤ ਦੇ ਬਲਬੂਤੇ ’ਤੇ ਕੈਨੇਡਾ ਅਤੇ ਅਮਰੀਕਾ ਵਿੱਚ ਵੱਡਾ ਮੁਕਾਮ ਹਾਸਲ ਕਰਨ ਵਿੱਚ ਕਾਮਯਾਬ ਹੋਏ ਹਨ। ਕੈਨੇਡਾ ’ਚ 5 ਲੱਖ ਤੋਂ ਵੀ ਵੱਧ ਸਿੱਖ ਵਸਦੇ ਹਨ ਤੇ

- ☛ 1 ਜੁਲਾਈ ਨੂੰ ਕੈਨੇਡਾ ਡੇਅ ਅਤੇ 4 ਜੁਲਾਈ ਨੂੰ ਮਨਾਇਆ ਜਾ ਰਿਹੈ ਅਮਰੀਕਾ ਦਾ ਆਜ਼ਾਦੀ ਦਿਹਾੜਾ
- ☛ ਪੰਜਾਬੀਆਂ ਨੇ ਦੋਵਾਂ ਮੁਲਕਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਨਾਲ ਹੀ ਸਿਆਸੀ ਖੇਤਰ ਵਿੱਚ ਵੀ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ
- ☛ ਅਮਰੀਕਾ ਦੀ ਟਰਾਂਸਪੋਰਟ ’ਚ ਪੰਜਾਬੀਆਂ ਦੀ ਬਾਦਸ਼ਾਹਤ
- ☛ ਸੜਕਾਂ ਤੇ ਬਾਜ਼ਾਰਾਂ ਦੇ ਨਾਮ ਵੀ ਹਨ ਪੰਜਾਬੀ ਵਿੱਚ

## ਆਜ਼ਾਦੀ ਦਾ ਪਹਿਲਾ ਜਸ਼ਨ



4 ਜੁਲਾਈ 1977 ਨੂੰ ਫਿਲਾਡੇਲਫੀਆ, ਪੈਨਸਿਲਵੇਨੀਆ ਵਿੱਚ ਪਹਿਲੀ ਵਾਰ ਅਮਰੀਕਾ ਦਾ ਸੁਤੰਤਰਤਾ ਦਿਵਸ ਮਨਾਇਆ ਗਿਆ। 1801 ਵਿੱਚ, ਵ੍ਹਾਈਟ ਹਾਊਸ ਨੇ ਅਧਿਕਾਰਤ ਤੌਰ ’ਤੇ ਪਹਿਲੀ ਵਾਰ 4 ਜੁਲਾਈ ਨੂੰ ਆਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ।ਜਨਰਲ ਜਾਰਜ ਵਾਸ਼ਿੰਗਟਨ ਆਜ਼ਾਦੀ ਤੋਂ ਬਾਅਦ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣੇ। ਅੱਜ ਵੀ ਦੇਸ਼ ਦੇ ਲੋਕ ਉਨ੍ਹਾਂ ਨੂੰ ਆਜ਼ਾਦੀ ਘੁਲਾਟੀਏ ਵਜੋਂ ਜਾਣਦੇ ਹਨ।ਦੇਸ਼ ਦੀ ਰਾਜਧਾਨੀ ਦਾ ਨਾਂ ਉਸ ਦੇ ਨਾਂ ’ਤੇ ਰੱਖਿਆ ਗਿਆ ਸੀ।ਅਮਰੀਕਾ ਦੀ ਗੁਲਾਮੀ ਦੀ ਕਹਾਣੀ ਵੀ ਬੜੀ ਦਿਲਚਸਪ ਹੈ।ਕਿਹਾ ਜਾਂਦਾ ਹੈ ਕਿ

(ਬਾਕੀ ਸਫ਼ਾ 29 ’ਤੇ)

## ਬਰਤਾਨੀਆ ਦਾ ਗੁਲਾਮ ਸੀ ‘ਅੰਕਲ ਸੈਮ’



ਅਮਰੀਕਾ ਜਿਸ ਨੂੰ ‘ਅੰਕਲ ਸੈਮ’ ਵੀ ਕਿਹਾ ਜਾਂਦਾ ਹੈ, ਉਹ ਵੀ ਬਰਤਾਨਵੀ ਹਕੂਮਤ ਦਾ ਗੁਲਾਮ ਸੀ।ਅੰਗਰੇਜ਼ਾਂ ਨੇ ਜਿਸ ਤਰ੍ਹਾਂ ਭਾਰਤ ’ਤੇ ਤਸ਼ੱਦਦ ਕੀਤਾ, ਉਸੇ ਤਰ੍ਹਾਂ ਅਮਰੀਕਾ ’ਚ ਵੀ ਬਹੁਤ ਸਾਰੇ ਲੋਕਾਂ ’ਤੇ ਤਸ਼ੱਦਦ ਕੀਤਾ ਗਿਆ। ਅਤਿਆਚਾਰਾਂ ਕਾਰਨ, ਬ੍ਰਿਟਿਸ਼ ਅਫਸਰਾਂ ਅਤੇ ਅਮਰੀਕੀਆਂ ਵਿਚਕਾਰ ਟਕਰਾਅ ਹੋ ਗਿਆ। ਅਮਰੀਕਾ ਵਿੱਚ ਬਰਤਾਨੀਆ ਦੀਆਂ 13 ਕਾਲੋਨੀਆਂ ਸਨ।2 ਜੁਲਾਈ 1776 ਨੂੰ ਅਮਰੀਕਾ ਦੇ ਲੋਕਾਂ ਨੇ 12 ਕਲੋਨੀਆਂ ਤੋਂ ਆਪਣੀ ਆਜ਼ਾਦੀ ਦਾ ਐਲਾਨ ਕੀਤਾ।

(ਬਾਕੀ ਸਫ਼ਾ 29 ’ਤੇ)

## ਅਮਰੀਕਾ ’ਚ ਸਿੱਖਾਂ ਦਾ ਵਧ ਰਿਹਾ ਪ੍ਰਭਾਵ



ਸਿੱਖ ਭਾਈਚਾਰਾ ਆਬਾਦੀ ਦੇ ਲਿਹਾਜ਼ ਨਾਲ ਦੁਨੀਆਂ ਦਾ 5ਵਾਂ ਸਭ ਤੋਂ ਵੱਡਾ ਧਰਮ ਹੈ। ਸਿੱਖ ਭਾਈਚਾਰੇ ਨੇ 125 ਸਾਲਾਂ ਤੋਂ ਵੱਧ ਸਮੇਂ ਤੋਂ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਦਵਾਈ ਦੇ ਖੇਤਰਾਂ ਵਿੱਚ ਅਮਰੀਕੀ ਸਮਾਜ ਵਿੱਚ ਯੋਗਦਾਨ ਪਾਇਆ ਹੈ। ਦੂਜੇ ਪਾਸੇ ਜੇਕਰ ਵਿਸ਼ਵ ਪੱਧਰ ’ਤੇ ਸਿੱਖਾਂ ਦੀ ਆਬਾਦੀ ਦਾ ਅੰਦਾਜ਼ਾ ਲਗਾਇਆ ਜਾਵੇ ਤਾਂ ਇਹ ਲੋਕ ਵਿਸ਼ਵ ਦੀ ਆਬਾਦੀ ਦਾ 0.39% ਭਾਵ 3 ਕਰੋੜ ਦੇ ਕਰੀਬ ਹਨ। ਸੰਯੁਕਤ ਰਾਜ ਅਮਰੀਕਾ, ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਵਿੱਚ ਸਭ ਤੋਂ ਵੱਡੀ ਕੁੱਲ ਪ੍ਰਵਾਸੀ ਆਬਾਦੀ ਦੇ ਨਾਲ, ਸਿੱਖ ਭਾਈਚਾਰੇ ਹਰ ਆਬਾਦ ਮਹਾਂਦੀਪ ਵਿੱਚ ਮੌਜੂਦ ਹਨ। ਸਿੱਖਾਂ ਦੀ ਸਭ ਤੋਂ ਵੱਡੀ ਅਨੁਪਾਤ ਵਾਲੇ ਦੇਸ਼ਾਂ ਵਿੱਚ ਕੈਨੇਡਾ (2.1%), ਭਾਰਤ (1.7%), ਯੂਨਾਈਟਿਡ

(ਬਾਕੀ ਸਫ਼ਾ 29 ’ਤੇ)

## ਕੈਲੀਫ਼ੋਰਨੀਆ ਦੀ ਸੈਕਰਾਮੈਂਟੋ ਵੈਲੀ ਵਿੱਚ ਵਸਣ ਵਾਲੀਆਂ ਪਹਿਲੀਆਂ ਪੰਜਾਬੀ ਔਰਤਾਂ



**ਟੀ ਪਾਰਟੀ ਵਿੱਚ ਪਹਿਲੀ ਲਾਈਨ ’ਚ ਖੱਬੇ ਤੋਂ ਸੱਜੇ:** ਸੰਤ ਕੌਰ ਗਰੇਵਾਲ, ਗੀਤਾ ਕੌਰ ਗਰੇਵਾਲ, ਦੂਜੀ ਕਤਾਰ ਵਿੱਚ ਬਖਸ਼ੋ ਕੌਰ ਠੱਕਰ, ਸਵਰਣ ਕੌਰ ਜੌਹਲ, ਹਰਭਜਨ ਠੱਕਰ, ਗੁਰਮੀਤ ਕੌਰ ਠੱਕਰ ਤੇ ਸਵਰਨ ਕੌਰ। (ਫੋਟੋ : ਡਾ. ਮਨੋਹਰ ਸਿੰਘ ਗਰੇਵਾਲ)

ਰਤਨ ਕੌਰ 1910 ਵਿੱਚ ਕੈਲੀਫੋਰਨੀਆ ਆਉਣ ਵਾਲੀ ਸਭ ਤੋਂ ਪਹਿਲੀ ਪੰਜਾਬੀ ਔਰਤ ਸੀ।ਉਸ ਦੀ ਧੀ ਕਰਤਾਰ ਕੌਰ ਢਿੱਲੋਂ ਅਮਰੀਕਾ ਵਿੱਚ 1915 ਵਿੱਚ ਪੈਦਾ ਹੋਈ ਪਹਿਲੀ ਪੰਜਾਬੀ ਸਿੱਖ ਮਹਿਲਾ ਸੀ।ਤੁਹਾਡੀ ਜਾਣਕਾਰੀ ਵਿੱਚ ਵਾਧਾ ਕਰ ਦੇਈਏ ਕਿ ਪੰਜਾਬੀ ਔਰਤਾਂ ਦੀ ਅਸਲੀ ਪੀੜ੍ਹੀ ਦੂਜੇ ਵਿਸ਼ਵ ਯੁੱਧ ਦੇ ਬਾਅਦ ਏਥੇ ਆਈ ਸੀ।

1946 ਤੱਕ ਏਸ਼ੀਅਨ ਪਰਵਾਸੀਆਂ ਨੂੰ ਰੋਕਣ ਵਾਲੇ ਇਮੀਗ੍ਰੇਸ਼ਨ ਕਾਨੂੰਨਾਂ ਕਾਰਨ ਪੰਜਾਬੀਆਂ ਦੀਆਂ ਬਹੁਤ ਘੱਟ ਔਰਤਾਂ ਨੂੰ ਅਮਰੀਕਾ ਵਿੱਚ ਸੈਟਲ ਹੋਣ ਦੀ ਇਜ਼ਾਜਤ ਦਿੱਤੀ ਜਾਂਦੀ ਸੀ। ਕੈਲੀਫੋਰਨੀਆ ਵਿੱਚ ਬਹੁਤੇ ਮੁਢਲੇ ਪਰਵਾਸੀ ਪੰਜਾਬੀ ਮਰਦ ਸਾਲਾਂ ਤਕ ਆਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਸਨ। ਪੱਛਮੀ ਅਮਰੀਕਾ ਦੇ ਹੋਰ ਪੰਜਾਬੀ ਮਰਦਾਂ ਨੇ ਵੱਖਰੇ ਸੱਭਿਆਚਾਰਕ ਪਿਛੋਕੜ ਵਾਲੀਆਂ ਔਰਤਾਂ ਨਾਲ ਵਿਆਹ ਵੀ ਕਰਵਾਇਆ ਸੀ , ਖਾਸ ਕਰਕੇ ਮੈਕਸੀਕੋ ਵਿੱਚ। ਪੰਜਾਬੀ ਬੀਬੀਆਂ ਦੀ ਇਸ ਮੁੱਢਲੀ ਪੀੜ੍ਹੀ ਦਾ ਜੀਵਨ ਆਪਣੇ ਪਰਿਵਾਰਾਂ ਦੇ ਖੇਤਾਂ ਵਿੱਚ ਸਖ਼ਤ ਮਿਹਨਤ ਅਤੇ ਪਰਿਵਾਰਾਂ ਤੋਂ ਦੂਰ ਰਹਿ ਕੇ ਇੱਕਲੇਪਣ ਨਾਲ ਭਰਿਆ ਹੋਇਆ ਸੀ। ਔਰਤਾਂ ਨੇ ਦੋਸਤੀ ਨੂੰ ਗੰਢ ਨੂੰ ਏਨਾ ਕੁ ਮਜ਼ਬੂਤ ਕੀਤਾ ਕਿ ਉਹਨਾਂ ਦੀ ਇਹ ਦੋਸਤੀ ਜੀਵਨ ਭਰ ਚੱਲੀ।ਪੰਜਾਬੀਆਂ ਨੇ ਮਿਲ ਕੇ ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਅਤੇ ਸਥਾਨਕ ਤਿਉਹਾਰਾਂ ਅਤੇ ਵਿਆਹਾਂ ਵਿੱਚ ਬਹੁਤ ਵੱਡੀ ਸਮਾਜ ਸੇਵਾ ਕੀਤੀ।

ਅਸੀਂ ਉਹਨਾਂ ਔਰਤਾਂ ਨੂੰ ਹਮੇਸ਼ਾ ਸਿਜਦਾ ਕਰਾਂਗੇ, ਜਿਹੜੀਆਂ ਆਮ ਔਰਤਾਂ ਨੇ ਦੁਨੀਆਂ ਦੇ ਦੂਜੇ ਸਿਰੇ ਜਾਣ ਦੀ ਹਿੰਮਤ ਕਰਕੇ ਆਪਣੇ ਆਪ ਨੂੰ ਖਾਸ ਬਣਾਇਆ।ਅਮਰੀਕਾ ਵਿੱਚ ਆਪਣੇ ਪੰਜਾਬੀ ਭਾਈਚਾਰੇ ਦੀ ਨੀਂਹ ਰੱਖੀ। ਆਪਣੇ ਸੱਭਿਆਚਾਰ ਦਾ ਮੁਹਾਂਦਰਾਂ ਉਹਨਾਂ ਨੇ ਦੁਨੀਆਂ ਅੱਗੇ ਪੇਸ਼ ਕੀਤਾ।



# ਜਿੰਦ ਮਾਹੀ ਚੱਲ ਚੱਲੀਏ ਕੈਨੇਡਾ...

# ਸੁਪਨਿਆਂ ਦੀ ਧਰਤੀ ਦਾ ਦੇਸ਼ ਕੈਨੇਡਾ

## ਪੰਜਾਬੀਆਂ ਨੇ ਆਪਣੀ ਮਿਹਨਤ ਸਦਕਾ ਕੈਨੇਡਾ ਨੂੰ ਪਹੁੰਚਾਇਆ ਬੁਲੰਦੀਆਂ 'ਤੇ



ਦੁਨੀਆਂ ਦੇ ਦੂਜੇ ਸਭ ਤੋਂ ਵੱਡੇ ਦੇਸ਼ ਕੈਨੇਡਾ ਵਿੱਚ ਪੰਜਾਬੀਆਂ ਨੇ ਹਰ ਖੇਤਰ 'ਚ ਸਫ਼ਲਤਾ ਦੇ ਝੰਡੇ ਝੁਲਾਏ ਹੋਏ ਹਨ। ਕੈਨੇਡਾ ਦੇ ਕਈ ਇਲਾਕਿਆਂ ਨੂੰ ਤਾਂ ਪੰਜਾਬੀ ਭਾਈਚਾਰੇ ਦੀ ਬਹੁਗਿਣਤੀ ਕਾਰਨ 'ਮਿਨੀ ਪੰਜਾਬ' ਵੀ ਕਿਹਾ ਜਾਂਦਾ ਹੈ। ਕੈਨੇਡਾ ਦੀ ਸਿਆਸਤ ਤੋਂ ਲੈ ਕੇ ਆਰਥਿਕਤਾ ਵਿੱਚ ਪੰਜਾਬੀਆਂ ਨੇ ਵੱਡਾ ਯੋਗਦਾਨ ਪਾਇਆ ਹੈ। ਕੈਨੇਡਾ ਵਿੱਚ ਪੰਜਾਬੀਆਂ ਨੂੰ ਅਤੇ ਪੰਜਾਬੀ ਬੋਲੀ ਨੂੰ ਵੱਡਾ ਮਾਣ ਸਨਮਾਨ ਪ੍ਰਾਪਤ ਹੈ। ਕੈਨੇਡਾ ਇੱਕ ਅਜਿਹਾ ਦੇਸ਼ ਹੈ, ਜਿਥੋਂ ਦੀ ਪੱਤਝੜ ਰੁੱਤ ਦਾ ਆਪਣਾ ਵੱਖਰਾ ਹੀ ਨਜ਼ਾਰਾ ਹੁ ਦਾ ਹੈ। ਕੈਨੇਡਾ ਦੀ ਪੱਤਝੜ ਰੁੱਤ ਪੂਰੀ ਦੁਨੀਆਂ 'ਚ ਪ੍ਰਸਿੱਧ ਹੈ। ਇਸ ਰੁੱਤ ਦੌਰਾਨ ਕੈਨੇਡਾ ਵਿੱਚ ਹਰ ਪਾਸੇ ਵੱਖ ਵੱਖ ਕਿਸਮਾਂ ਅਤੇ ਰੰਗਾਂ ਦੇ ਦਰਖੱਤਾਂ ਨਾਲੋਂ ਟੁੱਟ ਕੇ ਧਰਤੀ ਦੇ ਫੈਲੇ ਪੱਤੇ ਅਤੇ ਫੁੱਲ ਧਰਤੀ 'ਤੇ ਵਿਛੇ ਕਿਸੇ ਰੰਗਦਾਰ ਗਲੀਚੇ ਵਰਗਾ ਦ੍ਰਿਸ਼ ਪੈਦਾ ਕਰਦੇ ਹਨ। ਕੈਨੇਡਾ ਦਾ ਕਰੀਬ 40 ਫੀਸਦੀ ਹਿੱਸਾ ਜੰਗਲ ਹੈ। ਕੈਨੇਡਾ ਨੂੰ ਝੀਲਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ ਕਿਉਂਕਿ ਇਥੇ ਬਹੁਤ ਸਾਰੀਆਂ ਝੀਲਾਂ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਦੁਨੀਆਂ ਦਾ ਕਰੀਬ 20 ਫੀਸਦੀ ਪਾਣੀ ਕੈਨੇਡਾ ਦੀਆਂ ਝੀਲਾਂ 'ਚ ਹੀ ਪਾਇਆ ਜਾਂਦਾ ਹੈ। ਸਿਰਫ ਇਹ ਨਹੀਂ, ਇਨ੍ਹਾਂ ਝੀਲਾਂ ਕਾਰਨ ਅਜਿਹਾ ਵੀ ਮੰਨਿਆ ਜਾਂਦਾ ਹੈ ਕਿ ਕੈਨੇਡਾ ਦਾ ਪਾਣੀ ਮਿਨਰਲ ਵਾਟਰ ਤੋਂ ਵੀ ਜ਼ਿਆਦਾ ਸਾਫ਼ ਹੈ।




ਕੈਨੇਡਾ ਵਿੱਚ ਪੰਜਾਬੀ ਮੂਲ ਦੇ ਲੋਕਾਂ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੋਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਸਿੱਖ ਅਗਵਾਈ ਵਾਲੀ ਐੱਨਡੀਪੀ ਦੇ ਸਹਿਯੋਗ ਨਾਲ ਚੱਲ ਰਹੀ ਹੈ। ਕੁੱਝ ਸਮਾਂ ਪਹਿਲਾਂ ਪੰਜਾਬ ਮੂਲ ਦੇ ਜਗਮੀਤ ਸਿੰਘ ਨੂੰ ਇਸ ਦਾ ਨੇਤਾ ਚੁਣਿਆ ਗਿਆ ਇਸ ਸਮੇਂ ਇਸ ਪਾਰਟੀ ਕੋਲ 25 ਸੀਟਾਂ ਹਨ। ਜਗਮੀਤ ਸਿੰਘ ਦੇ ਆਉਣ ਤੋਂ ਬਾਅਦ ਪਾਰਟੀ ਦਾ ਪ੍ਰਭਾਵ ਬਹੁਤ ਜ਼ਿਆਦਾ ਵਧ ਗਿਆ। ਇਸ ਤੋਂ ਇਲਾਵਾ ਕੈਨੇਡਾ ਵਿੱਚ ਸਾਂਸਦ ਰੂਬੀ ਸਹੋਤਾ ਅਤੇ ਅੰਜੂ ਢਿੱਲੋਂ, ਕਰਨਲ ਹਰਜੀਤ ਸਿੰਘ ਤੀਜੀ ਵਾਰ ਚੁਣ ਕੇ ਸਾਂਸਦ ਬਣੇ। ਸੁੱਖ ਧਾਲੀਵਾਲ ਪੰਜਵੀਂ ਵਾਰ ਸੰਸਦ ਵਿੱਚ ਪਹੁੰਚੇ। ਸੋਨੀਆ ਸਿੱਧੂ, ਕਮਲ ਖਹਿਰਾ, ਬਰਦੀਸ਼ ਚੱਘਰ, ਅਨੀਤਾ ਆਨੰਦ, ਜਗਜੀਤ ਸਿੰਘ, ਮਨਿੰਦਰ ਸਿੱਧੂ, ਰਣਦੀਪ ਸਹਾਇ, ਪਰਮ ਧਾਲੀਵਾਲ, ਜਾਰਜ ਚਾਹਲ, ਜਸਰਾਜ ਹੱਲਣ, ਟਿਮ ਫੁੱਲ ਸਮੇਤ ਸੰਸਦ ਅਤੇ ਵਿਧਾਨ ਸਭਾ ਵਿੱਚ ਕਈ ਸਿੱਖ ਚਿਹਰੇ ਹਨ। ਹਰਜੀਤ ਸਿੰਘ ਸੱਜਣ ਉੱਥੇ ਰੱਖਿਆ ਮੰਤਰੀ ਵੀ ਰਹਿ ਚੁੱਕੇ ਹਨ।

ਕੈਨੇਡਾ ਅਤੇ ਅਮਰੀਕਾ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਪੰਜਾਬ ਮੂਲ ਦੇ ਲੋਕ ਅਹਿਮ ਭੂਮਿਕਾ ਨਿਭਾ ਰਹੇ ਹਨ। ਭਾਰਤ ਤੋਂ ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਵਿੱਚ ਸਭ ਤੋਂ ਵੱਧ ਪੰਜਾਬੀ ਨੌਜਵਾਨ ਹਨ। ਉਨ੍ਹਾਂ ਦੇ ਵਿਦੇਸ਼ ਜਾਣ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਹੁਣ ਪੰਜਾਬ ਮੂਲ ਦੇ ਲੋਕ ਉਥੋਂ ਦੀ ਰਾਜਨੀਤੀ ਅਤੇ ਕਾਰੋਬਾਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਇਸ ਤਰ੍ਹਾਂ ਕੈਨੇਡਾ ਅਤੇ ਅਮਰੀਕਾ ਵਿੱਚ ਕਈ ਇਲਾਕੇ ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਹਨ। ਕੈਨੇਡਾ ਵਿੱਚ ਤਾਂ ਕਈ ਸੜਕਾਂ ਤੇ ਦੁਕਾਨਾਂ ਦੇ ਨਾਂਅ ਵੀ ਪੰਜਾਬੀ ਵਿੱਚ ਰਖੇ ਹੋਏ ਹਨ।



ਅਜਿਹੇ 'ਚ ਨੌਜਵਾਨ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਵਾਂਗ ਉੱਥੇ ਜਾ ਕੇ ਸਫ਼ਲਤਾ ਹਾਸਲ ਕਰਨਾ ਚਾਹੁੰਦੇ ਹਨ। ਕੈਨੇਡਾ ਵਿੱਚ ਹਰ ਸਾਲ ਇੱਕ ਲੱਖ ਤੋਂ ਵੱਧ ਨੌਜਵਾਨ ਪੜ੍ਹਾਈ ਲਈ ਜਾ ਰਹੇ ਹਨ। ਇਸ ਨਜ਼ਰੀਏ ਤੋਂ ਪੰਜਾਬ ਦੇ ਲੱਖਾਂ ਡਾਲਰ ਕੈਨੇਡੀਅਨ ਬੈਂਕਾਂ ਵਿੱਚ ਜਮ੍ਹਾਂ ਹਨ, ਜਿਸ ਕਾਰਨ ਉਹ ਉੱਥੋਂ ਦੀ ਆਰਥਿਕਤਾ (ਬਾਕੀ ਸਫ਼ਾ 29 'ਤੇ)

## ਵਿਦਿਆਰਥੀਆਂ ਦੀ ਪਹਿਲੀ ਪਸੰਦ ਕੈਨੇਡਾ

ਕੈਨੇਡਾ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਅੰਕੜਿਆਂ ਮੁਤਾਬਕ ਸਾਲ 2022 ਵਿੱਚ ਵੱਖ-ਵੱਖ ਕੋਰਸਾਂ ਦੇ ਤਹਿਤ ਦਾਖਲੇ ਨੂੰ ਲੈ ਕੇ ਕੈਨੇਡਾ ਪਹੁੰਚੇ 5.5 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 2.26 ਲੱਖ ਇਕੱਲੇ ਭਾਰਤ ਤੋਂ ਹਨ।




ਇਹਨਾਂ ਵਿਚੋਂ ਵੀ 80 ਹਜ਼ਾਰ ਵਿਦਿਆਰਥੀ ਸਿਰਫ਼ ਪੰਜਾਬ ਅਤੇ ਚੰਡੀਗੜ੍ਹ ਤੋਂ ਹਨ। ਸਟੱਡੀ ਵੀਜ਼ਾ ਦੇ ਜਾਣਕਾਰ ਇਕ ਮਾਹਰ ਦਾ ਕਹਿਣਾ ਹੈ ਕਿ ਕੋਵਿਡ ਦੇ ਬਾਅਦ ਤੋਂ ਕੈਨੇਡਾ ਵਿੱਚ ਕੰਮ ਦੇ ਘੰਟੇ ਵਧਾਉਣ ਕਾਰਨ ਵਿਦਿਆਰਥੀਆਂ ਗਿਣਤੀ ਪਹਿਲਾਂ ਨਾਲੋਂ ਤੇਜ਼ੀ ਨਾਲ ਵਧੀ ਹੈ। ਕੈਨੇਡਾ ਪਹੁੰਚਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਇਮੀਗ੍ਰੇਸ਼ਨ ਰਿਫਊਜੀਸ ਐਂਡ ਸਿਟੀਜਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਜਾਰੀ ਰਿਪੋਰਟ ਮੁਤਾਬਕ ਕੈਨੇਡਾ ਵਿੱਚ ਸਾਲ 2022 (ਬਾਕੀ ਸਫ਼ਾ 29 'ਤੇ)

## ਕੈਨੇਡਾ 'ਚ ਪੰਜਾਬੀ ਬੋਲੀ ਨੂੰ ਮਿਲਦੈ ਵਿਸ਼ੇਸ਼ ਸਨਮਾਨ

ਹਾਲ ਹੀ ਵਿੱਚ ਜਾਰੀ ਵੇਰਵਿਆਂ ਮੁਤਾਬਕ ਅੰਗਰੇਜ਼ੀ, ਫ੍ਰੈਂਚ ਅਤੇ ਮੈਂਡਰਿਨ ਤੋਂ ਬਾਅਦ ਪੰਜਾਬੀ, ਕੈਨੇਡਾ ਦੇ ਘਰਾਂ ਵਿੱਚ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਪਰ ਸਟੈਟਿਸਟਿਕਸ ਕੈਨੇਡਾ ਦੁਆਰਾ ਹਾਲ ਹੀ ਵਿੱਚ ਜਾਰੀ ਕੀਤੇ ਗਏ 2021 ਦੇ ਮਰਦਮਸ਼ੁਮਾਰੀ ਦੇ ਅੰਕੜੇ ਇਹ ਵੀ ਦੱਸਦੇ ਹਨ ਕਿ ਮਾਂ-ਬੋਲੀ ਵਜੋਂ ਪੰਜਾਬੀ ਬੋਲੀ ਤੀਜੇ ਸਥਾਨ 'ਤੇ ਹੈ ਅਤੇ ਮੈਂਡਰਿਨ ਤੋਂ ਅੱਗੇ ਹੈ। ਪੰਜਾਬੀ ਨੂੰ ਮਾਤ ਭਾਸ਼ਾ ਦੇ ਤੌਰ 'ਤੇ ਦੱਸਣ ਵਾਲਿਆਂ ਦੀ ਗਿਣਤੀ 7.63 ਲੱਖ ਤੋਂ ਵੱਧ ਹੈ, ਜਦੋਂ ਕਿ ਮੈਂਡਰਿਨ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 7.30 ਲੱਖ ਹੈ।




'ਮਦਰ ਟੰਗ ਬਾਏ ਜਿਓਗ੍ਰਾਫੀ' ਦੇ ਅੰਕੜਿਆਂ ਅਨੁਸਾਰ ਪੰਜਾਬੀ ਮਾਤ ਭਾਸ਼ਾ ਦੇ ਤੌਰ 'ਤੇ ਸ਼੍ਰੇਣੀ ਵਿੱਚ 8.6% ਅਤੇ ਕੁੱਲ ਆਬਾਦੀ ਦਾ 2.1% ਹੈ। ਮਾਤ ਭਾਸ਼ਾ ਦੇ ਤੌਰ 'ਤੇ ਮੈਂਡਰਿਨ ਦੀ ਸ਼੍ਰੇਣੀ ਵਿੱਚ 8.3% ਹਨ ਅਤੇ ਕੁੱਲ ਆਬਾਦੀ ਦਾ 2% ਬਣਾਉਂਦੇ ਹਨ। ਜਿਨ੍ਹਾਂ ਦੀ ਮਾਂ-ਬੋਲੀ ਅੰਗਰੇਜ਼ੀ ਹੈ, ਉਨ੍ਹਾਂ ਦੀ ਗਿਣਤੀ 2.13 ਕਰੋੜ ਅਤੇ ਫ੍ਰੈਂਚ ਮਾਤ-ਭਾਸ਼ਾ 76.51 ਲੱਖ ਹੈ। ਇਹ ਅੰਕੜੇ ਕੈਨੇਡਾ ਦੇ ਵੱਖ-ਵੱਖ ਰਾਜਾਂ ਵਿੱਚ ਪੰਜਾਬੀਆਂ ਦੀ ਵੰਡ ਵੀ ਪ੍ਰਦਾਨ ਕਰਦੇ ਹਨ ਅਤੇ ਓਂਟਾਰੀਓ 3.03 ਲੱਖ ਦੀ ਆਬਾਦੀ ਦੇ ਨਾਲ ਸਭ ਤੋਂ ਉੱਪਰ ਹੈ, ਬ੍ਰਿਟਿਸ਼ ਕੋਲੰਬੀਆ 2.71 ਲੱਖ ਨਾਲ ਬਾਅਦ ਵਿੱਚ ਹੈ। ਅਲਬਰਟਾ ਵਿੱਚ 1,03,965 ਲੋਕ ਹਨ ਜਦੋਂ ਕਿ ਮੈਨੀਟੋਬਾ ਵਿੱਚ 37,870 ਲੋਕ ਪੰਜਾਬੀ ਮਾਂ-ਬੋਲੀ ਦੇ ਰੂਪ ਵਿੱਚ ਹਨ ਅਤੇ ਕਿਊਬਿਕ ਵਿੱਚ ਪੰਜਾਬੀ ਮੂਲ ਦੇ 27,460 ਵਿਅਕਤੀ ਹਨ।




ਮਰਦਮਸ਼ੁਮਾਰੀ 2021 ਵਿੱਚ ਮੁੱਖ ਤੌਰ 'ਤੇ ਜਾਂ ਜ਼ਿਆਦਾਤਰ ਘਰਾਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 5.2 ਲੱਖ ਸੀ, ਜਦੋਂ ਕਿ ਘਰ ਵਿੱਚ ਅਕਸਰ ਮੈਂਡਰਿਨ ਬੋਲਣ ਵਾਲਿਆਂ ਦੀ ਗਿਣਤੀ 5.3 ਲੱਖ ਸੀ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਲਗਭਗ 2.33 ਲੱਖ ਲੋਕ ਪੰਜਾਬੀ ਮਾਂ-ਬੋਲੀ ਦੇ ਤੌਰ 'ਤੇ ਅਕਸਰ ਘਰ ਵਿੱਚ ਦੂਜੀ ਭਾਸ਼ਾ ਬੋਲਦੇ ਹਨ। ਪੰਜਾਬੀ, ਹਿੰਦੀ ਸਮੇਤ ਹੋਰ ਭਾਰਤੀ ਭਾਸ਼ਾਵਾਂ (2.24 ਲੱਖ) ਨਾਲੋਂ ਕਾਫ਼ੀ ਅੱਗੇ ਹਨ।

# ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਨਾ ਕੀਤੀ ਗਈ ਤਾਂ ਟੁੱਟ ਜਾਵੇਗਾ ਭਾਰਤ :ਓਬਾਮਾ

ਪਿਛਲੇ ਹਫ਼ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸੀਐਨ ਐਨ ਟੀ ਵੀ ਨੂੰ ਦਿੱਤੀ ਗਈ ਇਕ ਸਟੇਟਮੈਂਟ ਨੇ ਭਾਰਤ ਸਰਕਾਰ ਨੂੰ ਦੁਬਿਧਾ ਵਿੱਚ ਪਾ ਦਿੱਤਾ ਹੈ। ਇਹ ਸਟੇਟਸਮੈਂਟ ਉਸ ਸਮੇਂ ਦਿੱਤੀ ਗਈ, ਜਦੋਂ ਨਰਿੰਦਰ ਮੋਦੀ ਅਮਰੀਕਾ ਦੇ ਦੌਰੇ ਤੇ ਸਨ ਤੇ ਉਹਨਾਂ ਦੇ ਆਪਣੇ ਦੇਸ਼ ਵਿੱਚ ਇਕ ਲਹਿਰ ਬਣਾਈ ਜਾ ਰਹੀ ਸੀ ਕਿ ਮੋਦੀ ਜੀ ਵਿਸ਼ਵ ਗੁਰੂ ਬਣ ਗਏ ਹਨ।

ਅਮਰੀਕੀ ਟੈਲੀਵਿਜ਼ਨ ਨੈੱਟਵਰਕ ਸੀਐਨਐਨ ਦੀ ਪੱਤਰਕਾਰ ਕ੍ਰਿਸਟੀਅਨ ਅਮਾਨਪੋਰ ਨਾਲ ਗਲਬਾਤ ਕਰਦਿਆਂ ਓਬਾਮਾ ਨੇ ਕਿਹਾ ਕਿ ਭਾਰਤ ਵਿੱਚ ਹਿੰਦੂ ਭਾਈਚਾਰਾ ਜ਼ਿਆਦਾ ਅਤੇ ਮੁਸਲਮਾਨਾਂ ਦੀ ਸਰੁਖਿਆ ਨੂੰ ਖੁੱਲੀ ਚਰਚਾ ਹੋਣੀ ਚਾਹੀਦੀ ਹੈ।



ਸੀਐਨਐਨ ਦੀ ਇੱਕ ਮਹਿਲਾ ਰਿਪੋਰਟਰ ਵੱਲੋਂ ਇਹ ਸਵਾਲ ਪੁੱਛਿਆ ਗਿਆ ਕਿ ਓਬਾਮਾ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਪੀਐਮ ਮੋਦੀ ਵਰਗੇ ਨੇਤਾਵਾਂ ਨਾਲ ਪੋਟਸ ਯਾਨੀ ਅਮਰੀਕੀ ਰਾਸ਼ਟਰਪਤੀ ਦੇ ਰੂਪ ਵਿੱਚ ਕਿਵੇਂ ਗੱਲ ਕਰਨਗੇ, ਜਿਨ੍ਹਾਂ ਨੂੰ ਤਾਨਾਸ਼ਾਹ ਅਤੇ ਗੈਰ-ਲੋਕਤੰਤਰੀ ਮੰਨਿਆ ਜਾਂਦਾ ਹੈ।

ਓਬਾਮਾ ਨੇ ਕਿਹਾ ਕਿ ਜਦੋਂ ਮੈਂ ਰਾਸ਼ਟਰਪਤੀ ਸੀ, ਕੁਝ ਮਾਮਲਿਆਂ ਵਿੱਚ, ਮੈਂ ਉਨ੍ਹਾਂ ਵਿਅਕਤੀਆਂ ਨਾਲ ਪੇਸ਼ ਆਇਆ ਜੋ ਸਹਿਯੋਗੀ ਸਨ, ਪਰ ਤੁਸੀਂ ਜਾਣਦੇ ਹੋ, ਜੇ ਤੁਸੀਂ ਮੈਨੂੰ ਨਿੱਜੀ ਤੌਰ 'ਤੇ ਪੁੱਛੋ, ਕੀ ਉਨ੍ਹਾਂ ਦੀਆਂ ਸਰਕਾਰਾਂ ਜਾਂ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਨੂੰ ਚਲਾਉਣ ਦਾ ਤਰੀਕਾ ਆਦਰਸ਼ਕ ਤੌਰ 'ਤੇ ਲੋਕਤੰਤਰੀ ਕਿਹਾ ਜਾ ਸਕਦਾ ਹੈ ? ਇਸ ਲਈ ਮੈਂ ਕਹਾਂਗਾ, ਬਿਲਕੁਲ ਨਹੀਂ।

ਓਬਾਮਾ ਨੇ ਕਿਹਾ ਕਿ ਤੁਹਾਨੂੰ ਉਨ੍ਹਾਂ ਨਾਲ ਵਪਾਰ ਕਰਨਾ ਹੋਵੇਗਾ ਕਿਉਂਕਿ ਉਹ ਰਾਸ਼ਟਰੀ ਸੁਰੱਖਿਆ ਦੇ ਕਾਰਨਾਂ ਲਈ ਬਹੁਤ ਮਹੱਤਵਪੂਰਨ ਹਨ। ਤੁਸੀਂ ਜਾਣਦੇ ਹੋ ਕਿ ਉਹਨਾਂ ਦੇ ਨਾਲ ਲੰਬੇ ਵਿੱਤੀ ਹਿੱਤ ਜੁੜੇ ਹੋਏ ਹਨ।

ਓਬਾਮਾ ਨੇ ਯਾਦ ਕੀਤਾ ਕਿ ਉਨ੍ਹਾਂ ਨੇ ਵੀ ਮੋਦੀ ਨਾਲ ਜਲਵਾਯੂ ਪਰਿਵਰਤਨ ਅਤੇ ਹੋਰ ਖੇਤਰਾਂ 'ਤੇ ਕੰਮ ਕੀਤਾ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਭਾਰਤੀ ਲੋਕਤੰਤਰ ਬਾਰੇ ਚਿੰਤਾ ਪ੍ਰਗਟਾਉਣ ਲਈ ਕੂਟਨੀਤਕ ਗੱਲਬਾਤ ਬਹੁਤ ਜ਼ਰੂਰੀ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਓਬਾਮਾ ਨੇ ਕਿਹਾ ਕਿ ਤਾਨਾਸ਼ਾਹਾਂ ਜਾਂ ਲੋਕਤੰਤਰ ਵਿਰੋਧੀ ਨੇਤਾਵਾਂ ਨੂੰ ਮਿਲਣਾ ਅਮਰੀਕੀ ਰਾਸ਼ਟਰਪਤੀ ਦੇ ਔਖੇ ਪਲਾਂ ਵਿੱਚੋਂ ਇੱਕ ਹੈ।

ਓਬਾਮਾ ਨੇ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਗਲਬਾਤ ਦੌਰਾਨ ਭਾਰਤ ਵਿੱਚ ਘੱਟ ਗਿਣਤੀ ਮੁਸਲਮਾਨਾਂ ਦੀ ਸੁਰੱਖਿਆ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਂਝ, ਜੇਕਰ ਮੈਂ ਪ੍ਰਧਾਨ ਮੰਤਰੀ ਮੋਦੀ, ਜਿਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਨਾਲ ਗੱਲ ਕਰਾਂ, ਤਾਂ ਮੇਰਾ ਸਟੈਂਡ ਇਹ ਹੋਵੇਗਾ ਕਿ ਜੇਕਰ ਤੁਸੀਂ ਭਾਰਤ ਦੀਆਂ ਘੱਟ-ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ ਨਹੀਂ ਕਰਦੇ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਕਿਸੇ ਸਮੇਂ ਭਾਰਤ ਟੁੱਟਣਾ ਸ਼ੁਰੂ ਹੋ ਜਾਵੇਗਾ। ਅਸੀਂ ਦੇਖਿਆ ਹੈ ਕਿ ਕੀ ਹੁੰਦਾ ਹੈ ਜਦੋਂ ਇਸ ਤਰ੍ਹਾਂ ਦੇ ਬਹੁਤ ਸਾਰੇ ਅੰਦਰੂਨੀ ਵਿਵਾਦ ਪੈਦਾ ਹੁੰਦੇ ਹਨ...ਮੇਰੇ ਖਿਆਲ ਵਿੱਚ ਇਹਨਾਂ ਸਾਰੇ ਮੁੱਦਿਆਂ ਬਾਰੇ ਇਮਾਨਦਾਰ ਗੱਲਬਾਤ ਕਰਨਾ ਬਹੁਤ ਮਹੱਤਵਪੂਰਨ ਹੈ।

## ਅਮਰੀਕਾ ਦੇ 75 ਡੈਮੋਕ੍ਰੇਟ ਸੰਸਦ ਮੈਂਬਰਾਂ ਵੱਲੋਂ ਪੱਤਰ



ਅਮਰੀਕਾ ਦੇ 75 ਡੈਮੋਕ੍ਰੇਟ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਜੋਅ ਬਿਡੇਨ ਨੂੰ ਪੱਤਰ ਲਿਖ ਕੇ ਭਾਰਤ ਦੇ ਪੀਐਮ ਮੋਦੀ ਨਾਲ ਗੱਲਬਾਤ ਵਿੱਚ ਮਨੁੱਖੀ ਅਧਿਕਾਰਾਂ ਦੇ ਸਾਰੇ ਮੁੱਦਿਆਂ ਬਾਰੇ ਗੱਲ ਕਰਨ ਲਈ ਕਿਹਾ। ਜਿਸ ਵਿੱਚ ਧਾਰਮਿਕ ਆਜ਼ਾਦੀ, ਪ੍ਰੈਸ ਦੀ ਆਜ਼ਾਦੀ, ਸਿਵਲ ਸੋਸਾਇਟੀ ਸਮੂਹਾਂ 'ਤੇ ਸਰਕਾਰੀ ਹਮਲੇ ਅਤੇ ਇੰਟਰਨੈਟ ਬੰਦ ਵਰਗੇ ਮੁੱਦੇ ਸ਼ਾਮਲ ਹਨ।

ਅਮਰੀਕੀ ਸੰਸਦ ਮੈਂਬਰ ਇਲਹਾਨ ਉਮਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਘੱਟ ਗਿਣਤੀਆਂ ਦਾ ਦਮਨ ਕੀਤਾ ਹੈ ਅਤੇ ਪੱਤਰਕਾਰਾਂ/ਮਨੁੱਖੀ ਅਧਿਕਾਰਾਂ ਦੇ ਵਕੀਲਾਂ ਨੂੰ ਨਿਸ਼ਾਨਾ ਬਣਾਇਆ ਹੈ। ਉਹਨਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦਾ ਬਾਈਕਾਟ ਕੀਤਾ ਹੈ। ਅਮਰੀਕੀ ਸੰਸਦ ਮੈਂਬਰਾਂ ਨੇ ਕਿਹਾ ਕਿ ਉਹ ਭਾਰਤ ਵਿੱਚ ਧਾਰਮਿਕ ਅਸਹਿਣਸ਼ੀਲਤਾ, ਪ੍ਰੈਸ ਦੀ ਆਜ਼ਾਦੀ, ਇੰਟਰਨੈਟ ਬੰਦ ਕਰਨ ਅਤੇ ਨਾਗਰਿਕ ਸਮਾਜ ਸਮੂਹਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਿੰਤਤ ਹਨ। ਅਮਰੀਕੀ ਸੰਸਦ ਮੈਂਬਰਾਂ ਨੇ ਆਪਣੇ ਪੱਤਰ 'ਚ ਲਿਖਿਆ ਕਿ ਅਸੀਂ ਕਿਸੇ ਖਾਸ ਭਾਰਤੀ ਨੇਤਾ ਜਾਂ ਸਿਆਸੀ ਪਾਰਟੀ ਦਾ ਸਮਰਥਨ ਨਹੀਂ ਕਰਦੇ। ਇਹ ਭਾਰਤ ਦੇ ਲੋਕਾਂ ਦਾ ਫੈਸਲਾ ਹੈ। ਪਰ ਅਸੀਂ ਉਨ੍ਹਾਂ ਮਹੱਤਵਪੂਰਨ ਸਿਧਾਂਤਾਂ 'ਤੇ ਖੜ੍ਹੇ ਹਾਂ ਜੋ ਅਮਰੀਕੀ ਵਿਦੇਸ਼ ਨੀਤੀ ਦਾ ਮੁੱਖ ਹਿੱਸਾ ਬਣਦੇ ਹਨ ਕੁੱਲ 75 ਡੈਮੋਕਰੇਟਿਕ ਸੈਨੇਟਰਾਂ ਅਤੇ ਪ੍ਰਤੀਨਿਧੀ ਸਭਾ ਦੇ ਮੈਂਬਰਾਂ ਨੇ ਪੱਤਰ 'ਤੇ ਦਸਤਖਤ ਕੀਤੇ ਹਨ ਅਤੇ ਇਹ ਪੱਤਰ ਵ੍ਹਾਈਟ ਹਾਊਸ ਨੂੰ ਭੇਜਿਆ ਗਿਆ ਸੀ।

## ਮੋਦੀ ਨੇ ਪਹਿਲੀ ਵਾਰ ਪੱਤਰਕਾਰ ਦੇ ਸਵਾਲ ਦਾ ਜਵਾਬ ਦਿੱਤਾ

9 ਸਾਲ ਬਾਅਦ ਵਾਸ਼ਿਗਟਨ ਵਿੱਚ ਪਹਿਲੀ ਵਾਰ ਨਰਿੰਦਰ ਮੋਦੀ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੱਤਾ। ਇਹ ਗਲ ਚਰਚਾ ਵਿੱਚ ਰਹੀ। ਭਾਰਤੀ ਬੁੱਧਜੀਵੀਆਂ ਦੇ ਮੁਤਾਬਿਕ ਨਰਿੰਦਰ ਮੋਦੀ ਨੂੰ ਸਵਾਲ ਸੁਣਨ ਦੀ ਆਦਤ ਨਹੀਂ ਹੈ, ਜੇ ਭਾਰਤ ਵਿੱਚ ਕੋਈ ਸਵਾਲ ਪੁੱਛਦਾ ਹੈ ਤਾਂ ਅਚਾਨਕ ਉਸ ਨੂੰ ਸਮੂਹਿਕ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਜੇਲ੍ਹ ਜਾਣਾ ਪੈਂਦਾ ਹੈ ਜਾਂ ਉਸ ਨੂੰ ਸ਼ੋਸਲ ਮੀਡੀਆ 'ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਜੇ ਕੋਈ ਨੇਤਾ ਭੁੱਲ ਭੁਲੇਖੇ ਸਵਾਲ ਖੜੇ ਕਰਦਾ ਹੈ ਤਾਂ ਉਸਦੇ ਮਗਰ ਸੀ.ਬੀ. ਆਈ., ਈ.ਡੀ., ਆਮਦਨ ਟੈਕਸ ਵਰਗੀਆਂ ਏਜੰਸੀਆਂ ਦੇ ਛਾਪੇ ਮਰਵਾਏ ਜਾਂਦੇ ਹਨ। ਪਹਿਲੀ ਵਾਰ ਪੱਤਰਕਾਰ ਦੇ ਸਵਾਲ ਦੇ ਜਵਾਬ ਵੀ ਮੋਦੀ ਜੀ ਠੀਕ ਤਰਾਂ ਨਹੀਂ ਦੇ ਸਕੇ



ਕਿਉਂਕਿ ਸਵਾਲ ਸੀ ਕਿ ਮੁਸਲਮਾਨਾਂ ਭਾਈਚਾਰੇ ਦੇ ਉੱਤੇ ਭਾਰਤ ਵਿੱਚ ਜੋ ਵਿਤਕਰਾ ਹੋ ਰਿਹਾ ਹੈ, ਉਸ ਦੇ ਬਾਰੇ ਤੁਹਾਡੀ ਕੀ ਰਾਇ ਹੈ ਪਰ ਮੋਦੀ ਜੀ ਦਾ ਜਵਾਬ ਸੀ ਕਿ ਭਾਰਤ ਲੋਕਤੰਤਰੀ ਦੇਸ਼ ਹੈ। ਭਾਰਤ ਤੇ ਅਮਰੀਕਾ ਦੇ ਡੀ ਐਨ ਏ ਵਿੱਚ ਲੋਕਤੰਤਰ ਹੈ। ਹੈਰਾਣੀ ਦੀ ਗਲ ਹੈ ਕਿ ਲੋਕਤੰਤਰ ਦੀ ਗਲ ਉਹ ਸਖਸ਼ੀਅਤ ਕਰ ਰਹੀ ਸੀ ਜਿਸ ਦਾ ਨਾਮ ਗੁਜਰਾਤ ਦੰਗਿਆਂ ਅਤੇ ਹੋਰ ਘਟਨਾਵਾਂ ਦੇ ਨਾਲ ਜੋੜਿਆ ਜਾਂਦਾ ਹੈ।

## ਮੋਦੀ ਨੂੰ ਸਵਾਲ ਪੁੱਛਣ ਵਾਲੀ ਮਹਿਲਾ ਪੱਤਰਕਾਰ ਨੂੰ ਮੋਦੀ ਭਗਤਾਂ ਦੀ ਟ੍ਰੋਲਿੰਗ ਦਾ ਕਰਨਾ ਪਿਆ ਸਾਹਮਣਾ

### ਲੋਕਤੰਤਰ ਨੂੰ ਲੈ ਕੇ ਮੋਦੀ ਦੇ ਦਾਅਵਿਆਂ ਉੱਪਰ ਅਮਰੀਕਾ 'ਚ ਉੱਠੇ ਸਵਾਲ



ਵਾਸ਼ਿੰਗਟਨ/ ਏ.ਟੀ.ਨਿਊਜ਼ :ਅਮਰੀਕਾ ਦੌਰੇ 'ਤੇ ਗਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਲੋਕਤੰਤਰ ਭਾਰਤੀ ਡੀਐਨਏ 'ਚ ਸ਼ਾਮਿਲ ਹੈ ਪਰ ਜਿਸ ਤਰ੍ਹਾਂ ਉਨ੍ਹਾਂ ਤੋਂ ਸਵਾਲ ਪੁੱਛਣ ਵਾਲੀ ਔਰਤ ਪੱਤਰਕਾਰ ਨੂੰ ਮੋਦੀ ਦੇ ਸਮਰਥਕਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ, ਉਸ ਨੇ ਮੋਦੀ ਦੇ ਦਾਅਵੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਥਿਤੀ ਇਹ ਹੈ ਕਿ ਮੋਦੀ ਦੀ ਮੇਜ਼ਬਾਨੀ ਕਰ ਰਹੇ ਵ੍ਹਾਈਟ ਹਾਊਸ ਯਾਨੀ ਅਮਰੀਕੀ ਰਾਸ਼ਟਰਪਤੀ ਦੇ ਦਫ਼ਤਰ ਨੇ ਵੀ ਇਸ ਬਾਰੇ ਸਖ਼ਤ ਨਿੰਦਾ ਕੀਤੀ ਹੈ।

ਦਰਅਸਲ, ਰਾਸ਼ਟਰਪਤੀ ਜੋ ਬਿਡੇਨ ਅਤੇ ਪ੍ਰਧਾਨ ਮੰਤਰੀ ਮੋਦੀ ਸਾਂਝੇ ਤੌਰ 'ਤੇ ਪ੍ਰੈੱਸ ਦੇ ਸਾਹਮਣੇ ਪੇਸ਼ ਹੋਏ। ਮੋਦੀ ਤੋਂ ਇਕ ਸਵਾਲ ਪੁੱਛਣ ਦੀ ਇਜਾਜ਼ਤ ਸੀ। ਇਸ 'ਤੇ ਵਾਲ ਸਟ੍ਰੀਟ ਜਰਨਲ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਨੇ ਭਾਰਤ ਦੇ ਮੁਸਲਮਾਨਾਂ 'ਤੇ ਹੋ ਰਹੇ ਅਤਿਆਚਾਰਾਂ ਅਤੇ ਵਿਤਕਰੇ ਦੀਆਂ ਨੀਤੀਆਂ ਬਾਰੇ ਸਵਾਲ ਪੁੱਛੇ, ਜਿਸ 'ਤੇ ਪੀਐਮ ਮੋਦੀ ਨੇ ਕਿਹਾ ਕਿ ਲੋਕਤੰਤਰ ਭਾਰਤ ਦੇ ਡੀਐਨਏ ਵਿੱਚ ਹੈ ਅਤੇ ਕਿਸੇ ਵੀ ਪੱਧਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ।

ਪਰ ਇਸ ਦੇ ਨਾਲ ਹੀ ਸਬਰੀਨਾ ਸਿੱਦੀਕੀ ਆਨਲਾਈਨ ਟ੍ਰੋਲਿੰਗ ਦਾ ਸ਼ਿਕਾਰ ਹੋ ਗਈ। ਉਸ ਦੇ ਮੁਸਲਮਾਨ ਹੋਣ 'ਤੇ ਸਵਾਲ ਉਠਾਏ ਗਏ । ਜਦੋਂ ਕਿ ਉਸ ਦਾ ਸਵਾਲ ਉਹੀ ਸੀ ਜੋ ਅਮਰੀਕਾ ਵਿੱਚ ਸਰਗਰਮ ਸਾਰੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਉਠਾਇਆ ਸੀ। ਇੱਥੋਂ ਤੱਕ ਕਿ 75 ਅਮਰੀਕੀ ਸੰਸਦ ਮੈਂਬਰਾਂ ਨੇ ਇੱਕ ਪੱਤਰ ਲਿਖ ਕੇ ਰਾਸ਼ਟਰਪਤੀ ਬਿਡੇਨ ਨੂੰ ਇਹ ਸਵਾਲ ਪ੍ਰਧਾਨ ਮੰਤਰੀ ਮੋਦੀ ਕੋਲ ਉਠਾਉਣ ਦੀ ਅਪੀਲ ਕੀਤੀ ਗਈ ਸੀ। ਅਜਿਹੇ ਵਿੱਚ ਭਗਵੇਂਵਾਦੀਆਂ ਵੱਲੋਂ ਵਾਲ ਸਟ੍ਰੀਟ ਜਰਨਲ ਦੀ ਪੱਤਰਕਾਰ ਸਬਰੀਨਾ ਨੂੰ ਨਿਸ਼ਾਨਾ ਬਣਾਏ ਜਾਣ ਨੂੰ ਲੈ ਕੇ ਵ੍ਹਾਈਟ ਹਾਊਸ ਦੀ ਭੂਮਿਕਾ 'ਤੇ ਸਵਾਲ ਉੱਠਣ ਲਗੇ ਸਨ ।

ਅੰਤ ਵਿੱਚ, 26 ਜੂਨ ਨੂੰ ਵ੍ਹਾਈਟ ਹਾਊਸ ਵਿੱਚ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ, ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਜੌਹਨ ਕਿਰਬੀ ਨੇ ਸਬਰੀਨਾ ਨਾਲ ਜੁੜੇ ਸਵਾਲ ਦਾ ਜਵਾਬ ਦਿੱਤਾ ਕਿ ਅਸੀਂ ਸਬਰੀਨਾ ਸਿੱਦੀਕੀ ਨੂੰ ਪਰੇਸ਼ਾਨ ਕਰਨ ਦੀਆਂ ਰਿਪੋਰਟਾਂ ਤੋਂ ਜਾਣੂ ਹਾਂ, ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਵ੍ਹਾਈਟ ਹਾਊਸ ਪੱਤਰਕਾਰਾਂ ਨੂੰ ਕਿਤੇ ਵੀ ਅਤੇ ਕਿਸੇ ਵੀ ਹਾਲਾਤ ਵਿੱਚ ਤੰਗ ਕਰਨ ਦੀ ਨਿੰਦਾ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੱਤਰਕਾਰਾਂ ਨੂੰ ਪਰੇਸ਼ਾਨ ਕਰਨਾ ਲੋਕਤੰਤਰ ਦੇ ਸਿਧਾਂਤਾਂ ਦੇ ਖ਼ਿਲਾਫ਼ ਹੈ।

ਦੂਜੇ ਪਾਸੇ ਵਾਲ ਸਟ੍ਰੀਟ ਜਰਨਲ ਨੇ ਵੀ ਮੋਦੀ ਭਗਤ ਹਿੰਦੂਤਵੀਆਂ ਵੱਲੋਂ ਆਪਣੀ ਪੱਤਰਕਾਰ ਨੂੰ ਨਿਸ਼ਾਨਾ ਬਣਾਏ ਜਾਣ ਦੀ ਨਿੰਦਾ ਕੀਤੀ । ਸੰਸਥਾ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਈ

(ਬਾਕੀ ਸਫ਼ਾ 29 'ਤੇ)

## ਅਮਰੀਕਾ ਨੇ ਛੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ 'ਤੇ ਬੰਬ ਸੁੱਟੇ ਸਨ : ਸੀਤਾਰਮਨ

ਨਵੀਂ ਦਿੱਲੀ/ਏ.ਟੀ.ਨਿਊਜ਼ : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀਆਂ ਭਾਰਤੀ ਮੁਸਲਮਾਨਾਂ ਬਾਰੇ ਟਿੱਪਣੀਆਂ ਲਈ ਉਨ੍ਹਾਂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਅਮਰੀਕਾ ਨੇ ਛੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ 'ਤੇ ਬੰਬ ਸੁੱਟੇ ਸਨ।

ਉਸ ਨੇ ਕਿਹਾ ਕਿ ਓਬਾਮਾ ਦਾ ਬਿਆਨ ਹੈਰਾਨੀਜਨਕ ਹੈ ਕਿਉਂਕਿ ਛੇ ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ਾਂ ਨੇ ਜਦੋਂ ਉਹ ਅਹੁਦੇ 'ਤੇ ਸਨ ਤਾਂ ਅਮਰੀਕਾ ਦੀ 'ਬੰਬਾਰੀ' ਦਾ ਸਾਹਮਣਾ ਕੀਤਾ ਸੀ।

ਦਿੱਲੀ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਸੀ ਕਿ ਜਦੋਂ ਪ੍ਰਧਾਨ ਮੰਤਰੀ ਮੋਦੀ ਅਮਰੀਕਾ ਦਾ ਦੌਰਾ ਕਰ ਰਹੇ ਸਨ ਅਤੇ ਲੋਕਾਂ ਨੂੰ ਭਾਰਤ ਬਾਰੇ ਦੱਸ ਰਹੇ ਸਨ ਤਾਂ ਇਕ ਅਮਰੀਕੀ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਭਾਰਤੀ ਮੁਸਲਮਾਨਾਂ ਬਾਰੇ ਗੱਲ ਕਰ ਰਹੇ ਸਨ ਪਰ ਬਿਆਨ ਦੇ ਰਹੇ ਸਨ।

ਉਹਨਾਂ ਪੁੱਛਿਆ ਕਿ ਕੀ ਉਸ ਦੇ



ਕਾਰਜਕਾਲ (ਰਾਸ਼ਟਰਪਤੀ ਵਜੋਂ) ਦੌਰਾਨ ਛੇ ਦੇਸ਼ਾਂ, ਸੀਰੀਆ, ਯਮਨ, ਸਾਊਦੀ, ਇਰਾਕ ਅਤੇ ਹੋਰ ਮੁਸਲਿਮ ਦੇਸ਼ਾਂ ਵਿੱਚ ਬੰਬ ਧਮਾਕੇ ਨਹੀਂ ਹੋਏ ਸਨ ?

ਉਹਨਾਂ ਕਿਹਾ ਕਿ ਸ਼ਾਇਦ ਓਬਾਮਾ ਦੇ ਕਾਰਨ, 6 ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ 'ਤੇ ਬੰਬਾਰੀ ਕੀਤੀ ਗਈ ਸੀ ...26,000 ਤੋਂ ਵੱਧ ਬੰਬ ਸੁੱਟੇ ਗਏ ਸਨ। ਇਸ ਦੌਰਾਨ ਕਾਨਫਰੰਸ ਵਿੱਚ ਕੇਂਦਰੀ ਮੰਤਰੀ ਨੇ ਭਾਰਤ ਵਿੱਚ ਮੁਸਲਮਾਨਾਂ ਨਾਲ ਹੋ ਰਹੇ ਸਲੂਕ ਨੂੰ ਲੈ ਕੇ ਉਠਾਏ ਜਾ ਰਹੇ ਸਵਾਲਾਂ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਬਚਾਅ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਨੂੰ ਵੱਖ-ਵੱਖ ਦੇਸ਼ਾਂ ਤੋਂ ਮਿਲੇ 13 ਸਨਮਾਨਾਂ ਵਿੱਚੋਂ 6 ਅਜਿਹੇ ਦੇਸ਼ਾਂ ਦੇ ਸਨ ਜਿੱਥੇ ਮੁਸਲਮਾਨ ਬਹੁਗਿਣਤੀ ਵਿੱਚ ਹਨ।

ਸੀਤਾਰਮਨ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਪ੍ਰਧਾਨ ਮੰਤਰੀ ਨੇ ਖੁਦ ਅਮਰੀਕਾ 'ਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ 'ਸਬਕਾ ਸਾਥ ਸਬਕਾ ਵਿਕਾਸ' ਦੇ ਸਿਧਾਂਤ 'ਤੇ ਕੰਮ ਕਰਦੀ ਹੈ ਅਤੇ ਕਿਸੇ ਵੀ ਭਾਈਚਾਰੇ ਨਾਲ ਵਿਤਕਰਾ ਨਹੀਂ ਕਰਦੀ, ਪਰ ਅਸਲੀਅਤ ਇਹ ਹੈ ਕਿ ਵਾਰ-ਵਾਰ ਲੋਕ ਇਸ ਬਹਿਸ ਵਿੱਚ ਸ਼ਾਮਲ ਹੁੰਦੇ ਹਨ ਅਤੇ ਉਹਨਾਂ ਮੁੱਦਿਆਂ ਨੂੰ ਉਜਾਗਰ ਕਰਦੇ ਹਨ ਜੋ ਇੱਕ ਤਰ੍ਹਾਂ ਦੇ ਗੈਰ-ਮੁੱਦੇ ਹਨ ਕਿਉਂਕਿ ਜੇਕਰ ਰਾਜਾਂ ਵਿੱਚ ਬਹੁਤ ਸਾਰੇ ਮੁੱਦੇ ਹਨ ਜੋ ਉਠਾਉਣੇ ਹਨ ਤਾਂ ਉਹ ਰਾਜ ਪੱਧਰ 'ਤੇ ਉਠਾਏ ਜਾ ਰਹੇ ਹਨ।

# ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਨੂੰ ਲੈ ਕੇ ਹੋ ਰਹੇ ਨੇ ਕਈ ਹੈਰਾਨੀਜਨਕ ਖ਼ੁਲਾਸੇ

## ਕਤਲ ਮਗਰੋਂ ਸਿੱਖ ਐਮ.ਪੀ. ਦੇ ਵਫ਼ਦ ਨੇ ਜਨਤਕ ਸੁਰੱਖਿਆ ਮੰਤਰੀ ਨਾਲ ਕੀਤੀ ਮੁਲਾਕਾਤ

## ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਕੈਨੇਡਾ ਸਰਕਾਰ ਨੂੰ ਭਾਰਤੀ ਏਜੰਸੀਆਂ ਬਾਰੇ ਪੜਤਾਲ ਕਰਨ ਦੀ ਅਪੀਲ

ਸਰੀ/ਏ.ਟੀ.ਨਿਊਜ਼: ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਧਾਨ ਤੇ ਖਾਲਿਸਤਾਨੀ ਸਮਰਥਕ ਹਰਦੀਪ ਸਿੰਘ ਨਿੱਝਰ ਦਾ ਕੁਛ ਸਮਾਂ ਪਹਿਲਾਂ ਰਾਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਾਣਕਾਰੀ ਮੁਤਾਬਕ ਜਦੋਂ ਉਹ ਗੁਰੂਘਰ ਤੋਂ ਆਪਣੇ ਘਰ ਰਵਾਨਾ ਹੋਣ ਲਈ ਆਪਣੇ ਪਿਕਅਪ ਟਰੱਕ ਵਿੱਚ ਬੈਠਾ ਤਾਂ ਅਣਪਛਾਤੇ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਕਤਲ ਮਾਮਲੇ ਨੂੰ ਲੈ ਕੇ ਵੱਖ-ਵੱਖ ਤੱਥ ਸਾਹਮਣੇ ਆ ਰਹੇ ਹਨ। ਇੱਕ ਸਥਾਨਕ ਅਖਬਾਰ ਦੀ ਰਿਪੋਰਟ ਵਿੱਚ ਦੱਸਿਆ ਗਿਆ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਕਰਨ ਵਾਲੇ ਨੂੰ ਇਨਾਮ ਦੇਣ ਸਬੰਧੀ ਇਸ਼ਤਿਹਾਰ ਕਈ ਹਫ਼ਤੇ ਤੋਂ ਇਕ ਖਾਸ ਵੈਬਸਾਈਟ 'ਤੇ ਨਜ਼ਰ ਆ ਰਿਹਾ ਸੀ। ਉਥੇ ਹੀ ਦੂਜੇ ਪਾਸੇ ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਮਾਮਲੇ ਦੀ ਜਾਂਚ ਅੱਗੇ ਵਧਾਉਂਦਿਆਂ ਕੈਨੇਡੀਅਨ ਖੁਫੀਆ ਏਜੰਸੀ ਨਾਲ ਤਾਲਮੇਲ ਸਥਾਪਤ ਕੀਤਾ ਜਾ ਰਿਹਾ ਹੈ।



ਇਸ ਤੋਂ ਇਲਾਵਾ ਕੁਝ ਰਿਪੋਰਟਾਂ ਦਾ ਇਹ ਵੀ ਕਹਿਣਾ ਹੈ ਕਿ ਹਰਦੀਪ ਸਿੰਘ ਦੇ ਪਿੱਛੇ ਉਸਦਾ ਖਾਲਿਸਤਾਨ ਹਮਾਇਤੀ ਤੇ ਭਾਰਤ ਦਾ ਕੱਟੜ ਵਿਰੋਧੀ ਹੋਣਾ ਪ੍ਰਮੁੱਖ ਕਾਰਨ ਹੋ ਸਕਦਾ ਹੈ। ਆਈ.ਐਚ.ਆਈ.ਟੀ. ਦੇ ਸਾਰਜੈਂਟ ਟਿਮੋਥੀ ਪੀਅਰੌਟੀ ਨੇ ਇਸ ਮਾਮਲੇ ਸਬੰਧੀ ਬੋਲਦਿਆਂ ਕਿਹਾ ਕਿ ਗੋਲੀਬਾਰੀ ਦੌਰਾਨ ਕਈ ਲੋਕ ਗੁਰੂ ਘਰ ਵਿੱਚ ਮੌਜੂਦ ਸਨ ਅਤੇ ਇਸ ਸਬੰਧੀ ਸਭ ਨਾਲ ਗੱਲ ਕਰਨੀ ਲਾਜ਼ਮੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਤਲ ਤੋਂ ਪਹਿਲਾਂ ਅਤੇ ਬਾਅਦ ਵਾਲੀ ਡੈਸ਼ਕੈਮ ਵੀਡੀਓ ਮਾਮਲਾ ਸੁਲਝਾਉਣ ਵਿਚ ਵੱਡੀ ਮਦਦ ਕਰ ਸਕਦੀ ਹੈ।ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕੈਨੇਡਾ ਸਰਕਾਰ ਨੂੰ ਭਾਰਤੀ ਏਜੰਸੀਆਂ ਦਖਲ ਦੇ ਨਜ਼ਰੀਏ ਤੋਂ ਪੜਤਾਲ ਕਰਨ ਦੀ ਅਪੀਲ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਕੈਨੇਡੀਅਨ ਸਿੱਖਾਂ ਵਾਸਤੇ ਚਿਤਾਵਨੀ ਹੈ। ਨਿੱਝਰ ਦੇ ਨਜ਼ਦੀਕੀ ਦੱਸੇ ਜਾਂਦੇ ਭੁਪਿੰਦਰ ਸਿੰਘ ਹੋਠੀ ਨੇ ਕਿਹਾ ਕਿ ਖਾਲਿਸਤਾਨ ਦਾ ਹਮਾਇਤੀ ਹੋਣ ਕਾਰਨ ਉਸ ਨੂੰ ਅਤੀਤ ਵਿਚ ਵੀ ਜਾਨੋ ਮਾਰਨ ਦੀਆਂ ਧਮਕੀਆਂ ਮਿਲ ਚੁੱਕੀਆਂ ਸਨ।

ਲਿਬਰਲ ਸੰਸਦ ਮੈਂਬਰਾਂ ਨੇ ਜਨਤਕ ਸੁਰੱਖਿਆ ਮੰਤਰੀ ਮਾਰਕੋ ਮੈਂਡੀਸੀਨੋ ਨਾਲ ਕੀਤੀ ਮੁਲਾਕਾਤ

ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਬੀਤੇ ਦਿਨ ਸਿੱਖ ਲਿਬਰਲ ਸੰਸਦ ਮੈਂਬਰਾਂ ਨੇ ਜਨਤਕ ਸੁਰੱਖਿਆ ਮੰਤਰੀ ਮਾਰਕੋ ਮੈਂਡੀਸੀਨੋ ਨਾਲ ਇਕ ਮੁਲਾਕਾਤ ਕੀਤੀ। ਇਸ ਸਬੰਧੀ ਸਰੀ-ਨਿਊਟਨ ਤੋਂ ਲਿਬਰਲ ਐਮ.ਪੀ. ਸੁੱਖ ਧਾਲੀਵਾਲ ਦਾ ਕਹਿਣਾ ਹੈ ਕਿ ਜਨਤਕ ਸੁਰੱਖਿਆ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਫੈਡਰਲ ਸਰਕਾਰ ਅਪਰਾਧਿਕ ਮਾਮਲੇ ਦੀ ਜਾਂਚ, ਸਿੱਖ ਭਾਈਚਾਰੇ ਅਤੇ ਕੈਨੇਡੀਅਨਾਂ ਦੀ ਸੁਰੱਖਿਆ ਲਈ ਸੁਰੱਖਿਆ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਇਸੇ ਦੌਰਾਨ ਜਨਤਕ ਸੁਰੱਖਿਆ ਮੰਤਰੀ ਮੇਂਡੀਸੀਨੋ ਨੇ ਆਪਣੇ ਟਵਿੱਟਰ 'ਤੇ ਕਿਹਾ ਕਿ ਉਹ ਸਰੀ ਧਾਰਮਿਕ ਸਥਾਨ 'ਤੇ ਵਾਪਰੀ ਹਿੰਸਾ ਦੀ ਘਟਨਾ ਤੋਂ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਆਰ.ਸੀ.ਐਮ.ਪੀ. ਦੀ ਜਾਂਚ ਜਾਰੀ ਹੈ ਅਤੇ ਪੁਲਿਸ ਭਾਈਚਾਰੇ ਦੀ ਸਹਾਇਤਾ ਲਈ ਮੌਜੂਦ ਹੈ।

### ਨਿੱਝਰ ਦੇ ਸਮਰਥਕਾਂ ਨੇ ਭਾਰਤੀ ਕੌਂਸਲੇਟ ਸਾਹਮਣੇ ਕੀਤਾ ਪ੍ਰਦਰਸ਼ਨ



ਕੈਨੇਡਾ ਦੇ ਸਿੱਖ ਭਾਈਚਾਰੇ ਦੇ ਮੈਂਬਰ 200 ਤੋਂ ਵੱਧ ਹੋਰ ਲੋਕਾਂ ਨਾਲ ਵੈਨਕੂਵਰ ਦੇ ਭਾਰਤੀ ਕੌਂਸਲੇਟ ਸਾਹਮਣੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਇਹਨਾਂ ਲੋਕਾਂ ਦਾ ਕਹਿਣਾ ਸੀ ਕਿ ਗੁਰਦੁਆਰਾ ਮੈਂਬਰਾਂ ਦਾ ਪੱਕਾ ਵਿਸ਼ਵਾਸ ਹੈ ਕਿ ਨਿੱਝਰ ਦੀ ਮੌਤ ਭਾਰਤੀ ਸਟੇਟ ਦੀ ਦਖਲਅੰਦਾਜ਼ੀ ਦਾ ਨਤੀਜਾ ਸੀ।ਹਾਲਾਂਕਿ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਗੋਲੀਬਾਰੀ ਨੂੰ ਵਿਦੇਸ਼ੀ ਦਖਲਅੰਦਾਜ਼ੀ ਨਾਲ ਨਹੀਂ ਜੋੜਿਆ ਹੈ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਨੂੰ ਖ਼ਤਰੇ ਵਿੱਚ ਮੰਨਣ ਦਾ ਕੋਈ ਕਾਰਨ ਨਹੀਂ ਹੈ। ਉੱਧਰ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਇਹ ਕਤਲ ਭਾਰਤ ਦੀ ਸਿੱਖ ਘੱਟ ਗਿਣਤੀ ਲਈ ਇੱਕ ਆਜ਼ਾਦ ਰਾਜ ਦੀ ਵਕਾਲਤ ਕਰਨ ਵਿੱਚ ਨਿੱਝਰ ਦੀ ਸਰਗਰਮ ਭੂਮਿਕਾ ਨਾਲ ਜੁੜਿਆ ਹੋਇਆ ਸੀ।

ਪ੍ਰਦਰਸ਼ਨਕਾਰੀਆਂ ਨੇ ਹਾਲਾਂਕਿ ਨਿੱਝਰ ਨੂੰ ਉਸਦੇ ਯਤਨਾਂ ਲਈ ਸ਼ਾਂਤਮਈ, ਨਿਮਰ ਅਤੇ ਸਮਾਜ ਵਿੱਚ ਪਿਆਰਾ ਵਿਅਕਤੀ ਦੱਸਿਆ। ਇਹਨਾਂ ਵਿੱਚ ਲੋੜਵੰਦ ਲੋਕਾਂ ਨੂੰ ਮੁਫਤ ਭੋਜਨ ਦੀ ਪੇਸ਼ਕਸ਼ ਕਰਨਾ ਅਤੇ ਸਾਬਕਾ (ਬਾਕੀ ਸਫ਼ਾ 30 'ਤੇ)

## ਤੁਰਕੀ ਨੇ 230 ਅਫ਼ਗਾਨ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਿਆ

ਕਾਬੁਲ/ਏ.ਟੀ.ਨਿਊਜ਼ : ਤੁਰਕੀ ਨੇ ਲਗਭਗ 230 ਅਫਗਾਨ ਪ੍ਰਵਾਸੀਆਂ ਨੂੰ ਡਿਪੋਰਟ ਕਰ ਦਿੱਤਾ ਹੈ।ਖਾਮਾ ਪ੍ਰੈੱਸ ਨੇ ਤੁਰਕੀ ਦੇ ਮੀਡੀਆ ਆਊਟਲੈੱਟਸ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਕੁਲ 230 ਅਫਗਾਨ ਪ੍ਰਵਾਸੀਆਂ ਨੂੰ ਨਾਕਾਫੀ ਦਸਤਾਵੇਜ਼ਾਂ ਕਾਰਨ ਵੱਖ-ਵੱਖ ਤੁਰਕੀ ਸ਼ਹਿਰਾਂ ਤੋਂ ਦੇਸ਼ ਵਾਪਸ ਭੇਜ ਦਿੱਤਾ ਗਿਆ ਹੈ।ਰਿਪੋਰਟਾਂ ਮੁਤਾਬਕ ਡਿਪੋਰਟ ਕੀਤੇ ਗਏ ਜ਼ਿਆਦਾਤਰ ਅਫਗਾਨ ਸ਼ਰਨਾਰਥੀ ਅਣਅਧਿਕਾਰਤ ਅਤੇ ਗੈਰ-ਕਾਨੂੰਨੀ ਪ੍ਰਵਾਸੀ ਸਨ।ਰਿਪੋਰਟਾਂ ਮੁਤਾਬਕ ਤੁਰਕੀ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਪੂਰਬੀ ਸ਼ਹਿਰ ਐਗਰੀ 'ਚ ਅਣਅਧਿਕਾਰਤ ਸ਼ਰਣ ਮੰਗਣ ਵਾਲਿਆਂ 'ਤੇ ਨਜ਼ਰ ਰੱਖੇਗੀ।ਖਾਮਾ ਪ੍ਰੈੱਸ ਅਨੁਸਾਰ ਪਿਛਲੇ ਸਾਲ ਦੌਰਾਨ 1,24,441 ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਚੋਂ ਤੁਰਕੀ ਦੇ ਜਨਰਲ ਡਾਇਰੈਕਟੋਰੇਟ ਆਫ਼ ਮਾਈਗ੍ਰੇਸ਼ਨ ਨੇ ਪਹਿਲਾਂ 68,290 ਅਫਗਾਨ ਸ਼ਰਣ ਬਿਨੈਕਾਰਾਂ ਨੂੰ ਦੇਸ਼ ਨਿਕਾਲਾ ਦੇਣ ਦੀ ਰਿਪੋਰਟ ਕੀਤੀ ਸੀ। ਅਗਸਤ 2021 ਵਿੱਚ ਜਦੋਂ ਤੋਂ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਮੁੜ ਕਬਜ਼ਾ ਕੀਤਾ ਹੈ, ਹਜ਼ਾਰਾਂ ਅਫਗਾਨ ਸਰੀਰਕ ਸ਼ੋਸ਼ਣ, ਤਸ਼ੱਦਦ ਜਾਂ ਕਤਲ ਦੇ ਡਰੋਂ ਗੁਆਂਢੀ ਦੇਸ਼ਾਂ ਵਿੱਚ ਭੱਜ ਗਏ ਹਨ।ਖਾਮਾ ਪ੍ਰੈੱਸ ਨੇ ਇਕ ਅਫਗਾਨ ਸ਼ਰਨਾਰਥੀ ਦੇ ਹਵਾਲੇ ਨਾਲ ਕਿਹਾ, ਅਫਗਾਨਿਸਤਾਨ ਪਰਤਣਾ ਖੁਦਕੁਸ਼ੀ ਵਰਗਾ ਹੈ।ਮੈਂ ਤੁਰਕੀ ਪਹੁੰਚਣ ਲਈ ਬਹੁਤ ਦੁੱਖ ਝੱਲੇ ਅਤੇ ਹੁਣ ਉਹ ਮੈਨੂੰ ਜ਼ਬਰਦਸਤੀ ਮੇਰੇ ਦੇਸ਼ ਵਾਪਸ ਭੇਜ ਰਹੇ ਹਨ। ਮੇਰੇ ਕੋਲ ਆਪਣੀ ਜ਼ਿੰਦਗੀ ਖਤਮ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ।ਤਾਲਿਬਾਨ ਦੇ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਜ਼ਿਆਦਾਤਰ ਅਫਗਾਨ ਪ੍ਰਵਾਸੀਆਂ ਨੇ ਇਰਾਨ, ਪਾਕਿਸਤਾਨ ਅਤੇ ਤੁਰਕੀ ਵਰਗੇ ਨੇੜਲੇ ਦੇਸ਼ਾਂ ਦੀ ਯਾਤਰਾ ਕਰਨ ਲਈ ਖਤਰਨਾਕ ਤੇ ਗੈਰ-ਕਾਨੂੰਨੀ ਰਸਤੇ ਅਪਣਾਏ।ਉਹ ਮਹੀਨਿਆਂ ਤੋਂ ਡਰ ਦੇ ਮਾਹੌਲ 'ਚ ਰਹਿ ਰਹੇ ਹਨ ਅਤੇ ਹੁਣ ਉਨ੍ਹਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ ਤੇ ਜ਼ਬਰਦਸਤੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਬਹੁਤ ਸਾਰੀਆਂ ਔਰਤਾਂ ਲਈ ਪ੍ਰੇਰਨਾ ਸਰੋਤ ਬਣੀ ਟਰੱਕ ਚਾਲਕ ਜਸਕਰਨ ਕੌਰ

ਮਿਲਾਨ: ਔਰਤਾਂ ਦਾ ਸਾਮਾਜ ਦੀ ਤਰੱਕੀ 'ਚ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ। ਅੱਜ ਬਹੁਤ ਸਾਰੀਆਂ ਔਰਤਾਂ ਸਮਾਜ ਲਈ ਪ੍ਰੇਰਨਾ ਸਰੋਤ ਵੀ ਹਨ। ਕੁੱਝ ਅਜਿਹਾ ਹੀ ਕਰ ਵਿਖਾਇਆ ਹੈ ਦ੍ਰਿੜ ਇਰਾਦਿਆਂ ਵਾਲੀ ਜਸਕਰਨ ਕੌਰ ਬੀਸਲਾ ਨੇ ਜੋ ਇਟਲੀ 'ਚ ਇੱਕ ਟਰੱਕ ਚਲਾਉਂਦੀ ਹੈ। ਸਾਲ 2008 'ਚ ਪਰਿਵਾਰ ਨਾਲ ਇਟਲੀ ਪਹੁੰਚੀ ਪੰਜਾਬ ਦੀ ਇਸ ਹੋਣਹਾਰ ਧੀ ਨੇ ਬਤੌਰ ਟਰੱਕ ਡਰਾਇਵਰ ਇਸ ਖਿੱਤੇ ਨੂੰ ਚੁਣ ਕੇ ਨਵੀਂ ਮਿਸਾਲ ਪੈਦਾ ਕੀਤੀ ਹੈ।

ਜਸਕਰਨ ਦੱਸਦੀ ਹੈ ਕਿ ਉਸ ਨੂੰ ਡਰਾਈਵਿੰਗ ਦਾ ਬੇਹੱਦ ਸ਼ੌਂਕ ਹੈ, ਜਿਸ ਕਰਕੇ ਉਸ ਨੇ ਇਸ ਨੌਕਰੀ ਨੂੰ ਚੁਣਿਆ। ਉਸ ਨੇ ਦੱਸਿਆ ਕਿ ਉਸ ਨੇ ਹਮੇਸ਼ਾ ਹੀ ਕੁੱਝ ਵੱਖਰਾ ਕਰਨ ਨੂੰ ਤਰਜੀਹ ਦਿੱਤੀ। ਜਸਕਰਨ ਕੌਰ ਬੀਸਲਾ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਨਵਾਂਸ਼ਹਿਰ ਤਹਿਸੀਲ 'ਚ ਸਥਿਤ ਪਿੰਡ ਬੀਸਲਾ ਦੀ ਰਹਿਣ ਵਾਲੀ ਹੈ।

ਉਸ ਨੇ ਅੱਗੇ ਕਿਹਾ ਕਿ ਉਸ ਦੇ ਪਰਿਵਾਰ ਨੇ ਉਸ ਦਾ ਪੂਰਾ ਸਾਥ ਦਿੱਤਾ ਅਤੇ ਅੱਜ ਉਹ ਆਪਣੇ ਸ਼ੌਂਕ ਅਤੇ ਸੁਪਨੇ ਨੂੰ ਪੂਰਾ ਕਰਨ ਦੇ ਨਾਲ-ਨਾਲ ਵਧੀਆ ਪੈਸੇ ਵੀ ਕਮਾ ਰਹੀ ਹੈ। ਜਸਕਰਨ ਨੇ ਇਟਲੀ ਵੱਸਦੀਆਂ ਹੋਰ ਪੰਜਾਬਣਾਂ ਨੂੰ ਵੀ ਟਰੱਕ ਡਰਾਈਵਿੰਗ ਦੇ ਖਿੱਤੇ 'ਚ ਆਪਣੇ ਹੱਥ ਅਜ਼ਮਾਉਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਟਰੱਕ ਚਲਾਉਣਾ ਕੋਈ ਬਹੁਤ ਔਖਾ ਨਹੀਂ ਹੈ ਅਤੇ ਇਸ ਖਿੱਤੇ 'ਚ ਤਨਖ਼ਾਹ ਵੀ ਚੰਗੀ ਮਿਲਦੀ ਹੈ। ਜਸਕਰਨ ਕੌਰ ਬੀਸਲਾ ਦੇ ਪਤੀ ਲਖਵੀਰ ਸਿੰਘ ਬੀਸਲਾ ਨੇ ਦੱਸਿਆ ਕੀ ਉਸ ਦੀ ਪਤਨੀ ਨੇ ਬਹੁਤ ਜਲਦੀ ਟਰੱਕ ਚਲਾਉਣਾ ਸਿੱਖ ਲਿਆ ਸੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

(ਬਾਕੀ ਸਫ਼ਾ 30 'ਤੇ)

# ਅਮਰੀਕਾ ਖ਼ਬਰਨਾਮਾ

## ਯੂ.ਐਸ.ਏ. 'ਚ ਘਟ ਰਹੀ ਜਨਮ ਦਰ ਕਾਰਨ ਬਜ਼ੁਰਗਾਂ ਦੀ ਵਧੀ ਆਬਾਦੀ

### ਅਮਰੀਕਾ ਦੀ ਕਾਰਜ ਸ਼ਕਤੀ, ਆਰਥਿਕਤਾ ਅਤੇ ਸਮਾਜਿਕ ਪ੍ਰੋਗਰਾਮਾਂ ਲਈ ਬਣੀ ਚੁਣੌਤੀ

ਕੈਲੀਫੋਰਨੀਆ/ਏ.ਟੀ.ਨਿਊਜ਼ : ਅਮਰੀਕਾ ਵਿੱਚ ਔਸਤ ਉਮਰ 38.9 ਦੇ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ ਹੈ। 80ਵਿਆਂ ਵਿੱਚ ਇਹ ਔਸਤਨ 30 ਸਾਲ ਸੀ। ਇਸ ਸਦੀ ਦੇ ਸ਼ੁਰੂ ਵਿੱਚ ਇਹ ਵਧ ਕੇ 35 ਸਾਲ ਹੋ ਗਈ। ਭਾਵੇਂ ਕਿ 38 ਸਾਲਾਂ ਦੇ ਬਹੁਤ ਸਾਰੇ ਲੋਕ ਅਜੇ ਵੀ ਆਪਣੇ ਆਪ ਨੂੰ ਜਵਾਨ ਮੰਨਦੇ ਹਨ, ਇਹ ਔਸਤ ਕਿਸੇ ਵੀ ਦੇਸ਼ ਲਈ ਬਹੁਤ ਜ਼ਿਆਦਾ ਹੈ।

ਨਵੀਂ ਜਾਣਕਾਰੀ ਇਸ ਗੱਲ ਦਾ ਹੋਰ ਸਬੂਤ ਹੈ ਕਿ ਕਈ ਯੂਰਪੀ ਅਤੇ ਏਸ਼ੀਆਈ ਦੇਸ਼ਾਂ ਦੀ ਤਰ੍ਹਾਂ ਅਮਰੀਕਾ ਵਿੱਚ ਵੀ ਬਜ਼ੁਰਗਾਂ ਦੀ ਗਿਣਤੀ ਵਧ ਰਹੀ ਹੈ। ਇਹ ਦੇਸ਼ ਦੀ ਕਾਰਜ ਸ਼ਕਤੀ, ਆਰਥਿਕਤਾ ਅਤੇ ਸਮਾਜਿਕ



ਪ੍ਰੋਗਰਾਮਾਂ ਲਈ ਚੁਣੌਤੀਆਂ ਪੈਦਾ ਕਰ ਰਿਹਾ ਹੈ। ਡੈਮੋਗ੍ਰਾਫਿਕ ਡੇਟਾ ਫਰਮ ਸੋਸ਼ਲ ਐਕਸਪਲੋਰਰ ਦੇ ਪ੍ਰਧਾਨ ਐਂਡਰਿਊ ਏ. ਬੇਵਰਿਜ ਨੇ ਕਿਹਾ - ਘੱਟ ਬੱਚੇ ਪੈਦਾ ਹੋ ਰਹੇ ਹਨ। ਘੱਟ ਜਨਮ ਦਰ ਕਾਰਨ ਦੇਸ਼ ਦੀ ਔਸਤ ਉਮਰ ਵਧ ਰਹੀ ਹੈ।

ਕੋਰੋਨਾ ਪੀਰੀਅਡ ਦੇ ਪਹਿਲੇ ਸਾਲ ਵਿੱਚ ਜਨਮ ਦਰ ਵਿੱਚ ਭਾਰੀ ਗਿਰਾਵਟ ਆਈ ਹੈ। ਉਦੋਂ ਤੋਂ, ਇਹ ਸਥਿਰ ਹੋ ਗਿਆ ਹੈ ਪਰ, 2007 ਵਿੱਚ ਮਹਾਨ ਮੰਦੀ ਦੀ ਸ਼ੁਰੂਆਤ ਤੋਂ, ਅੱਜ ਦੀ ਪੀੜ੍ਹੀ ਵਿੱਚ ਉਪਜਾਊ ਸ਼ਕਤੀ ਪਿਛਲੀਆਂ ਪੀੜ੍ਹੀਆਂ ਦੇ ਮੁਕਾਬਲੇ ਬਹੁਤ ਘੱਟ ਰਹੀ ਹੈ। ਇਹ ਰੁਝਾਨ ਵਿਸ਼ਵ ਭਰ ਵਿੱਚ ਹੈ।

ਨਾਰਵੇ, ਸਵੀਡਨ ਅਤੇ ਫਿਨਲੈਂਡ ਵਰਗੇ ਦੇਸ਼, ਜਿਨ੍ਹਾਂ ਕੋਲ ਅਮਰੀਕਾ ਨਾਲੋਂ ਮਜ਼ਬੂਤ ਸਮਾਜਿਕ ਪ੍ਰੋਗਰਾਮ ਹਨ, ਵੀ ਪ੍ਰਭਾਵਿਤ ਹੋ ਰਹੇ ਹਨ।

(ਬਾਕੀ ਸਫ਼ਾ 31 'ਤੇ)

## ਰਿਪਬਲਿਕਨਾਂ ਲਈ ਟਰੰਪ ਨੂੰ ਪਛਾੜਨਾ ਬਹੁਤ ਮੁਸ਼ਕਲ

### ਤਾਜ਼ਾ ਸਰਵੇਖਣ ਅਨੁਸਾਰ ਟਰੰਪ ਨੇ ਵਿਵਾਦਾਂ ਦੇ ਬਾਵਜੂਦ ਸਾਰਿਆਂ ਨੂੰ ਪਿੱਛੇ ਛੱਡਿਆ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਸਾਲ 2024 ਦੌਰਾਨ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਰਿਪਬਲੀਕਨ ਪਾਰਟੀ ਵੱਲੋਂ ਚੋਣ ਲੜਨ ਲਈ ਹੁਣ ਤੱਕ ਕਈ ਉਮੀਦਵਾਰ ਆ ਚੁੱਕੇ ਹਨ ਪਰ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮੁੱਖ ਮੁਕਾਬਲਾ ਡੋਨਾਲਡ ਟਰੰਪ ਅਤੇ ਰੋਨ ਡੀਸੈਂਟਿਸ ਵਿਚਾਲੇ ਹੋਵੇਗਾ। ਰਾਸ਼ਟਰੀ ਐਨਬੀਸੀ ਨਿਊਜ਼ ਪੋਲ ਦੇ ਅਨੁਸਾਰ, 2024 ਜੀਓਪੀ ਰਾਸ਼ਟਰਪਤੀ ਅਹੁਦੇ ਸੰਬੰਧੀ ਨਾਮਜ਼ਦਗੀ ਦੀ ਦੌੜ ਵਿੱਚ ਰਿਪਬਲੀਕਨ ਪ੍ਰਾਇਮਰੀ ਵੋਟਰਾਂ ਵਿਚਾਲੇ ਡੋਨਾਲਡ ਟਰੰਪ ਨੇ ਆਪਣੇ ਵਿਰੋਧੀ ਰੋਨ ਡੀਸੈਂਟਿਸ ਨੂੰ 29-ਅੰਕਾਂ ਨਾਲ ਪਛਾੜਿਆ ਹੈ। 51% ਵੋਟਰਾਂ ਨੇ ਰਾਸ਼ਟਰਪਤੀ ਅਹੁਦੇ ਲਈ ਰਿਪਬਲੀਕਨ ਪ੍ਰਾਇਮਰੀ ਲਈ ਟਰੰਪ ਨੂੰ



ਆਪਣੀ ਪਹਿਲੀ ਪਸੰਦ ਵਜੋਂ ਚੁਣਿਆ, ਜਦੋਂ ਕਿ ਸਿਰਫ 22% ਨੇ ਡੀਸੈਂਟਿਸ ਨੂੰ ਚੁਣਿਆ ਹੈ। ਸਰਵੇਖਣ ਵਿੱਚ 7% ਨੇ ਮਾਈਕ ਪੇਂਸ ਨੂੰ ਚੁਣਿਆ, 4% ਨੇ ਨਿੱਕੀ ਹੇਲੀ ਨੂੰ ਚੁਣਿਆ ਅਤੇ ਬਾਕੀ ਪ੍ਰਤੀਸ਼ਤ ਹੋਰ ਉਮੀਦਵਾਰਾਂ ਦੇ ਕੋਲ ਗਿਆ ਹੈ।

ਦੱਸ ਦੇਈਏ ਕਿ ਇਹ ਵੋਟਿੰਗ 16 ਜੂਨ ਤੋਂ 20 ਜੂਨ ਦਰਮਿਆਨ ਹੋਈ ਸੀ। ਇਹ ਉਹ ਵਕਤ ਹੈ ਜਦੋਂ ਇੱਕ ਸੰਘੀ ਗ੍ਰੈਂਡ ਜਿਊਰੀ ਨੇ 2022 ਵਿੱਚ ਟਰੰਪ ਨੂੰ ਉਸ ਦੇ ਮਾਰ-ਏ-ਲਾਗੋ ਨਿਵਾਸ ਵਿੱਚ ਲੱਭੇ ਗਏ ਗੁਪਤ ਦਸਤਾਵੇਜ਼ਾਂ ਦੀ ਦੁਰਪ੍ਰਯੋਗ ਲਈ ਦੋਸ਼ੀ ਠਹਿਰਾਇਆ ਸੀ। ਅਮਰੀਕਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਸਾਬਕਾ ਰਾਸ਼ਟਰਪਤੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਪਬਲਿਕ ਓਪੀਨੀਅਨ ਸਟ੍ਰੈਟਿਜੀਜ਼ ਦੇ ਰਿਪਬਲੀਕਨ ਪੋਲਸਟਰ ਬਿਲ ਮੈਕਇੰਟਰਫ ਨੇ ਕਿਹਾ ਕਿ ਸਾਨੂੰ ਇਸ ਸਰਵੇਖਣ ਵਿੱਚ ਕੋਈ ਇਸ਼ਾਰਾ ਨਹੀਂ ਮਿਲਿਆ ਕਿ ਇਸ ਦਾ ਉਸ ਦੀ ਸਥਿਤੀ 'ਤੇ ਮਾੜਾ ਪ੍ਰਭਾਵ ਪਿਆ ਹੋਵੇ।

ਸੰਘੀ ਦੋਸ਼ਾਂ ਤੋਂ ਬਾਅਦ ਨਾ ਸਿਰਫ਼ ਰਿਪਬਲੀਕਨ ਵੋਟਰ ਟਰੰਪ ਦੇ ਨਾਲ ਖੜ੍ਹੇ ਹਨ ਸਗੋਂ ਅਜਿਹੇ ਬਹੁਤ ਸਾਰੇ ਸੰਕੇਤ ਮਿਲੇ ਹਨ ਕਿ ਟਰੰਪ ਦਾ ਸਮਰਥਨ ਵਧ ਰਿਹਾ ਹੈ ਜਾਂ ਹੋਰ ਲੋਕ, ਖਾਸ ਕਰਕੇ ਰੋਨ ਡੀਸੈਂਟਿਸ, ਆਪਣਾ ਲੋਕ ਆਧਾਰ ਗੁਆ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਅਪ੍ਰੈਲ 2023 ਵਿੱਚ ਇੱਕ ਇਸੇ ਤਰ੍ਹਾਂ ਦੇ ਐਨਬੀਸੀ ਸਰਵੇਖਣ ਵਿੱਚ ਟਰੰਪ 46% 'ਤੇ ਸੀ, ਜਦੋਂ ਕਿ ਡੀਸੈਂਟਿਸ 31% 'ਤੇ ਸੀ, ਉਹਨਾਂ ਵਿਚਾਲੇ ਇੱਕ 15-ਪੁਆਇੰਟ ਦਾ ਅੰਤਰ ਸੀ।

## ਕੈਨੇਡਾ ਵਿੱਚ ਮਕਾਨ ਖ਼ਰੀਦਣੇ ਹੋਏ ਮਹਿੰਗੇ, 40 ਫ਼ੀਸਦੀ ਵਧ ਸਕਦੀ ਹੈ ਈ.ਐਮ.ਆਈ.

ਸਰੀ/ਏ.ਟੀ.ਨਿਊਜ਼: ਕੈਨੇਡਾ 'ਚ ਵਧ ਰਹੀ ਮਹਿੰਗਾਈ ਨੂੰ ਕਾਬੂ ਕਰਨ ਲਈ ਵਿਆਜ ਦਰਾਂ 'ਚ ਜੇ ਇਸੇ ਤਰ੍ਹਾਂ ਵਾਧਾ ਹੁੰਦਾ ਰਿਹਾ ਤਾਂ ਕੈਨੇਡਾ ਵਿੱਚ ਹੋਮ ਲੋਨ ਰਾਹੀਂ ਮਕਾਨ ਖਰੀਦਣ ਵਾਲਿਆਂ ਦੀ ਮਾਰਟਗੇਜ (ਮਾਸਿਕ ਈ.ਐਮ.ਆਈ.) ਅਗਲੇ 3 ਸਾਲਾਂ 'ਚ 40 ਫ਼ੀਸਦੀ ਵੱਧ ਸਕਦੀ ਹੈ। ਇਸ ਨਾਲ ਉਨ੍ਹਾਂ ਦੇ ਘਰ ਦਾ ਖ਼ਰਚਾ ਚਲਾਉਣਾ ਵੀ ਮੁਸ਼ਕਲ ਹੋ ਸਕਦਾ ਹੈ।



ਕੈਨੇਡਾ 'ਚ ਮਾਰਟਗੇਜ ਪੇਮੈਂਟ ਹੋਮ ਲੋਨ ਵਾਂਗ ਕੰਮ ਕਰਦਾ ਹੈ। ਇਹ ਅਜਿਹਾ ਕਰਜ਼ਾ ਹੁੰਦਾ ਹੈ, ਜਿਸ ਨੂੰ ਪ੍ਰਾਪਰਟੀ ਦੇ ਬਦਲੇ ਲਿਆ ਜਾਂਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਕੈਨੇਡਾ ਦੀ ਹਾਊਸਿੰਗ ਮਾਰਕੀਟ ਵਿੱਚ ਕ੍ਰੈਸ਼ ਵੀ ਦੇਖਣ ਨੂੰ ਮਿਲ ਸਕਦਾ ਹੈ। ਮਾਹਿਰਾਂ ਮੁਤਾਬਕ ਕੈਨੇਡਾ ਵਿੱਚ ਆਮ ਵਿਅਕਤੀ ਦੇ ਮਕਾਨ ਦੀ ਈ.ਐਮ.ਆਈ. 1400 ਡਾਲਰ ਪ੍ਰਤੀ ਮਹੀਨੇ ਤੱਕ ਪੁੱਜ ਸਕਦੀ ਹੈ ਅਤੇ ਲੋਕਾਂ ਨੂੰ ਇਕ ਸਾਲ ਵਿੱਚ 15,000 ਡਾਲਰ ਤੋਂ ਵੱਧ ਪੈਸਾ ਈ.ਐਮ.ਆਈ. ਦੇ ਤੌਰ 'ਤੇ ਹੀ ਦੇਣਾ ਪਵੇਗਾ।

ਵਧ ਰਹੀਆਂ ਵਿਆਜ ਦਰਾਂ ਕਾਰਨ ਲੋਕਾਂ ਦਾ ਘਰ ਖ਼ਰੀਦਣ ਦਾ ਸੁਫ਼ਨਾ ਵੀ ਅਧੂਰਾ ਰਹਿ ਸਕਦਾ ਹੈ ਅਤੇ ਉਨ੍ਹਾਂ ਨੂੰ ਕਿਰਾਏ ਦੇ ਘਰਾਂ 'ਚ ਰਹਿ ਕੇ ਗੁਜ਼ਾਰਾ ਕਰਨਾ ਪੈ ਸਕਦਾ ਹੈ। ਅਮਰੀਕਾ ਸਮੇਤ ਕਈ ਹੋਰ ਦੇਸ਼ਾਂ ਵਿੱਚ ਹੋਮ ਲੋਨ ਆਮ ਤੌਰ 'ਤੇ 30 ਸਾਲਾਂ ਲਈ ਮਿਲਦਾ ਹੈ ਅਤੇ ਇਸ ਮਿਆਦ ਦੌਰਾਨ ਜੇ ਵਿਆਜ ਦਰਾਂ 'ਚ ਗਿਰਾਵਟ ਨਾ ਸ਼ੁਰੂ ਹੋਈ ਤਾਂ ਕੈਨੇਡਾ ਵਿਚ ਹਾਊਸਿੰਗ ਮਾਰਕੀਟ 'ਤੇ ਇਸ ਦਾ ਉਲਟ ਅਸਰ ਦੇਖਣ ਨੂੰ ਮਿਲੇਗਾ।

## ਅਮਰੀਕਾ ਦੇ ਕੰਸਾਸ ਸ਼ਹਿਰ ਵਿੱਚ ਹੋਈ ਗੋਲੀਬਾਰੀ ਕਾਰਨ 3 ਮੌਤਾਂ ਤੇ 5 ਜ਼ਖ਼ਮੀ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਮਿਸੌਰੀ ਰਾਜ ਦੇ ਸ਼ਹਿਰ ਕੰਸਾਸ ਵਿੱਚ ਐਤਵਾਰ ਦੀ ਸਵੇਰ ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਇਕ ਔਰਤ ਸਮੇਤ 3 ਲੋਕਾਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਗੋਲੀਆਂ ਚੱਲਣ ਦੀ ਸੂਚਨਾ ਸਵੇਰੇ 4.30 ਵਜੇ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਮੁੱਢਲੀ ਜਾਣਕਾਰੀ ਅਨੁਸਾਰ ਇਕ ਪਾਰਕਿੰਗ ਵਿੱਚ ਵੱਡੀ ਪੱਧਰ 'ਤੇ ਲੋਕ ਇਕੱਠੇ ਹੋਏ ਸਨ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ 2 ਮਰਦ ਤੇ ਇਕ ਔਰਤ ਮੌਕੇ ਉਪਰ ਹੀ ਦਮ ਤੋੜ ਚੁੱਕੇ ਸਨ ਜਦ ਕਿ 5 ਜ਼ਖ਼ਮੀ ਖੁਦ ਹੀ ਵੱਖ ਵੱਖ ਹਸਪਤਾਲਾਂ ਵਿੱਚ ਪੁੱਜ ਗਏ ਸਨ ਜਿਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿੱਚ ਨਹੀਂ ਲਿਆ ਹੈ ਪਰੰਤੂ ਪੁਲਿਸ ਨੂੰ ਵਿਸ਼ਵਾਸ਼ ਹੈ ਕਿ ਉਸ ਨੂੰ ਬਹੁਤ ਸਾਰੇ ਅਜਿਹੇ ਗਵਾਹ ਮਿਲ ਜਾਣਗੇ ਜਿਨਾਂ ਕੋਲੋਂ ਗੋਲੀਬਾਰੀ ਦੀ ਘਟਨਾ ਸਬੰਧੀ ਅਹਿਮ ਜਾਣਕਾਰੀ ਮਿਲ ਸਕਦੀ ਹੈ।

## ਸੰਗਤਾਂ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਜੁੱਟ ਹੋਣ: ਲੌਂਗੋਵਾਲ

### ਗੁ. ਸੰਤ ਸਾਗਰ ਸੈਕਰਾਮੈਂਟੋ 'ਚ ਛੇਵੇਂ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮਨਾਇਆ

ਸੈਕਰਾਮੈਂਟੋ /ਹੁਸਨ ਬੰਗਾ ਲੜੋਆ : ਗੁਰਦੁਆਰਾ ਸੰਤ ਸਾਗਰ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।



ਇਸ ਮੌਕੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਬਲਜਿੰਦਰ ਸਿੰਘ ਹਜ਼ੂਰੀ ਰਾਗੀ , ਗੁਰਦੁਆਰਾ ਸਾਹਿਬ ਦੇ ਮੁੱਖ ਸੰਚਾਲਕ ਬਾਬਾ ਸੱਜਣ ਸਿੰਘ ਨਿਊਯਾਰਕ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਜਿਥੇ ਮੀਰੀ-ਪੀਰੀ ਦਾ ਸਿਧਾਂਤ ਬਖਸ਼ਿਆ ਉਥੇ ਕੌਮ ਦੀ ਅਗਵਾਈ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਕੀਤੀ, ਜੋ ਅੱਜ ਵੀ ਸਾਡੀ ਅਗਵਾਈ ਕਰ ਰਿਹਾ ਹੈ । ਉਹਨਾਂ ਸੰਗਤਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਜੁੱਟ ਹੋਣ ਦੀ ਅਪੀਲ ਵੀ ਕੀਤੀ। ਉਹਨਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵਿਦੇਸ਼ੀ ਸਿੱਖਾਂ ਨਾਲ ਤਾਲਮੇਲ ਵਧਾਉਣ ਲਈ ਇਹਨਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ । ਸਮਾਗਮ ਨੂੰ ਸ਼੍ਰੋਮਣੀ ਕਮੇਟੀ ਨੇ ਹਰਿਆਣਾ ਦੇ ਸਕੱਤਰ ਡਾਕਟਰ ਪਰਮਜੀਤ ਸਿੰਘ ਸਰੋਆ ਨੇ ਵੀ ਸੰਬੋਧਨ ਕੀਤਾ। ਉਹਨਾਂ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਇਸ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਭਾਈ ਉਪਕਾਰ ਸਿੰਘ ਅਤੇ ਰਾਗੀ ਬਲਵਿੰਦਰ ਸਿੰਘ ਨੇ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਸਿੱਧ ਪ੍ਰਚਾਰਕ ਅਤੇ ਪ੍ਰਬੰਧਕ ਨਰਿੰਦਰਪਾਲ ਸਿੰਘ ਹੁੰਦਲ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਡਾਕਟਰ ਪਰਮਜੀਤ ਸਿੰਘ ਸਰੋਆ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ।

## ਅਮਰੀਕਾ ਦੇ ਏਡਾਹੋ ਰਾਜ 'ਚ ਇੱਕ ਪਰਿਵਾਰ ਦੇ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ, ਕੈਲੀਫੋਰਨੀਆ / ਹੁਸਨ ਲੜੋਆ ਬੰਗਾ: ਅਮਰੀਕਾ ਦੇ ਏਡਾਹੋ ਰਾਜ ਦੇ ਸ਼ਹਿਰ ਕੇਲੌਗ ਵਿਖੇ ਇਕ ਪਰਿਵਾਰ ਦੀ 4 ਜੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ। ਪੁਲਿਸ ਨੇ ਹੱਤਿਆ ਲਈ ਜਿੰਮੇਵਾਰ ਗਵਾਂਢੀ ਸ਼ੱਕੀ ਦੋਸ਼ੀ 31 ਸਾਲਾ ਮਜੋਰਜੋਨ ਕੇਲੋਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ ਤੇ ਲੁੱਟਮਾਰ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਹਰੇਕ ਮ੍ਰਿਤਕ ਦੇ ਸਰੀਰ 'ਤੇ ਗੋਲੀਆਂ ਦੇ ਕਈ-ਕਈ ਜ਼ਖਮ ਹਨ। ਮ੍ਰਿਤਕਾਂ ਦੀ ਪਛਾਣ ਕੇਨਥ ਗੁਆਰਡਪੀ (65), ਉਸ ਦੀ



ਧੀ ਕੇਨਾ ਗੁਆਰਡਪੀ (41), ਉਸ ਦੇ ਪੁੱਤਰ ਡੇਵਿਨ ਸਮਿੱਥ (18) ਤੇ ਏਕਨ ਸਮਿੱਥ (16) ਵਜੋਂ ਹੋਈ ਹੈ। ਅਦਾਲਤ ਦੇ ਰਿਕਾਰਡ ਅਨੁਸਾਰ ਇਨਾਂ ਚਾਰਾਂ ਨੂੰ ਬਹੁਤ ਹੀ ਬੇਰਹਿਮੀ ਨਾਲ ਨੇੜਿਓਂ ਗੋਲੀਆਂ ਮਾਰੀਆਂ ਗਈਆਂ ਹਨ।

(ਬਾਕੀ ਸਫ਼ਾ 30 'ਤੇ)

## ਅਮਰੀਕਾ 'ਚ 66 ਕਿਲੋਗ੍ਰਾਮ ਤੋਂ ਵਧ ਹੈਰੋਇਨ ਬਰਾਮਦ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਅਫਸਰਾਂ ਨੇ ਟੈਕਸਾਸ ਵਿੱਚ 66 ਕਿਲੋਗ੍ਰਾਮ ਤੋਂ ਵਧ ਹੈਰੋਇਨ ਬਰਾਮਦ ਕੀਤੀ ਹੈ ਜੋ ਮੈਕਸੀਕੋ ਤੋਂ ਲਿਆਂਦੀ ਇਕ ਵੱਡੀ ਆਈਸ ਕਰੀਮ ਮਸ਼ੀਨ ਵਿਚ ਲੁਕਾ ਕੇ ਰਖੀ ਹੋਈ ਸੀ। ਸੰਘੀ ਏਜੰਸੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਹ ਬਰਾਮਦਗੀ ਉਸ ਵੇਲੇ ਹੋਈ ਜਦੋਂ ਕਿ 1995 ਫੋਰਡ ਐਫ-150 ਪਿੱਕ ਅੱਪ ਟਰੱਕ, ਜਿਸ ਵਿੱਚ ਆਈਸ ਕਰੀਮ ਮਸ਼ੀਨ ਲੱਦੀ ਹੋਈ ਸੀ, ਦੀ ਤਲਾਸ਼ੀ ਲਈ ਗਈ। ਐਲ ਪਾਸੋ ਪੋਰਟ 'ਤੇ ਕੀਤੇ ਐਕਸ ਰੇਅ ਸਕੈਨ ਵਿੱਚ ਪਤਾ ਲੱਗਾ ਕਿ ਕੁਝ ਗੜਬੜ ਹੈ। ਸੂਹੀਆ ਕੁੱਤਿਆਂ ਨੇ



ਮਸ਼ੀਨ ਵਿੱਚ ਕੋਈ ਸ਼ੱਕੀ ਪਦਾਰਥ ਹੋਣ ਦੀ ਪੁਸ਼ਟੀ ਕੀਤੀ ਜਿਸ ਉਪਰੰਤ ਮਸ਼ੀਨ ਖੋਲੀ ਗਈ। ਆਈਸ ਕਰੀਮ ਮਸ਼ੀਨ ਦੇ ਅੰਦਰੂਨੀ ਹਿੱਸਿਆਂ ਵਿਚੋਂ 56 ਪੈਕਟ ਹੈਰੋਇਨ ਦੇ ਬਰਾਮਦ ਹੋਏ। ਪਿੱਕ ਅੱਪ ਟਰੱਕ ਦੇ 43 ਸਾਲਾ ਮੈਕਸੀਕੋ ਦੇ ਡਰਾਈਵਰ ਨੂੰ ਗ੍ਰਿਫ਼ਤਾਰ ਕਰਕੇ ਜਨਤਿਕ ਸੁਰੱਖਿਆ ਬਾਰੇ ਟੈਕਸਾਸ ਵਿਭਾਗ ਦੇ ਸਪੁਰਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਡਰਾਈਵਰ ਦਾ ਨਾਂ ਨਸ਼ਰ ਨਹੀਂ ਕੀਤਾ ਪਰ ਕਿਹਾ ਹੈ ਕਿ ਉਸ ਵਿਰੁੱਧ ਅਸਫਲ ਕੁਕੀਨ ਤਸਕਰੀ ਦੀ ਕੋਸ਼ਿਸ਼ ਸਬੰਧੀ ਦੋਸ਼ ਆਇਦ ਕੀਤੇ ਜਾਣਗੇ। ਸੰਘੀ ਏਜੰਸੀ ਦੇ ਕਾਰਜਕਾਰੀ ਐਲ ਪਾਸੋ ਪੋਰਟ ਡਾਇਰੈਕਟਰ ਲੁਇਸ ਮੇਜ਼ੀਆ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਹੈਰੋਇਨ ਦੀ ਬਰਾਮਦ ਖੇਪ ਤੋਂ ਪਤਾ ਲੱਗਦਾ ਹੈ ਕਿ ਡਰੱਗ ਕਿਸੇ ਵੀ ਚੀਜ਼ ਜਾਂ ਕਿਤੇ ਵੀ ਲੁਕਾ ਕੇ ਰੱਖੇ ਹੋ ਸਕਦੇ ਹਨ। ਇਸ ਲਈ ਸਾਨੂੰ ਹਰ ਵਕਤ ਚੌਕਸ ਰਹਿਣਾ ਪਵੇਗਾ।

# ਅੰਤਰਾਸ਼ਟਰੀ ਖ਼ਬਰਨਾਮਾ

## ਟਾਈਟੈਨਿਕ ਪਣਡੁੱਬੀ 'ਚ ਸਵਾਰ ਸਾਰੇ 5 ਯਾਤਰੀਆਂ ਦੀ ਮੌਤ

ਨਿਊਯਾਰਕ/ਏ.ਟੀ.ਨਿਊਜ਼: ਟਾਈਟੈਨਿਕ ਦਾ ਮਲਬਾ ਦੇਖਣ ਗਈ ਪਣਡੁੱਬੀ ਸਮੁੰਦਰ ਵਿੱਚ ਡੁੱਬ ਗਈ ਹੈ। ਇਸ ਦੇ ਨਾਲ ਹੀ ਇਸ ਪਣਡੁੱਬੀ ਵਿੱਚ ਸਵਾਰ ਪਾਕਿਸਤਾਨੀ ਅਰਬਪਤੀ ਸਮੇਤ ਸਾਰੇ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਗਈ ਹੈ। ਹਾਲਾਂ ਕਿ ਇਨ੍ਹਾਂ ਵਿੱਚੋਂ ਕਿਸੇ ਦੀ ਵੀ ਲਾਸ਼ ਬਰਾਮਦ ਨਹੀਂ ਹੋ ਸਕੀ। ਟਾਈਟਨ ਪਣਡੁੱਬੀ ਦਾ ਮਲਬਾ ਸ਼ੁੱਕਰਵਾਰ ਨੂੰ ਕੈਨੇਡਾ ਤੋਂ ਰਿਮੋਟਲੀ ਸੰਚਾਲਿਤ ਯੂਏਵੀ ਦੁਆਰਾ ਬਰਾਮਦ ਕੀਤਾ ਗਿਆ ਸੀ। ਇਹ ਮਲਬਾ ਟਾਈਟੈਨਿਕ ਦੇ ਕੋਲ ਪਿਆ ਸੀ। ਟਾਈਟਨ ਪਣਡੁੱਬੀ ਨੂੰ ਚਲਾਉਣ ਵਾਲੀ ਕੰਪਨੀ ਓਸ਼ਨਗੇਟ ਨੇ ਅਧਿਕਾਰਤ ਤੌਰ 'ਤੇ ਘੋਸ਼ਣਾ ਕੀਤੀ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਚਾਲਕ ਦਲ ਦੇ ਪੰਜ ਮੈਂਬਰ ਦੁਖਦਾਈ ਤੌਰ 'ਤੇ ਗੁਆਚ ਗਏ ਹਨ। ਓਸ਼ਨਗੇਟ ਕੰਪਨੀ ਦੇ ਸੰਸਥਾਪਕ ਅਤੇ ਸੀਈਓ ਵੀ ਇਸ ਹਾਦਸੇ ਵਿੱਚ ਸ਼ਾਮਲ ਹਨ।

ਓਸ਼ਾਂਗੇਟ ਕੰਪਨੀ ਦੇ ਬੁਲਾਰੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਨੂੰ ਹੁਣ ਵਿਸ਼ਵਾਸ ਹੈ ਕਿ ਸਾਡੇ ਸੀਈਓ ਸਟਾਕਟਨ ਰਸ਼, ਪ੍ਰਿੰਸ ਦਾਊਦ ਅਤੇ ਉਸ ਦੇ ਪੁੱਤਰ ਸੁਲੇਮਾਨ ਦਾਊਦ, ਹਾਮਿਸ਼ ਹਾਰਡਿੰਗ ਅਤੇ ਪਾਲ-ਹੈਨਰੀ ਨਰਗਿਓਲੇਟ ਗੁਆਚ ਗਏ ਹਨ। ਬਿਆਨ ਵਿਚ ਅੱਗੇ ਕਿਹਾ ਗਿਆ ਹੈ ਕਿ ਇਹ ਵਿਅਕਤੀ ਸੱਚੇ ਖੋਜੀ ਸਨ, ਜਿਨ੍ਹਾਂ ਵਿੱਚ ਸਾਹਸ ਦੀ ਵੱਖਰੀ ਭਾਵਨਾ ਅਤੇ ਵਿਸ਼ਵ ਦੇ ਸਮੁੰਦਰਾਂ ਦੀ ਖੋਜ ਅਤੇ ਸੁਰੱਖਿਆ ਲਈ ਡੂੰਘੇ ਜਨੂਨ ਸਨ। ਸਾਡਾ ਦਿਲ ਇਸ ਦੁੱਖ ਦੀ ਘੜੀ ਵਿੱਚ ਇਹਨਾਂ ਪੰਜਾਂ ਰੂਹਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਹਰੇਕ ਮੈਂਬਰ ਦੇ ਨਾਲ ਹੈ।

ਟਾਈਟਨ ਪਣਡੁੱਬੀ ਭਾਰਤੀ ਸਮੇਂ ਅਨੁਸਾਰ ਐਤਵਾਰ ਸ਼ਾਮ ਕਰੀਬ 7 ਵਜੇ ਸਮੁੰਦਰ ਵਿੱਚ ਲਾਪਤਾ ਹੋ ਗਈ ਸੀ। ਪਾਕਿਸਤਾਨੀ ਅਰਬਪਤੀ ਪ੍ਰਿੰਸ ਦਾਊਦ, ਉਸ ਦਾ ਬੇਟਾ ਸੁਲੇਮਾਨ ਦਾਊਦ, ਹਾਮਿਸ਼ ਹਾਰਡਿੰਗ, ਪਾਲ-ਹੈਨਰੀ ਨਰਗਿਓਲੇਟ ਅਤੇ ਓਸ਼ਾਂਗੇਟ ਦੇ ਸੀਈਓ ਸਟਾਕਟਨ ਰਸ਼ ਪਣਡੁੱਬੀ ਵਿੱਚ ਸਵਾਰ ਸਨ। ਉਨ੍ਹਾਂ ਨਾਲ ਸੰਪਰਕ ਟੁੱਟਣ ਦੇ ਬਾਅਦ ਤੋਂ ਉੱਤਰੀ ਅਟਲਾਂਟਿਕ (ਬਾਕੀ ਸਫ਼ਾ 30 'ਤੇ)




## ਬ੍ਰਿਟ੍ਰਿਸ਼ ਕੋਲੰਬੀਆ ਵਿੱਚ ਰਵੀ ਸਿੰਘ ਪਰਮਾਰ ਵਿਧਾਇਕ ਚੁਣੇ ਗਏ

### ਸੂਬੇ 'ਚ ਪੰਜਾਬੀ ਵਿਧਾਇਕਾਂ ਦੀ ਗਿਣਤੀ 10 ਹੋਈ



ਐਬਟਸਫੋਰਡ/ਏ.ਟੀ.ਨਿਊਜ਼ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿਧਾਨ ਸਭਾ ਹਲਕਾ ਲੈਂਗਫੋਰਡ-ਜੁਆਨ ਦੇ ਫੂਕਾ ਦੀ ਬੀਤੇ ਦਿਨੀਂ ਹੋਈ ਜ਼ਿਮਨੀ ਚੋਣ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ 29 ਸਾਲਾ ਪੰਜਾਬੀ ਨੌਜਵਾਨ ਰਵੀ ਸਿੰਘ ਪਰਮਾਰ ਵਿਧਾਇਕ ਚੁਣੇ ਗਏ ਹਨ ।ਲੈਂਗਫੋਰਡ ਜੁਆਨ ਦੇ ਫੂਕਾ ਵਿਧਾਨ ਸਭਾ ਸੀਟ ਬ੍ਰਿਟਿਸ਼ ਕੋਲੰਬੀਆ ਦੇ 2 ਵਾਰ ਮੁੱਖ ਮੰਤਰੀ ਰਹੇ ਜੌਹਨ ਹੋਰਗਨ ਵੱਲੋਂ ਸਿਆਸਤ ਤੋਂ ਸੰਨਿਆਸ ਲੈਣ ਤੋਂ ਬਾਅਦ ਖਾਲੀ ਹੋਈ ਸੀ, ਜਿਸ ਦੀ ਬੀਤੇ ਦਿਨੀਂ ਜ਼ਿਮਨੀ ਚੋਣ ਹੋਈ ਸੀ । ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਿਲਪੁਰ ਨੇੜਲੇ ਪਿੰਡ ਜੰਗਲੀਆਣਾ ਨਾਲ ਸੰਬੰਧਿਤ ਰਵੀ ਸਿੰਘ ਪਰਮਾਰ 2014 ਵਿੱਚ ਪਹਿਲੀ ਵਾਰ ਸੂਕ ਸ਼ਹਿਰ ਦੇ ਸਕੂਲ ਬੋਰਡ ਦਾ ਟਰੱਸਟੀ ਚੁਣਿਆ ਗਿਆ ਸੀ, ਜਦੋਂ ਉਹ 20 ਸਾਲਾਂ ਦਾ ਸੀ । ਉਹ ਸੂਕ ਸਕੂਲ ਸਿੱਖਿਆ ਬੋਰਡ ਦਾ 3 ਵਾਰ ਟਰੱਸਟੀ ਤੇ 2 ਵਾਰ ਚੇਅਰਮੈਨ ਰਹਿ ਚੁੱਕਾ ਹੈ ਤੇ ਵਿਧਾਇਕ ਵਾਸਤੇ ਪਹਿਲੀ ਵਾਰ ਚੋਣ ਮੈਦਾਨ 'ਚ ਨਿੱਤਰਿਆ ਹੈ । ਰਵੀ ਸਿੰਘ ਪਰਮਾਰ ਦੀ ਜਿੱਤ ਨਾਲ ਸੂਬੇ ਵਿੱਚ ਪੰਜਾਬੀ ਵਿਧਾਇਕਾਂ ਦੀ ਗਿਣਤੀ 10 ਹੋ ਗਈ ਹੈ ।

ਬ੍ਰਿਗ਼ਸ਼ ਕੋਲੰਬੀਆ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਸਾਰੇ 10 ਵਿਧਾਇਕ ਸੱਤਾਧਾਰੀ ਨਿਊ ਡੈਮੋਕ੍ਰੇਟਿਕ ਦੇ ਹਨ, ਜਿਨ੍ਹਾਂ ਵਿਚ ਇਕ ਸਪੀਕਰ, ਇਕ ਅਟਾਰਨੀ ਜਨਰਲ, 4 ਕੈਬਨਿਟ ਮੰਤਰੀ ਤੇ 2 ਸੰਸਦੀ ਸਕੱਤਰ ਹਨ ।

## ਪਾਕਿ 'ਚ ਸਿੱਖ ਨੌਜਵਾਨ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਹੱਤਿਆ

### ਸਿੱਖਾਂ ਦੀ ਟਾਰਗੈਟ ਕਿਲਿੰਗ ਹੋਣ ਕਰਕੇ ਪਿਸ਼ਾਵਰ 'ਚੋਂ ਸਿੱਖ ਪਰਿਵਾਰ ਹਿਜਰਤ ਕਰਨ ਲਗੇ

ਪੇਸ਼ਾਵਰ/ਏ.ਟੀ.ਨਿਊਜ਼ : ਖ਼ੈਬਰ-ਪਖਤੂਨਖਵਾ ਸੂਬੇ ਵਿੱਚ ਬੀਤੇ ਦਿਨੀਂ ਇਕ ਸਿੱਖ ਮਨਮੋਹਨ ਸਿੰਘ ਦਾ ਅਣਪਛਾਤੇ ਵਿਅਕਤੀਆਂ ਵੱਲੋਂ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਅਧਿਕਾਰੀਆਂ ਮੁਤਾਬਕ ਯਕਾਤੂਤ ਇਲਾਕੇ ਵਿੱਚ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਗੋਲ਼ੀਬਾਰੀ ਕੀਤੀ। ਮਨਮੋਹਨ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਦੱਸ ਦੇਈਏ ਕਿ ਪੇਸ਼ਾਵਰ ਦੇ ਰਾਸ਼ਿਦ ਗੜ੍ਹੀ ਇਲਾਕੇ ਵਿੱਚ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਇਸ ਤੋਂ ਪਹਿਲਾਂ ਤਰਲੋਕ ਸਿੰਘ ਨਾਂ ਦੇ ਸਿੱਖ ਵਿਅਕਤੀ ਨੂੰ ਵੀ ਗੋਲ਼ੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਸੀ। ਕਰਿਆਨੇ ਦੀ ਦੁਕਾਨ ਦੇ ਮਾਲਕ ਤਰਲੋਕ ਦੀ ਲੱਤ ਵਿੱਚ ਗੋਲ਼ੀ ਲੱਗੀ ਸੀ। ਉਸ 'ਤੇ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਖੁਰਾਸਾਨ ਪ੍ਰਾਂਤ ਦੇ ਅੱਤਵਾਦੀਆਂ ਨੇ ਲਈ ਸੀ।



ਪਿਸ਼ਾਵਰ ਦੇ ਪੁਲਿਸ ਮੁਖੀ ਅਸ਼ਫਾਕ ਅਨਵਰ ਅਨੁਸਾਰ ਮਨਮੋਹਨ ਸਿੰਘ ਯੂਨਾਨੀ ਦਵਾਈਆਂ ਦਾ 'ਹਕੀਮ' ਸੀ। ਉਸ ਦੀ ਹੱਤਿਆ ਦੇ ਦੋਸ਼ ਹੇਠ ਕੁਝ ਸ਼ੱਕੀਆਂ ਨੂੰ ਕਾਬੂ ਕੀਤਾ ਗਿਆ ਹੈ। ਪੁਲਿਸ ਮੁਖੀ ਨੇ ਕਿਹਾ ਕਿ ਉਹ ਹੱਤਿਆ ਵਿੱਚ ਸ਼ਾਮਲ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੇ ਕਰੀਬ ਹਨ। ਪੁਲਿਸ ਦਾ ਮੰਨਣਾ ਹੈ ਕਿ ਪਿਸ਼ਾਵਰ ਵਿਚ ਦੋ ਸਿੱਖਾਂ 'ਤੇ ਦੋ ਹਮਲੇ ਮਿੱਥ ਕੇ ਕੀਤੇ ਗਏ ਹੋ ਸਕਦੇ ਹਨ ਪਰ ਅਸਲੀ ਤੱਥ ਗਹਿਰਾਈ ਨਾਲ ਜਾਂਚ ਤੋਂ ਬਾਅਦ ਹੀ ਸਾਹਮਣੇ ਆਉਣਗੇ। ਇਸ ਤੋਂ ਪਹਿਲਾਂ ਮਾਰਚ ਮਹੀਨੇ ਵੀ ਪਿਸ਼ਾਵਰ ਵਿੱਚ ਇਕ ਸਿੱਖ ਕਾਰੋਬਾਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਪਿਸ਼ਾਵਰ ਵਿੱਚ 15 ਹਜ਼ਾਰ ਸਿੱਖ ਰਹਿੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਸ਼ਹਿਰ ਦੇ ਨੇੜਲੇ ਜੋਗਨ ਸ਼ਾਹ ਇਲਾਕੇ ਵਿੱਚ ਰਹਿ ਰਹੇ ਹਨ। ਇਹ ਜ਼ਿਆਦਾਤਰ ਕਾਰੋਬਾਰੀ ਹਨ ਤੇ ਫਾਰਮੇਸੀ ਦੇ ਪੇਸ਼ੇ ਨਾਲ ਵੀ ਜੁੜੇ ਹੋਏ ਹਨ। ਪਿਛਲੇ ਸਾਲ ਸਤੰਬਰ ਵਿੱਚ ਸ਼ਹਿਰ ਦੇ ਇਕ ਮੰਨੇ-ਪ੍ਰਮੰਨੇ ਸਿੱਖ 'ਹਕੀਮ' ਦੀ ਪਿਸ਼ਾਵਰ ਵਿੱਚ ਉਸ ਦੇ ਕਲੀਨਿਕ ਵਿੱਚ ਹੀ ਹੱਤਿਆ ਕਰ ਦਿੱਤੀ ਗਈ ਸੀ।

**ਪਿਸ਼ਾਵਰ ਵਿੱਚ ਸਿੱਖ ਭਾਈਚਾਰੇ ਵੱਲੋਂ ਵਿਸ਼ਾਲ ਰੋਸ ਪ੍ਰਦਰਸ਼ਨ**

ਇਹਨਾਂ ਸਿੱਖਾਂ ਦੇ ਕਤਲਾਂ ਦੇ ਰੋਸ ਵਜੋਂ ਪਿਸ਼ਾਵਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਪਿਸ਼ਾਵਰੀ ਸਿੱਖ ਭਾਈਚਾਰੇ ਨੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ।ਦੱਸਿਆ ਜਾ ਰਿਹਾ ਹੈ ਕਿ ਪਾਕਿ ਵਿੱਚ ਸਿੱਖਾਂ ਦੀ ਕੁੱਲ ਆਬਾਦੀ 13 ਹਜ਼ਾਰ ਦੇ ਲਗਭਗ ਹੈ ਤੇ ਉਨ੍ਹਾਂ ਵਿਚੋਂ ਵਧੇਰੇ ਸਿੱਖ ਸੂਬਾ ਖ਼ੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੇ ਮੁਹੱਲਾ ਜੋਗਨ ਸ਼ਾਹ 'ਚ ਰਹਿ ਰਹੇ ਹਨ। ਪਿਸ਼ਾਵਰੀ ਸਿੱਖ ਭਾਈਚਾਰੇ ਅਨੁਸਾਰ ਪਿਛਲੇ ਕੁਝ ਸਾਲਾਂ ਦੌਰਾਨ ਸੂਬੇ ਵਿੱਚ 29 ਸਿੱਖਾਂ ਦੀ ਟਾਰਗੈਟ ਕਿਲਿੰਗ ਹੋਣ ਕਰਕੇ ਪਿਸ਼ਾਵਰ ਵਿਚੋਂ ਤਕਰੀਬਨ 400-500 ਸਿੱਖ ਪਰਿਵਾਰ ਹਿਜਰਤ ਕਰਕੇ ਲਾਹੌਰ, ਸ੍ਰੀ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ ਜਾਂ ਬਾਹਰੀ ਮੁਲਕਾਂ 'ਚ ਆਬਾਦ ਹੋ ਚੁੱਕੇ ਹਨ । ਪਿਸ਼ਾਵਰ ਤੋਂ ਸਿੱਖ ਆਗੂ ਗੁਰਪਾਲ ਸਿੰਘ ਨੇ ਦੱਸਿਆ ਕਿ ਤਾਜ਼ਾ ਘਟਨਾਵਾਂ ਨਾਲ ਪਿਸ਼ਾਵਰੀ ਸਿੱਖਾਂ ਵਿੱਚ ਇਕ ਵਾਰ ਮੁੜ ਤੋਂ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ ।ਉਨ੍ਹਾਂ ਕਿਹਾ ਕਿ ਖ਼ੌਫ਼ ਦੇ ਮਾਹੌਲ 'ਚ ਰਹਿ ਕੇ ਉਹ ਆਪਣੇ ਕਾਰੋਬਾਰ ਨਹੀਂ ਚਲਾ ਸਕਣਗੇ ਤੇ ਨਾ ਹੀ ਆਪਣੇ ਪਰਿਵਾਰਾਂ ਦੀ ਦੇਖ-ਰੇਖ ਹੀ ਕਰ ਸਕਣਗੇ ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਹਕੀਮ ਸਤਨਾਮ ਸਿੰਘ ਖ਼ਾਲਸਾ, ਚਰਨਜੀਤ ਸਿੰਘ, ਪੱਤਰਕਾਰ ਹਰਮੀਤ ਸਿੰਘ ਦੇ ਭਰਾ ਰਵਿੰਦਰ ਸਿੰਘ, ਐਮ.ਪੀ.ਏ. ਡਾ: ਸੂਰਨ ਸਿੰਘ, ਜਗਮੋਹਨ ਸਿੰਘ, ਅਮਰਜੀਤ ਸਿੰਘ, ਮੋਹਿੰਦਰ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ ਅਤੇ ਕੁਲਜੀਤ ਸਿੰਘ ਸਮੇਤ ਕਰੀਬ 25 ਸਿੱਖਾਂ ਦੀਆਂ ਹੱਤਿਆਵਾਂ ਹੋ ਚੁੱਕੀਆਂ ਹਨ, ਜਦਕਿ ਕਿਸੇ ਇਕ ਵੀ ਪੀੜਤ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਿਆ ਹੈ ।

**ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਮਾਮਲੇ 'ਤੇ ਦੁੱਖ ਪ੍ਰਗਟਾਇਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਅੰਦਰ ਘੱਟਗਿਣਤੀ ਸਿੱਖਾਂ 'ਤੇ ਹੋ ਰਹੇ ਹਮਲਿਆਂ ਦੀ ਕਰੜੀ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਵਿਚ ਸਿੱਖ ਦੁਕਾਨਦਾਰ ਸ. ਮਨਮੋਹਨ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣੀ ਬੇਹੱਦ ਮੰਦਭਾਗੀ ਘਟਨਾ ਹੈ।

(ਬਾਕੀ ਸਫ਼ਾ 30 'ਤੇ)

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਂਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸਿੱਖਾਂ ਨਾਲ ਬੇਲੋੜਾ ਵਿਵਾਦ ਪੰਜਾਬ ਸਰਕਾਰ ਲਈ ਖੜਾ ਕਰੇਗਾ ਨਵਾਂ ਸੰਕਟ

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਧਮਕੀ - ਸਰਕਾਰ ਸੋਧ ਬਿੱਲ ਵਾਪਸ ਲਏ ਨਹੀਂ ਤਾਂ ਬਾਦਲ ਦਲ ਲਗਾਏਗਾ ਮੋਰਚਾ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਣ ਸੰਬੰਧੀ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ ਗੁਰਦੁਆਰਾ ਸੋਧ ਬਿੱਲ ਮੁੱਖ ਮੰਤਰੀ ਭਗਵੰਤ ਮਾਨ ਲਈ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ ਅਤੇ ਇਸ ਸੋਧ ਬਿੱਲ ਨੂੰ ਪਾਸ ਕਰਵਾ ਕੇ ਮੁੱਖ ਮੰਤਰੀ ਸਿੱਖਾਂ ਨਾਲ ਸਿੱਧੇ ਤੌਰ ’ਤੇ ਟਕਰਾਅ ਦੀ ਸਥਿਤੀ ਵਿੱਚ ਆ ਗਏ ਹਨ। ਇਸ ਸੋਧ ਬਿੱਲ ਨੂੰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਜਿਥੇ ਪਹਿਲਾਂ ਹੀ ਮੁੱਢੋਂ ਰੱਦ ਕਰ ਚੁੱਕੇ ਹਨ, ਉਥੇ ਦੇਸ਼-ਵਿਦੇਸ਼ ’ਚ ਵਸਦੇ ਸਿੱਖਾਂ ਵੱਲੋਂ ਵੀ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ । ਇਸ ਸੋਧ ਬਿੱਲ ਦਾ ‘ਆਪ’ ਸਰਕਾਰ ਨੂੰ ਸਿਆਸੀ ਤੌਰ ’ਤੇ ਕਿੰਨਾ ਕੁ ਫਾਇਦਾ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਹਾਲ ਦੀ ਘੜੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖਾਂ ਨਾਲ ਪੈਦਾ ਕੀਤੇ ਗਏ ਬੇਲੋੜੇ ਵਿਵਾਦ ਨੇ ਉਨ੍ਹਾਂ ਲਈ ਹੋਰ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ। ਅਜਿਹੇ ਵਿੱਚ ਇਸ ਬੇਹੱਦ ਗੰਭੀਰ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਮਸਲੇ ’ਤੇ ਦੇਸ਼-ਵਿਦੇਸ਼ ਵਿੱਚ ‘ਆਪ’ ਸਰਕਾਰ ਖ਼ਿਲਾਫ਼ ਉੱਠਣ ਵਾਲੇ ਸਿੱਖ ਪੰਥ ਦੇ ਰੋਹ ਦਾ ਸਾਹਮਣਾ ਕਰ ਸਕਣਾ ਮੁੱਖ ਮੰਤਰੀ ਲਈ ਕਿਸੇ ਵੀ ਤਰ੍ਹਾਂ ਆਸਾਨ ਨਹੀਂ ਹੋਵੇਗਾ। ਇਸ ਦੀ ਸਿੱਖ ਜਗਤ ਵਿੱਚ ਵੱਡੀ ਆਲੋਚਨਾ ਸ਼ੁਰੂ ਹੋ ਗਈ ਹੈ । ਇਹ ਸਥਿਤੀ ਆਉਂਦੇ ਸਮੇਂ ਵਿੱਚ ਕਿਸੇ ਵੱਡੇ ਟਕਰਾਅ ਨੂੰ ਵੀ ਜਨਮ ਦੇ ਸਕਦੀ ਹੈ । ਇਸ ਸੋਧ ਬਿੱਲ ਨੂੰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਜਿਥੇ ਪਹਿਲਾਂ ਹੀ ਮੁੱਢੋਂ ਰੱਦ ਕਰ ਚੁੱਕੇ ਹਨ, ਉਥੇ ਦੇਸ਼-ਵਿਦੇਸ਼ ਵਿੱਚ ਵਸਦੇ ਸਿੱਖਾਂ ਵਲੋਂ ਵੀ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ । ਅਜਿਹੇ ਵਿੱਚ ਇਸ ਬੇਹੱਦ ਗੰਭੀਰ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਮਸਲੇ ’ਤੇ ਦੇਸ਼-ਵਿਦੇਸ਼ ’ਚ ‘ਆਪ’ ਸਰਕਾਰ ਖ਼ਿਲਾਫ਼ ਉੱਠਣ ਵਾਲੇ ਸਿੱਖ ਪੰਥ ਦੇ ਰੋਹ ਦਾ ਸਾਹਮਣਾ ਕਰ ਸਕਣਾ ਮੁੱਖ ਮੰਤਰੀ ਲਈ ਕਿਸੇ ਵੀ ਤਰ੍ਹਾਂ ਆਸਾਨ ਨਹੀਂ ਹੋਵੇਗਾ । ਇਸ ਦੀ ਸਿੱਖ ਜਗਤ ਵਿੱਚ ਵੱਡੀ ਆਲੋਚਨਾ ਸ਼ੁਰੂ ਹੋ ਗਈ ਹੈ । ਇਹ ਸਥਿਤੀ ਆਉਂਦੇ ਸਮੇਂ ਵਿੱਚ ਕਿਸੇ ਵੱਡੇ ਟਕਰਾਅ ਨੂੰ ਵੀ ਜਨਮ ਦੇ ਸਕਦੀ ਹੈ ।

ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੀਤੀ 20 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਨ ਸੰਬੰਧੀ ਪਾਸ ਕੀਤੇ ਸਿੱਖ ਗੁਰਦੁਆਰਾ (ਸੋਧ) ਬਿੱਲ 2023 ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਗਏ ਇਜਲਾਸ ਦੌਰਾਨ ਇਕਸੁਰ ਹੋ ਕੇ ਪਾਸ ਮਤੇ ਵਿਚ ਇਸ ਬਿੱਲ ਨੂੰ ਮੁਕੰਮਲ ਤੌਰ ’ਤੇ ਰੱਦ ਕਰਦਿਆਂ ਤੇ ਸਰਕਾਰ ਨੂੰ ਇਸ ਬਿੱਲ ਨੂੰ ਵਾਪਸ ਲੈਣ ਦੀ ਮੰਗ ਕਰਨ ਦੇ ਨਾਲ ਹੀ ਭਗਵੰਤ ਮਾਨ ਸਰਕਾਰ ਨੂੰ ਤਾੜਨਾ ਕੀਤੀ ਗਈ ਕਿ ਜੇਕਰ ਸਰਕਾਰ ਨੇ ਸਿੱਖ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਬੰਦ ਨਾ ਕੀਤੀ ਤਾਂ ਸਿੱਖੀ ਰਵਾਇਤਾਂ ਅਨੁਸਾਰ ਖਾਲਸਾ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਮੋਰਚਾ ਆਰੰਭਿਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਖਿਲਾਫ ਆਰੰਭੇ ਜਾਣ ਵਾਲੇ ਸੰਘਰਸ਼ ਬਾਰੇ ਸਪੱਸ਼ਟ ਕੀਤਾ ਕਿ ਪੁਰਾਤਨ ਰਵਾਇਤਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਦੀ ਅਗਵਾਈ ਵਿੱਚ ਹੋਵੇਗਾ। ਪਰ ਇਸ ਤੋਂ ਪਹਿਲਾਂ ਸੰਵਿਧਾਨਕ ਤੌਰ ’ਤੇ ਦੇਸ਼ ਦੇ ਰਾਸ਼ਟਰਪਤੀ, ਗ੍ਰਹਿ ਮੰਤਰੀ ਨੂੰ ਮਿਲਿਆ ਜਾਵੇਗਾ, ਜਿਸ ਬਾਰੇ ਦਸਤਾਵੇਜ਼ੀ ਕਾਰਵਾਈ ਆਰੰਭੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੰਗਤ ਤੱਕ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਨਿਰਵਿਘਨ ਪਹੁੰਚਾਉਣਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਅਤੇ ਇਸ ਵਾਸਤੇ ਅਗਲੀ ਕਾਰਵਾਈ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹੋਏ ਆਦੇਸ਼ ਅਤੇ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਫੈਸਲਾ ਕੀਤਾ ਜਾਵੇਗਾ। ਇਸ ਦੌਰਾਨ ‘ਆਪ’ ਸਰਕਾਰ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨੂੰ ਲੈ ਕੇ ਰਾਸ਼ਟਰਪਤੀ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਵਫਦ ਦੇ ਰੂਪ ਵਿੱਚ ਜਲਦ ਮਿਲਣ ਦਾ ਫ਼ੈਸਲਾ ਕੀਤਾ ਗਿਆ ਤੇ ਗੁਰਦੁਆਰਾ ਐਕਟ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਦਖ਼ਲ ਦੇਣ, ਸਿੱਖ ਕਕਾਰਾਂ ਦਾ ਅਹਿਮ ਹਿੱਸਾ ਦਾੜ੍ਹੀ, ਕੇਸਾਂ ਦੀ ਤੌਹੀਨ ਕਰਨ ਅਤੇ ਰਾਗੀ ਸਿੰਘਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਨਤਕ ਤੌਰ ’ਤੇ ਮੁਆਫ਼ੀ ਮੰਗਣ ਲਈ ਕਿਹਾ ਗਿਆ।

ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਹੋਏ ਇਸ ਵਿਸ਼ੇਸ਼ ਇਜਲਾਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਤੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਵੱਡੀ ਗਿਣਤੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ।

ਐਡਵੋਕੇਟ ਧਾਮੀ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਵਿੱਚ ਸੋਧ ਸ਼੍ਰੋਮਣੀ ਕਮੇਟੀ ਦੀਆਂ ਸਿਫ਼ਾਰਸ਼ਾਂ ਨਾਲ ਹੀ ਸੰਭਵ ਹੈ। ਉਨ੍ਹਾਂ ਸੰਨ 1959 ਵਿੱਚ ਮਾਸਟਰ ਤਾਰਾ ਸਿੰਘ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦਰਮਿਆਨ ਹੋਏ ਸਮਝੌਤੇ ਅਤੇ ਪੰਜਾਬ ਪੁਨਰ ਗਠਨ ਐਕਟ 1966 ਦੀ ਧਾਰਾ 72 ਦਾ ਹਵਾਲਾ ਦਿੰਦਿਆਂ ਆਖਿਆ ਕਿ ਸਿੱਖ ਗੁਰਦੁਆਰਾ ਐਕਟ ਅੰਦਰ ਕਿਸੇ ਵੀ ਸੋਧ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਦੋ ਤਿਹਾਈ ਮੈਂਬਰਾਂ ਦੀ ਸਹਿਮਤੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਪਰ ਸ੍ਰੀ ਮਾਨ ਦੀ ਸਰਕਾਰ ਨੇ ਆਪਣੇ ਆਕਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਿੱਖ ਵਿਰੋਧੀ ਸੋਚ ਨੂੰ ਲਾਗੂ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੇ ਮੰਤਵ ਨਾਲ ਇਹ ਸੋਧ ਬਿੱਲ ਪਾਸ (ਬਾਕੀ ਸਫ਼ਾ 29 ’ਤੇ)

## ਪੰਜਾਬ ਸਰਕਾਰ ਦੀ ਕਾਰਵਾਈ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਦਖ਼ਲ ਕਰਾਰ



## ਇਜਲਾਸ ਦੌਰਾਨ ਵੱਖ-ਵੱਖ ਮੈਂਬਰਾਂ ਨੇ ਕੀਤਾ ਸੰਬੋਧਨ



ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ, ਜਸਵੰਤ ਸਿੰਘ ਪੁੜੈਣ, ਕੁਲਵੰਤ ਸਿੰਘ ਮੰਨਣ, ਬੀਬੀ ਕਿਰਨਜੋਤ ਕੌਰ ਆਦਿ ਸਣੇ ਲਗਪਗ 23 ਬੁਲਾਰਿਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਦੀ ਗਲਤੀ ਮੁਆਫ਼ ਕਰਨਯੋਗ ਨਹੀਂ ਹੈ ਅਤੇ ਇਸ ਦਾ ਸਖ਼ਤ ਜਵਾਬ ਦੇਣਾ ਲਾਜ਼ਮੀ ਹੈ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਵਿਧਾਨ ਸਭਾ ’ਚ ਮੁੱਖ ਮੰਤਰੀ ਤੇ ਵਿਧਾਇਕਾਂ ਵਲੋਂ ਜੋ ਸਿੱਖੀ ਸਰੂਪ ਸੰਬੰਧੀ ਕੀਤੀਆਂ ਟਿੱਪਣੀਆਂ ਸੰਬੰਧੀ ਸਪੀਕਰ ਕੁਲਤਾਰ ਸਿੰਘ ਸੰਧਵਾਂ, ਜੋ ਖੁਦ ਅੰਮ੍ਰਿਤਧਾਰੀ ਹਨ, ਦੀ ਜ਼ਿੰਮੇਵਾਰੀ ਬਣਦੀ ਸੀ ਕਿ ਇਨ੍ਹਾਂ ਇਤਰਾਜ਼ਯੋਗ ਟਿੱਪਣੀਆਂ ਦਾ ਨੋਟਿਸ ਲੈਂਦੇ, ਪਰ ਉਹ ਵੀ ਅਜਿਹਾ ਨਾ ਕਰਕੇ ਦੋਸ਼ੀਆਂ ਦੀ ਕਤਾਰ ਵਿੱਚ ਸ਼ਾਮਿਲ ਹੋਏ ਹਨ, ਇਸ ਲਈ ਸਪੀਕਰ ਸੰਧਵਾਂ ਵੀ ਸਿੱਖ ਕੌਮ ਪਾਸੋਂ ਮੁਆਫ਼ੀ ਮੰਗਣ।

ਜ਼ਿਕਰਯੋਗ ਹੈ ਕਿ ਬਾਦਲ ਦਲ ਵਿਰੋਧੀ ਮੈਂਬਰਾਂ ਦੇ ਸੰਬੋਧਨ ਦੌਰਾਨ ਨੋਕ-ਝੋਕ ਵੀ ਹੋਈ। ਵਿਰੋਧੀ ਧਿਰ ਨਾਲ ਸੰਬੰਧਿਤ ਮੈਂਬਰਾਂ ਭਾਈ ਗੁਰਪ੍ਰੀਤ ਸਿੰਘ ਰੰਧਾਵਾ, ਮਲਕੀਤ ਸਿੰਘ ਚੰਗਾਲ, ਨਿਰਵੈਲ ਸਿੰਘ ਜੌਲਾਂ, ਅਮਰੀਕ ਸਿੰਘ ਸ਼ਾਹਪੁਰ ਤੇ ਧਰਮ ਪ੍ਰਚਾਰ ਕਮੇਟੀ ਮੈਂਬਰ ਰਾਮਪਾਲ ਸਿੰਘ ਬਹਿਣੀਵਾਲ ਆਦਿ ਨੇ ਕਿਹਾ ਹੈ ਕਿ ਬਾਦਲ ਪਰਿਵਾਰ ਦੇ ਇਕ ਨਿੱਜੀ ਚੈਨਲ ਦਾ ਏਕਾਧਿਕਾਰ ਹੋਣ ਕਾਰਨ ਹੀ ਇਹ ਨੌਬਤ ਆਈ ਹੈ, ਇਸ ਲਈ ਸ਼੍ਰੋਮਣੀ ਕਮੇਟੀ ਇਹ ਏਕਾਧਿਕਾਰ ਸਮਾਪਤ ਕਰਨ ਵਾਸਤੇ ਤੁਰੰਤ ਆਪਣਾ ਚੈਨਲ ਸ਼ੁਰੂ ਕਰੇ।

## ਬੀਬੀ ਜਗੀਰ ਕੌਰ ਦਾ ਮਾਈਕ ਬੰਦ ਕੀਤਾ, ਧਾਮੀ ਨਾਲ ਤਿੱਖੀ ਬਹਿਸ



ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ‘ਆਪ’ ਸਰਕਾਰ ਦੇ ਸੋਧ ਬਿੱਲ ਦੇ ਰੂਪ ਵਿੱਚ ਪਾਸ ਕੀਤੇ ਮਤੇ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤਾ ਮਤਾ ਸਿੱਖ ਪੰਥ ਨੂੰ ਵੰਗਾਰਨ ਵਾਲਾ ਹੈ ਤੇ ਸਾਨੂੰ ਵੀ ਪੰਥਕ ਮਤਾ ਪਾਸ ਕਰਨਾ ਚਾਹੀਦਾ ਹੈ ਤੇ ਆਪਣਾ ਉਪਗ੍ਰਹਿ ਚੈਨਲ ਸ਼ੁਰੂ ਕਰਨਾ ਚਾਹੀਦਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਸਰਕਾਰ ਇਹ ਨਹੀਂ ਦੱਸ ਸਕਦੀ ਕਿ ਚੈਨਲ ਕਿਸ ਨੂੰ ਦਿੱਤਾ ਜਾਵੇ, ਇਹ ਕਮੇਟੀ ਦੀ ਮਰਜ਼ੀ ਹੈ ਕਿ ਉਹ ਇੱਕ ਚੈਨਲ ਨੂੰ ਅਧਿਕਾਰ ਦੇਵੇ ਜਾਂ 100 ਨੂੰ ਦੇਵੇ, ਸਰਕਾਰ ਇਸ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਮਸਲਾ ਇਕ ਚੈਨਲ ਦੇ ਏਕਾਧਿਕਾਰ ਨੂੰ ਖ਼ਤਮ ਕਰਨ ਦਾ ਹੀ ਨਹੀਂ ਹੈ, ਬਲਕਿ ਬਾਦਲ ਪਰਿਵਾਰ ਵੱਲੋਂ ਪੰਥਕ ਹਿਤਾਂ ਨੂੰ ਤਿਲਾਂਜਲੀ ਦੇਣ ਦਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਪੰਥ ਦੀ ਆਵਾਜ਼ ਸੀ ਤਾਂ ਹੀ ਮੁੱਖ ਮੰਤਰੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਜਦੋਂ ਇਸ ਬਾਰੇ ਸਾਲ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕੀਤਾ ਗਿਆ ਸੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਕੁਝ ਕਿਉਂ ਨਹੀਂ ਕੀਤਾ ਗਿਆ। ਬੀਬੀ ਜਗੀਰ ਕੌਰ ਨੇ ਕਿਹਾ ਸਿਰਫ ਪੀਟੀਸੀ ਨੂੰ ਪ੍ਰਸਾਰਣ ਦੇ ਅਧਿਕਾਰ ਦੇਣਾ ਹੀ ਮੁੱਦਾ ਨਹੀਂ ਹੈ ਬਲਕਿ ਲਿਫਾਫਾ ਕਲਚਰ ਨੇ ਵੀ ਸਿੱਖ ਮਰਿਆਦਾ ਨੂੰ ਸੱਟ ਮਾਰੀ ਹੈ,ਇੱਕ ਪਰਿਵਾਰ ਦੇ ਹਿੱਤਾਂ ਲਈ ਪੰਥਕ ਸੋਚ ਦੇ ਸਿਧਾਂਤ ਨੂੰ ਤਿਲਾਂਜਲੀ ਦਿੱਤੀ ਗਈ ਹੈ। ਅਸੀਂ ਗੁਰੂ ਨਾਨਕ ਦੀ ਸੋਚ ਤੋਂ ਮੁਖ ਮੋੜਿਆ ਹੈ । ਇਸ ਤੋਂ ਬਾਅਦ ਜਦੋਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ 2 ਮਤੇ ਪੇਸ਼ ਕਰਨਾ ਚਾਹੁੰਦੇ ਹਨ ਤਾਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਦਾ ਸਖਤ ਵਿਰੋਧ ਕੀਤਾ। ਉਹਨਾਂ ਕਿਹਾ ਕਿ ਉਨ੍ਹਾਂ ਕਿਹਾ ਇਹ ਮੇਰਾ ਕੰਮ ਹੈ। ਦੋਵਾਂ ਦੇ ਵਿਚਾਲੇ ਤਿੱਖੀ ਬਹਿਸ ਦੌਰਾਨ ਸ੍ਰੋਮਣੀ ਕਮੇਟੀ ਦਾ ਲਾਈਵ ਪ੍ਰਸਾਰਣ ਬੰਦ ਕਰ ਦਿੱਤਾ ਗਿਆ। ਬੀਬੀ ਜਗੀਰ ਕੌਰ ਨੇ ਸਵਾਲ ਚੁੱਕਦਿਆਂ ਕਿਹਾ ਕਿ ਜਦੋਂ ਇੱਕ ਵਿਅਕਤੀ ਚੈਨਲ ਚਲਾ ਸਕਦਾ ਹੈ ਤਾਂ ਸਿੱਖਾਂ ਦੀ ਸਿਰਮੌਰ ਸੰਸਥਾ ਕੀ ਆਪਣਾ ਇੱਕ ਚੈਨਲ ਨਹੀਂ ਚਲਾ ਸਕਦੀ। ਇਸ ਮੌਕੇ ਉਨ੍ਹਾਂ ਸਾਫ਼ ਕੀਤਾ ਕਿ ਇਹ ਐਸਜੀਪੀਸੀ ਯੂਟਿਊਬ ਨਹੀਂ, ਸਗੋਂ ਸੈਟੇਲਾਈਟ ਚੈਨਲ ਚਲਾਵੇ। ਉਨ੍ਹਾਂ ਨੇ ਸਰਕਾਰ ਵੱਲੋਂ ਪਾਸ ਕੀਤੇ ਗਏ ਬਿੱਲ ਦੀ ਨਿੰਦਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਖਿਲਾਫ਼ ਚੁੱਪ ਧਾਰੀ ਬੈਠਾ ਹੈ।

## ਜਥੇ. ਗਿ. ਹਰਪ੍ਰੀਤ ਸਿੰਘ ਇਜਲਾਸ ’ਚ ਨਹੀਂ ਹੋਏ ਸ਼ਾਮਿਲ



ਸ਼੍ਰੋਮਣੀ ਕਮੇਟੀ ਦੇ ਵਿਸ਼ੇਸ਼ ਇਜਲਾਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਤਾਂ ਸ਼ਾਮਿਲ ਹੋਏ, ਪਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸ਼ਾਮਿਲ ਨਹੀਂ ਹੋਏ। ਆਮ ਤੌਰ ’ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸਾਂ ਵਿੱਚ ਤਖ਼ਤ ਸਾਹਿਬਾਨ ਦੇ ਜਥੇਦਾਰ ਵੀ ਸ਼ਾਮਿਲ ਹੁੰਦੇ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬੀਤੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗਿਆਨੀ ਸੁਲਤਾਨ ਸਿੰਘ ਦੇ ਸੇਵਾ ਸੰਭਾਲ ਸਮਾਗਮ ਵਿੱਚ ਵੀ ਸ਼ਾਮਿਲ ਨਹੀਂ ਸਨ ਹੋਏ। ਸ਼੍ਰੋਮਣੀ ਕਮੇਟੀ ਦੇ ਦੋਵਾਂ ਅਹਿਮ ਸਮਾਗਮਾਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਗ਼ੈਰ ਹਾਜ਼ਰੀ ਨੂੰ ਲੈ ਕੇ ਬਾਦਲ ਦਲ ਵਿੱਚ ਕਾਫੀ ਚਰਚਾ ਰਹੀ ਤੇ ਇਸ ਦਾ ਕਾਰਨ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਨਾਲ ਚੱਲ ਰਹੀ ਨਰਾਜ਼ਗੀ ਸਮਝਿਆ ਜਾ ਰਿਹਾ ਹੈ।

ਪੰਥਕ ਜਥੇਬੰਦੀਆਂ ਵੱਲੋਂ ਆਪ ਸਰਕਾਰ ਦੀ ਨਿੰਦਾ ਤੇ ਸ਼੍ਰੋਮਣੀ ਕਮੇਟੀ ਤੋਂ ਪੰਥ ਦਾ ਚੈਨਲ ਖੋਲਣ ਦੀ ਮੰਗ

(ਬਾਕੀ ਸਫ਼ਾ 29 ’ਤੇ)

## ਸ਼੍ਰੋਮਣੀ ਕਮੇਟੀ ਦਾ ਇਜਲਾਸ ਸਿਰਫ਼ ਮੈਨੂੰ ਭੰਡਣ ਲਈ ਇੱਕ ਮੰਚ: ਭਗਵੰਤ ਮਾਨ



ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਗਏ ਜਨਰਲ ਇਜਲਾਸ ’ਤੇ ਉਜ਼ਰ ਜਤਾਉਂਦਿਆਂ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇਸ ਵਿਸ਼ੇਸ਼ ਇਜਲਾਸ ਦੌਰਾਨ ਉਨ੍ਹਾਂ ’ਤੇ ਦੋਸ਼ ਲਾਉਣ ਤੋਂ ਇਲਾਵਾ ਹੋਰ ਕੀ ਕੀਤਾ ਹੈ। ਮੁੱਖ ਮੰਤਰੀ ਨੇ ਇਕ ਬਿਆਨ ਵਿੱਚ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸੱਦੇ ਵਿਸ਼ੇਸ਼ ਇਜਲਾਸ ਨੂੰ ਸਿਰਫ ਉਨ੍ਹਾਂ ਨੂੰ ਭੰਡਣ ਲਈ ਇਕ ਮੰਚ ਵਜੋਂ ਵਰਤਿਆ ਗਿਆ। ਉਨ੍ਹਾਂ ਕਿਹਾ ਕਿ ਇਜਲਾਸ ਵਿੱਚੋਂ ਪਵਿੱਤਰ ਗੁਰਬਾਣੀ ਦੇ ਮੁਫ਼ਤ ਪ੍ਰਸਾਰਣ ਦਾ ਮੁੱਦਾ ਕਿੱਥੇ ਗੁਆਚ ਗਿਆ, ਇਸ ਨੂੰ ਉਭਾਰਿਆ ਕਿਉਂ ਨਹੀਂ ਗਿਆ। ਉਨ੍ਹਾਂ ਕਿਹਾ ਕਿ ਇਹ ਇਜਲਾਸ ਸ਼੍ਰੋਮਣੀ ਕਮੇਟੀ ’ਤੇ ਰਾਜ ਕਰ ਰਹੇ ਪਰਿਵਾਰ ਨੂੰ ਬਚਾਉਣ ਲਈ ਆਗੂਆਂ ਦੇ ਇਕੱਠ ਤੋਂ ਵੱਧ ਕੁਝ ਨਹੀਂ। ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਿਰਫ ਆਪਣੇ ਆਕਾਵਾਂ ਦੇ ਇਸ਼ਾਰੇ ’ਤੇ ਚੱਲ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਵਜੋਂ ਵਿਚਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਭ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਇਸ ਦੇ ਪ੍ਰਧਾਨ ਕਿਵੇਂ ਅਕਾਲੀ ਦਲ ਵਿੱਚ ਇਕ ਪਰਿਵਾਰ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੇ ਹਨ।

ਗੁਰਦੁਆਰਾ ਐਕਟ ਵਿੱਚ ਸੋਧ ਦਾ ਵਿਵਾਦ

# ਸ਼੍ਰੋਮਣੀ ਕਮੇਟੀ ਵਿਸ਼ਵ ਕਾਨਫ਼ਰੰਸ ਸੱਦੇ –ਜਥੇਦਾਰ ਖ਼ਾਲਸਾ

## ਯੂਨਾਈਟਿਡ ਸਿੱਖ ਮੂਵਮੈਂਟ ਨੇ ਕਰਵਾਇਆ ਸੈਮੀਨਾਰ

## ਸਿੱਖ ਚਿੰਤਕਾਂ ਵੱਲੋਂ ਸ਼੍ਰੋਮਣੀ ਕਮੇਟੀ ਵਿੱਚ ਸਰਕਾਰੀ ਦਖ਼ਲ ਅੰਦਾਜ਼ੀ ਦੀ ਨਿੰਦਾ




ਜਲੰਧਰ/ਏ.ਟੀ.ਨਿਊਜ਼ : ਜੇ ਸਿੱਖ ਕੌਮ ਨੇ ਸਰਕਾਰ ਵੱਲੋਂ ਇਹ ਆਪਮੁਹਾਰੇ ਕੀਤੀ ਹੋਈ ਤਬਦੀਲੀ ਮੰਨ ਲਈ ਤਾਂ ਇਹ ਸ਼੍ਰੋਮਣੀ ਕਮੇਟੀ ਵਿੱਚ ਸਰਕਾਰੀ ਦਖਲ ਅੰਦਾਜ਼ੀ ਦਾ ਰਾਹ ਖੋਲ੍ਹ ਦੇਵੇਗੀ ਕਿ ਭਵਿੱਖ ਵਿੱਚ ਕਦੇ ਵੀ ਐਕਟ ਵਿੱਚ ਤਬਦੀਲੀ ਕਰਕੇ ਸਰਕਾਰ ਦਾ ਦਖ਼ਲ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਵਿੱਚ ਵੱਧ ਜਾਵੇਗਾ ਅਤੇ ਬਹੁਤ ਸਮੇਂ ਤੋਂ ਸਰਕਾਰੀ ਏਜੰਸੀਆਂ ਸਿੱਖ ਗੁਰਧਾਮਾਂ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ । ਪੰਜਾਬ ਸਰਕਾਰ ਨੇ ਹੁਣੇ ਜਿਹੇ ਆਪ-ਮੁਹਾਰੇ ਗੁਰਦੁਆਰਾ ਐਕਟ ਵਿੱਚ ਤਬਦੀਲੀ ਕੀਤੀ ਹੈ ਇਹ ਇਕ ਪੰਥ ਵਿਰੋਧੀ ਖ਼ਤਰਨਾਕ ਪਰੰਪਰਾ ਦੀ ਸ਼ੁਰੂਆਤ ਹੈ । 90 ਫੀਸਦੀ ਸਿੱਖ ਬਾਦਲਾਂ ਦੇ ਖ਼ਿਲਾਫ਼ ਹਨ, ਪਰ ਜਿਸ ਤਰੀਕੇ ਨਾਲ ਪੰਜਾਬ ਸਰਕਾਰ ਨੇ ਇਹ ਸੋਧ ਕੀਤੀ ਹੈ, ਇਹ ਦਖ਼ਲ ਸਰਕਾਰ ਬਨਾਮ ਬਾਦਲਾਂ ਦੀ ਬਜਾਏ ਸਰਕਾਰ ਬਨਾਮ ਸਿੱਖ ਬਣ ਗਿਆ ਹੈ । ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਬੁੱਧੀਜੀਵੀਆਂ ਨੇ ਕਿਹਾ ਕਿ ਇਸ ਮੁੱਦੇ 'ਤੇ ਮੁੜ ਵਿਚਾਰ ਕੀਤਾ ਜਾਵੇ ਤੇ ਸੋਧ ਨੂੰ ਰੋਕਿਆ ਜਾਵੇ ।

ਇਹ ਪ੍ਰਗਟਾਵਾ ਪੰਜਾਬ ਪ੍ਰੈੱਸ ਕਲੱਬ ਵਿਖੇ ਪਰਮਿੰਦਰ ਪਾਲ ਸਿੰਘ ਖ਼ਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ (ਇੰਟਰਨੈਸ਼ਨਲ), ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ, ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਪ੍ਰਿੰਸੀਪਲ ਪਰਵਿੰਦਰ ਸਿੰਘ ਖ਼ਾਲਸਾ ਸੰਚਾਲਕ ਗੁਰਮਤਿ ਚੇਤਨਾ ਲਹਿਰ, ਗੁਰਬਚਨ ਸਿੰਘ ਦੇਸ ਪੰਜਾਬ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਕੁਲਦੀਪ ਸਿੰਘ ਵਿਰਕ, ਹਰਪ੍ਰੀਤ ਸਿੰਘ, , ਸੁਰਿੰਦਰ ਪਾਲ ਸਿੰਘ ਗੋਲਡੀ ਨੇ ਕੀਤਾ ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਜਦੋਂ ਦਾ ਸਿੱਖ ਗੁਰਦੁਆਰਾ ਐਕਟ 1925 ਬਣਿਆ ਹੈ, ਉਦੋਂ ਤੋਂ ਅੱਜ ਤੱਕ ਜਿੰਨੀਆਂ ਵੀ ਸੋਧਾਂ ਜਾਂ ਤਬਦੀਲੀਆਂ ਹੋਈਆਂ ਹਨ ਉਹ ਐਸ.ਜੀ.ਪੀ.ਸੀ. (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਜਾਂ ਸਿੱਖ ਕੌਮ ਦੀ ਸਹਿਮਤੀ ਨਾਲ ਹੀ ਹੋਈਆਂ ਹਨ । ਇਸ ਮੌਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਪੰਜਾਬ ਸਰਕਾਰ ਖ਼ਿਲਾਫ਼ ਸਖ਼ਤ ਕਦਮ ਚੁੱਕਣ ਦੀ ਜ਼ਰੂਰਤ ਹੈ।ਵਿਚਾਰ ਗੋਸ਼ਟੀ ਦੇ ਮੁੱਖ ਮਹਿਮਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੁਰਦੁਆਰਾ ਐਕਟ ਵਿੱਚ ਸੋਧ ਕਰ ਕੇ ਸਿੱਖ ਕੌਮ ਦੇ ਮਾਮਲਿਆਂ ਵਿੱਚ ਸਿੱਧਾ ਦਖ਼ਲ ਦਿੱਤਾ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ।ਮਾਨ ਸਰਕਾਰ ਨੇ ਸਿੱਖ ਗੁਰਦੁਆਰਾ ਐਕਟ ਵਿੱਚ ਇਹ ਸੋਧ ਇਹ ਮੰਤਵ ਦੱਸ ਕੇ ਕੀਤੀ ਹੈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਸਾਰੇ ਟੀ.ਵੀ. ਚੈਨਲਾਂ ਅਤੇ ਹੋਰ ਮੀਡੀਆ ਪਲੇਟਫਾਰਮਾਂ ਰਾਹੀਂ ਮੁਫ਼ਤ ਚਾਹੁੰਦੀ ਹੈ ਅਤੇ ਇਸ ਸੰਬੰਧੀ ਪੀ.ਟੀ.ਸੀ. ਚੈਨਲ ਦੀ ਇਜਾਰੇਦਾਰੀ ਖ਼ਤਮ ਕਰਵਾਉਣਾ ਚਾਹੁੰਦੀ ਹੈ।ਕਿਸੇ ਇਕ ਚੈਨਲ ਦੀ ਗੁਰਬਾਣੀ ਕੀਰਤਨ ਦੇ ਪ੍ਰਸਾਰਨ 'ਤੇ ਇਜਾਰੇਦਾਰੀ ਨਾ ਰਹੇ, ਇਸ 'ਤੇ ਸਿੱਖ ਪੰਥ ਅਤੇ ਪੰਜਾਬ ਦੇ ਬਹੁਤੇ ਸਿੱਖਾਂ ਨੂੰ ਕੋਈ

ਇਤਰਾਜ਼ ਨਹੀਂ ਹੋ ਸਕਦਾ। ਪਰ ਸਿੱਖ ਪੰਥ ਵਿੱਚ ਵੱਡਾ ਇਤਰਾਜ਼ ਇਸ ਗੱਲ ਨੂੰ ਲੈ ਕੇ ਪਾਇਆ ਜਾ ਰਿਹਾ ਹੈ ਕਿ ਜੇਕਰ ਕਿਸੇ ਵੀ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਨਾਲ ਲੋੜੀਂਦਾ ਵਿਚਾਰ-ਵਟਾਂਦਰਾ ਕਰਨ ਤੋਂ ਬਿਨਾਂ ਹੀ ਸਿੱਖ ਗੁਰਦੁਆਰਾ ਐਕਟ ਵਿੱਚ ਸੋਧ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਇਕ ਬਹੁਤ ਹੀ ਗ਼ਲਤ ਤਰ੍ਹਾਂ ਦੀ ਪਰੰਪਰਾ ਸਥਾਪ੍ਰਿਤ ਹੋ ਜਾਵੇਗੀ। ਆਉਣ ਵਾਲੇ ਸਮੇਂ ਵਿੱਚ ਕੋਈ ਵੀ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਜਦੋਂ ਚਾਹੇ ਸਿੱਖ ਗੁਰਦੁਆਰਾ ਐਕਟ ਵਿੱਚ ਮਨਚਾਹੀਆਂ ਸੋਧਾਂ ਕਰ ਸਕੇਗੀ। ਇਸ ਨਾਲ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖ਼ਤਾਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗੀ। ਉਨ੍ਹਾਂ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਇਕ ਮੰਚ 'ਤੇ ਇਕੱਠੀਆਂ ਹੋਣ 'ਤੇ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਵਾਲੇ ਉਮੀਦਵਾਰਾਂ 'ਤੇ ਸਹਿਮਤੀ ਬਣਾਉਣ ਅਤੇ ਸਰਕਾਰੀ ਦਖਲ ਨੂੰ ਰੋਕਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਵੱਡਾ ਪੰਥਕ ਇਕੱਠ ਸੱਦਣਾ ਚਾਹੀਦਾ ਹੈ।

ਭਾਈ ਹਰਿਸਿਮਰਨ ਸਿੰਘ ਨੇ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿੱਚ ਧਾਰਮਿਕ, ਸਾਮਾਜਿਕ, ਵਿੱਦਿਅਕ, ਪ੍ਰਬੰਧਕੀ ਅਤੇ ਉਦੇਸ਼ਾਤਮਕ ਸੁਧਾਰ ਲਿਆਉਣ ਦੀ ਲੋੜ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਹੁਣ ਇਕ ਸਿੱਖਾਂ ਦੀ ਪਾਰਲੀਮੈਂਟ ਦੇ ਰੂਪ ਵਿਚ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਪੰਥਕ ਜੁਗਤਿ ਅਨੁਸਾਰ 1920 ਵਿੱਚ ਬਣੀ ਸ਼੍ਰੋਮਣੀ ਕਮੇਟੀ ਨੂੰ ਪੁਨਰ-ਸੁਰਜੀਤ ਕਰਨ ਦੀ ਦਿਸ਼ਾ ਵਿੱਚ ਅਗਵਾਈ ਦੇਣ ਤਾਂ ਜੋ ਇਸ ਕਮੇਟੀ ਨੂੰ ਐਕਟ ਤੋਂ ਮੁਕਤ ਕਰਵਾਇਆ ਜਾ ਸਕੇ। ਉਨ੍ਹਾਂ ਜਥੇਦਾਰਾਂ ਦੀ ਚੋਣ ਤੇ ਨਿਯੁਕਤੀ ਬਾਰੇ ਆਪਣਾ ਖਰੜਾ ਵੀ ਪੇਸ਼ ਕੀਤਾ।

ਸ. ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖ ਵਿਰੋਧੀ ਸਰਕਾਰੀ ਤੇ ਹੋਰ ਸ਼ਕਤੀਆਂ ਸ਼੍ਰੋਮਣੀ ਕਮੇਟੀ ਅਤੇ ਸਿੱਖ ਪੰਥ ਨੂੰ ਕਮਜ਼ੋਰ ਕਰਨ ਲਈ ਜੋ ਬਿਰਤਾਂਤ ਸਿਰਜ ਰਹੀਆਂ ਹਨ, ਉਸ ਦਾ ਮੁਕਾਬਲਾ ਕਰਨ ਲਈ ਸਾਰੀਆਂ ਪੰਥਕ ਸ਼ਕਤੀਆਂ ਨੂੰ ਇਕਜੁੱਟ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ

(ਬਾਕੀ ਸਫ਼ਾ 30 'ਤੇ)

## ਗਿ. ਸੁਲਤਾਨ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ



ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼ :ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਬੀਤੇ ਦਿਨੀਂ ਪੰਥਕ ਰਵਾਇਤਾਂ ਅਨੁਸਾਰ ਜਥੇਦਾਰ ਵਜੋਂ ਸੇਵਾ ਸੰਭਾਲ ਲਈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਏ ਸੇਵਾ ਸੰਭਾਲ ਸਮਾਗਮ ਮੌਕੇ ਸਕੱਤਰ ਪ੍ਰਤਾਪ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ 16 ਜੂਨ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦਾ ਮਤਾ ਪੜ੍ਹ ਕੇ ਸੁਣਾਇਆ। ਇਸ ਉਪਰੰਤ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਗਿਆਨੀ ਸੁਲਤਾਨ ਸਿੰਘ ਦੇ ਨਾਮ ਦਾ ਐਲਾਨ ਕੀਤਾ ਜਿਸ ਨੂੰ ਪੰਥਕ ਸ਼ਖ਼ਸੀਅਤਾਂ ਅਤੇ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ

(ਬਾਕੀ ਸਫ਼ਾ 29 'ਤੇ)

## ਪੀ.ਟੀ.ਸੀ. ਨੈੱਟਵਰਕ ਨੇ ਸ਼੍ਰੋਮਣੀ ਕਮੇਟੀ ਤੋਂ ਇੱਕ ਵੀ ਪੈਸਾ ਨਹੀਂ ਲਿਆ: ਰਬਿੰਦਰ ਨਰਾਇਣ



ਅੰਮ੍ਰਿਤਸਰ/ਏ.ਟੀ.ਨਿਊਜ਼ :ਪੀ.ਟੀ.ਸੀ ਨੈੱਟਵਰਕ ਦੇ ਐਮ.ਡੀ ਰਬਿੰਦਰ ਨਰਾਇਣ ਨੇ ਗੁਰਬਾਣੀ ਪ੍ਰਸਾਰਨ ਨੂੰ ਲੈ ਕੇ ਪੀ.ਟੀ.ਸੀ. ਨੈੱਟਵਰਕ 'ਤੇ ਲਗਾਏ ਜਾ ਰਹੇ ਦੋਸ਼ਾਂ ਸਮੇਤ ਚੈਨਲ ਦੀ ਟੀ.ਆਰ.ਪੀ. ਵਧਾਉਣ ਦੇ ਦੋਸ਼ਾਂ ਨੂੰ ਮੁੱਢੋਂ ਨਕਾਰਦਿਆਂ ਕਿਹਾ ਕਿ ਸਾਲ 2019-20 ਵਿੱਚ ਪੀ.ਟੀ.ਸੀ. ਨੈੱਟਵਰਕ ਦਾ ਮੁਨਾਫ਼ਾ ਸਿਰਫ਼ 62 ਲੱਖ ਰੁਪਏ ਸੀ ਜਦਕਿ ਪੰਜਾਬ ਸਰਕਾਰ ਇਸ ਤੋਂ 10 ਗੁਣਾ ਵੱਧ ਇਕ ਦਿਨ ਵਿੱਚ ਇਸ਼ਤਿਹਾਰ ਦੇ ਦਿੰਦੀ ਹੈ ।ਉਨ੍ਹਾਂ ਅੱਗੇ ਕਿਹਾ ਕਿ ਇਹ ਮੁਨਾਫ਼ਾ ਸਾਲ 2020-21 ਵਿੱਚ 1 ਕਰੋੜ 42 ਲੱਖ ਰੁਪਏ, 2021-22 'ਚ 2 ਕਰੋੜ 19 ਲੱਖ ਅਤੇ ਪਿਛਲੇ ਸਾਲ 2022-23 ਵਿੱਚ ਇਹ ਮੁਨਾਫ਼ਾ ਘੱਟ ਕੇ 1 ਕਰੋੜ 19 ਲੱਖ ਰੁਪਏ ਰਹਿ ਗਿਆ ।ਸ੍ਰੀ ਨਰਾਇਣ ਨੇ ਦੱਸਿਆ ਕਿ ਪੀ.ਟੀ.ਸੀ. ਨੈੱਟਵਰਕ 'ਤੇ ਸਾਲ 2019-20 'ਚ 27 ਕਰੋੜ 6 ਲੱਖ ਦਾ ਕਰਜ਼ ਸੀ ਜੋ ਕਿ ਸਾਲ 2020-21 'ਚ 26 ਕਰੋੜ 59 ਲੱਖ, ਸਾਲ 2021-22 'ਚ 26 ਕਰੋੜ 94 ਲੱਖ ਅਤੇ ਸਾਲ 2022-23 'ਚ ਵੱਧ ਕੇ 32 ਕਰੋੜ 24 ਲੱਖ ਰੁਪਏ ਤੱਕ ਪਹੁੰਚ ਗਿਆ ਹੈ । ਉਨ੍ਹਾਂ ਕਿਹਾ ਕਿ ਅਸੀਂ ਇਸ ਕਰਜ਼ ਬਦਲੇ ਕਿਸ਼ਤਾਂ ਦੇ ਰਹੇ ਹਾਂ ਅਤੇ ਉਨ੍ਹਾਂ ਸੁਖਬੀਰ ਸਿੰਘ ਬਾਦਲ ਤੇ ਪੀ.ਟੀ.ਸੀ. ਨੂੰ ਲੈ ਕੇ ਲੱਗ ਰਹੇ ਦੋਸ਼ਾਂ 'ਤੇ ਕਿਹਾ ਕਿ ਜਦੋਂ ਤੋਂ ਪੀ.ਟੀ.ਸੀ. ਨੈੱਟਵਰਕ ਬਣਿਆ ਹੈ ਉਦੋਂ ਤੋਂ ਕਦੇ ਵੀ ਹੁਣ ਤੱਕ ਸੁਖਬੀਰ ਸਿੰਘ ਬਾਦਲ ਪੀ.ਟੀ.ਸੀ. ਦੇ ਦਫ਼ਤਰ ਵਿੱਚ ਨਹੀਂ ਆਏ ਅਤੇ ਨਾ ਹੀ ਚੈਨਲ ਬਨਣ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਕੋਈ ਪੈਸਾ ਇਸ ਚੈਨਲ ਵਿੱਚ ਲਗਾਇਆ । ਉਨ੍ਹਾਂ ਕਿਹਾ ਕਿ ਪੰਜਾਬ ਦੇ ਜਿਹੜੇ ਵੀ ਪੰਜਾਬੀ ਚੈਨਲ ਹਨ ਉਹ ਸਾਰੇ ਕਰਜ਼ੇ ਦੀ ਮਾਰ ਹੇਠ ਹਨ ਅਤੇ ਜੇਕਰ ਅਸੀਂ ਵੀ ਪੈਸਾ ਲੁੱਟਿਆ ਹੁੰਦਾ ਤਾਂ ਸਾਡੇ ਸਿਰ ਇੰਨਾ ਕਰਜ਼ ਨਾ ਹੁੰਦਾ ।ਸ੍ਰੀ ਰਬਿੰਦਰ ਨਰਾਇਣ ਨੇ ਅੱਗੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਇਕ ਵੀ ਰੁਪਇਆ ਪੀ.ਟੀ.ਸੀ. ਨੂੰ ਨਹੀਂ ਦਿੱਤਾ ਅਤੇ ਜੇਕਰ ਕੋਈ ਇਹ ਸਾਬਿਤ ਕਰ ਦਿੰਦਾ ਹੈ ਤਾਂ ਅਸੀਂ ਉਸ ਨੂੰ ਇਕ ਕਰੋੜ ਰੁਪਏ ਇਨਾਮ ਦੇ ਦੇਵਾਂਗੇ । ਉਨ੍ਹਾਂ ਅੱਗੇ ਕਿਹਾ ਕਿ ਪੀ.ਟੀ.ਸੀ. ਨੈੱਟਵਰਕ ਨੇ 2007 ਤੋਂ 2022 ਤੱਕ ਧਾਰਮਿਕ ਪ੍ਰੋਗਰਾਮਾਂ ਦਾ ਪ੍ਰਸਾਰਨ ਮੁਫ਼ਤ ਵਿੱਚ ਕੀਤਾ ਅਤੇ ਇਸ ਬਦਲੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸੰਸਾ ਚਿੱਠੀ ਵੀ ਨੈੱਟਵਰਕ ਨੂੰ ਭੇਜੀ ਗਈ ਸੀ ।ਉਨ੍ਹਾਂ ਕਿਹਾ ਕਿ ਹੁਣ ਤਕ ਸ਼੍ਰੋਮਣੀ ਕਮੇਟੀ ਦੇ ਸਮਾਗਮਾਂ ਅਤੇ ਗਤੀਵਿਧੀਆਂ ਦੀ ਕਵਰੇਜ਼ ਦੀ 61 ਕਰੋੜ 85 ਲੱਖ ਰਾਸ਼ੀ ਬਣਦੀ ਸੀ ਅਤੇ ਪੀ.ਟੀ.ਸੀ. ਵਲੋਂ ਉਹ ਵੀ ਨਹੀਂ ਲਈ ਗਈ ।ਉਨ੍ਹਾਂ ਅੰਤ 'ਚ ਕਿਹਾ ਕਿ ਗੁਰਬਾਣੀ ਪ੍ਰਸਾਰਨ ਦੀ ਇਹ ਸੇਵਾ ਜੋ ਗੁਰੂ ਸਾਹਿਬ ਨੇ ਪੀ.ਟੀ.ਸੀ ਨੈੱਟਵਰਕ ਦੀ ਲਗਾਈ ਹੈ ਉਸ ਨੂੰ ਅਸੀਂ 25 ਸਾਲ ਤੋਂ ਨਿਭਾਅ ਰਹੇ ਹਾਂ ਅਤੇ ਭਵਿੱਖ ਵਿੱਚ ਜੋ ਵੀ ਫ਼ੈਸਲਾ ਸ਼੍ਰੋਮਣੀ ਕਮੇਟੀ ਲੈਂਦੀ ਹੈ ਉਸ ਨੂੰ ਅਸੀਂ ਖਿੜੇ ਮੱਥੇ ਪ੍ਰਵਾਨ ਕਰਾਂਗੇ ।

## ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਪੰਜਾਬੀ ਵਿਰਾਸਤ ਨਾਲ ਜੋੜਨ ਦੀ ਤਿਆਰੀ 'ਚ ਸਰਕਾਰ

ਐਸ ਏ ਐਸ ਨਗਰ (ਮੋਹਾਲੀ) : ਪੰਜਾਬ ਸਰਕਾਰ ਵੱਲੋਂ ਮੋਹਾਲੀ ਦੇ ਅੰਤਰਰਾਸ਼ਟਰੀ ਏਅਰਪੋਰਟ ਨੂੰ ਪੰਜਾਬੀ ਵਿਰਾਸਤ ਨਾਲ ਜੋੜਨ ਦੀ ਤਿਆਰੀ ਕੀਤੀ ਜਾ ਰਹੀ ਹੈ। 28 ਸਤੰਬਰ, 2022 ਨੂੰ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਚੰਡੀਗੜ੍ਹ ਰੱਖਿਆ ਗਿਆ ਸੀ।

ਹੁਣ ਇਸ ਨਵੇਂ ਨਾਂ ਦੀ ਪਹਿਲੀ ਵਰ੍ਹੇਗੰਢ ਤੋਂ ਪਹਿਲਾ ਸਰਕਾਰ ਨੇ ਹੁਣ ਇੱਥੇ ਨੌਜਵਾਨਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਬਾਰੇ ਜਾਣੂੰ ਕਰਵਾਉਣ ਦੀ ਯੋਜਨਾ ਬਣਾਈ ਹੈ।

ਦੱਸਿਆ ਜਾ ਰਿਹਾ ਹੈ ਕਿ ਸਰਕਾਰ ਇਸ 'ਤੇ 6.52 ਕਰੋੜ ਰੁਪਿਆ ਖ਼ਰਚਣ ਦੀ ਤਿਆਰੀ ਕਰ ਰਹੀ ਹੈ। ਇੱਥੇ ਨਿਸ਼ਾਨ-ਏ-ਇਨਕਲਾਬ ਪਲਾਜ਼ਾ ਬਣਾਉਣ ਦੀ ਤਿਆਰੀ ਖਿੱਚੀ ਜਾ ਰਹੀ ਹੈ।ਹਵਾਈ ਅੱਡੇ ਨੂੰ ਵਧੀਆ ਦਿੱਖ ਦੇਣ ਲਈ ਏਅਰਪੋਰਟ ਰੋਡ 'ਤੇ ਕਾਫ਼ੀ ਪੈਸਾ ਖ਼ਰਚ ਕੀਤਾ ਗਿਆ ਹੈ।

ਸੜਕ 'ਤੇ ਲਾਏ ਗਏ ਪੌਦਿਆਂ ਅਤੇ ਚੌੜੀ ਸੜਕ ਨੂੰ ਦੇਖ ਕੇ ਇਕ ਵਾਰ ਲੱਗਦਾ ਹੈ ਕਿ ਜਿਵੇਂ ਵਿਦੇਸ਼ ਆ ਗਏ ਹੋਵੋ। ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਕੰਮ ਲਈ ਜਲਦੀ ਹੀ ਟੈਂਡਰ ਜਾਰੀ ਕੀਤੇ ਜਾਣਗੇ ਅਤੇ ਟੈਂਡਰ ਜਾਰੀ ਹੋਣ ਮਗਰੋਂ ਠੇਕੇਦਾਰ ਨੂੰ 6 ਮਹੀਨਿਆਂ ਅੰਦਰ ਸਾਰਾ ਕੰਮ ਖ਼ਤਮ ਕਰਨਾ ਪਵੇਗਾ।

## ਗੁਰਮੀਤ ਕੜਿਆਲਵੀ ਦੇ ਕਹਾਣੀ ਸੰਗ੍ਰਹਿ 'ਸੱਚੀ ਦੀ ਕਹਾਣੀ' ਨੂੰ ਬਾਲ ਸਾਹਿਤ ਪੁਰਸਕਾਰ ਮਿਲੇਗਾ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਸਾਹਿਤ ਅਕੈਡਮੀ ਨੇ ਬਾਲ ਸਾਹਿਤ ਪੁਰਸਕਾਰ 2023 ਲਈ 22 ਬਾਲ ਸਾਹਿਤਕਾਰਾਂ ਅਤੇ ਯੁਵਾ ਪੁਰਸਕਾਰ ਲਈ 20 ਯੁਵਾ ਸਾਹਿਤਕਾਰਾਂ ਦੇ ਨਾਮ ਐਲਾਨੇ ਹਨ। ਪੰਜਾਬੀ ਵਿੱਚ ਬਾਲ ਸਾਹਿਤ ਪੁਰਸਕਾਰ ਲਈ ਗੁਰਮੀਤ ਕੜਿਆਲਵੀ ਦੇ ਕਹਾਣੀ ਸੰਗ੍ਰਹਿ 'ਸੱਚੀ ਦੀ ਕਹਾਣੀ' ਦੀ ਚੋਣ ਕੀਤੀ ਗਈ ਹੈ ਜਦਕਿ ਯੁਵਾ ਸਾਹਿਤਕਾਰ ਲਈ ਸੰਦੀਪ ਦੀ ਚੋਣ ਹੋਈ ਹੈ।ਸੰਦੀਪ ਦੀ ਚੋਣ ਕਵਿਤਾ ਸੰਗ੍ਰਹਿ 'ਚਿੱਤ ਦਾ ਜੁਗਰਾਫੀਆ' ਲਈ ਹੋਈ ਹੈ। ਅਕੈਦਮੀ ਦੇ ਪੰਜਾਬੀ ਸੈਕਸ਼ਨ ਦੇ ਕਨਵੀਨਰ ਡਾ. ਰਵੇਲ ਸਿੰਘ ਨੇ ਦੱਸਿਆ ਕਿ ਪੰਜਾਬੀ ਬਾਲ ਸਾਹਿਤ ਐਵਾਰਡ ਐਲਾਨਣ ਲਈ ਜਿਊਰੀ ਵਿੱਚ ਪ੍ਰਸਿੱਧ ਬਾਲ ਸਾਹਿਤਕਾਰ ਡਾ. ਦਰਸ਼ਨ ਸਿੰਘ ਆਸ਼ਟ, ਨਛੱਤਰ ਤੇ ਪ੍ਰੋ. ਪ੍ਰੀਤਮ ਸਿੰਘ ਸ਼ਾਮਲ ਸਨ ਜਦੋਂ ਕਿ ਯੁਵਾ ਸਾਹਿਤਕਾਰ ਐਵਾਰਡ ਲਈ ਪੰਜਾਬੀ ਲੇਖਕਾਂ ਦੀ ਜਿਊਰੀ ਵਿੱਚ ਬਲਵਿੰਦਰ ਸਿੰਘ ਬਰਾੜ, ਨਰਵਿੰਦਰ ਸਿੰਘ ਕੌਸ਼ਲ ਤੇ ਡਾ. ਪਾਲ ਕੌਰ ਸ਼ਾਮਲ ਸਨ ।ਜਾਣਕਾਰੀ ਅਨੁਸਾਰ ਸੂਰਿਆਨਾਥ ਸਿੰਘ ਦੀ ਪੁਸਤਕ 'ਕੌਤੁਕ ਏਪ' ਨੂੰ ਹਿੰਦੀ ਵਿੱਚ ਬਾਲ ਸਾਹਿਤ ਪੁਰਸਕਾਰ ਲਈ ਚੁਣਿਆ ਗਿਆ ਹੈ। ਇਸੇ ਤਰ੍ਹਾਂ ਅੰਗਰੇਜ਼ੀ ਵਿੱਚ ਬਾਲ ਸਾਹਿਤ ਲਈ ਸੁਧਾ ਮੂਰਤੀ ਦੀ ਪੁਸਤਕ 'ਗ੍ਰੈਂਡਪੇਰੈਂਟਸ ਬੈਗ ਆਫ ਸਟੋਰੀਜ਼' ਅਤੇ ਉਰਦੂ ਲਈ ਮਰਹੂਮ ਮਤੀਨ ਅਚਾਲਪੁਰੀ ਦੀ ਪੁਸਤਕ 'ਮਮਤਾ ਕੀ ਡੋਰ' ਦੀ ਚੋਣ ਕੀਤੀ ਗਈ ਹੈ। ਇਸੇ ਤਰ੍ਹਾਂ ਸੰਦੀਪ ਤੋਂ ਇਲਾਵਾ ਅਨਿਰੁੱਧ ਕਨੀਸੈੱਟੀ (ਅੰਗਰੇਜ਼ੀ), ਅਤੁਲ ਕੁਮਾਰ ਰਾਏ (ਹਿੰਦੀ) ਅਤੇ ਤੌਸਿਫ ਬਰੇਲਵੀ (ਉਰਦੂ) ਸਮੇਤ ਹੋਰਾਂ ਨੂੰ ਯੁਵਾ ਪੁਰਸਕਾਰ ਦਿੱਤਾ ਜਾਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਅਮਰੀਕਾ ’ਚ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਪ੍ਰਦਰਸ਼ਨ

ਬੀਤੇ ਦਿਨੀਂ ਮਨੁੱਖੀ ਅਧਿਕਾਰਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸਾਰੀਆਂ ਜਥੇਬੰਦੀਆਂ ਨੇ ਅਮਰੀਕਾ ਦੇ ਸਰਕਾਰੀ ਦੌਰੇ ’ਤੇ ਗਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਦੇ ਖ਼ਿਲਾਫ਼ ਅਮਰੀਕੀ ਪ੍ਰੈਸ ਵਿੱਚ ਵੀ ਬਹੁਤ ਕੁਝ ਲਿਖਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਉੱਤੇ ਭਾਰਤ ਵਿੱਚ ਲੋਕ-ਤੰਤਰ ਨੂੰ ਕਮਜ਼ੋਰ ਕਰਨ ਅਤੇ ਘੱਟ ਗਿਣਤੀਆਂ ਉੱਤੇ ਜ਼ੁਲਮ ਦੀ ਨੀਤੀ ਅਪਣਾਉਣ ਦਾ ਦੋਸ਼ ਲਗਾਇਆ ਗਿਆ ਹੈ। ਸੱਤਰ ਤੋਂ ਵੱਧ ਸੰਸਦ ਮੈਂਬਰਾਂ ਨੇ ਇਕ ਅਪੀਲ ਉੱਤੇ ਦਸਤਖ਼ਤ ਕਰਕੇ ਰਾਸ਼ਟਰਪਤੀ ਜੋਅ ਬਿਡੇਨ ਤੋਂ ਮੰਗ ਕੀਤੀ ਗਈ ਹੈ ਕਿ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਮੁੱਦੇ ’ਤੇ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ। ਇਸ ਮੁੱਦੇ ’ਤੇ ਅਮਰੀਕੀ ਸਰਕਾਰ ਦੇ ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕਿਹਾ ਸੀ ਕਿ, ਜੋ ਬਿਡੇਨ ਮਨੁੱਖੀ ਅਧਿਕਾਰਾਂ ਦੇ ਮੁੱਦੇ ’ਤੇ ਨਰਿੰਦਰ ਮੋਦੀ ਨੂੰ ਲੈਕਚਰ ਨਹੀਂ ਦੇਣਗੇ। ਅਮਰੀਕੀ ਪੱਤਰਕਾਰਾਂ ਅਨੁਸਾਰ ਹਾਲੇ ਤਕ ਉਹਨਾਂ ਨੇ ਮਨੁੱਖੀ ਹੱਕਾਂ ਬਾਰੇ ਕੋਈ ਠੋਸ ਗਲ ਨਹੀਂ ਕੀਤੀ। ਉਹਨਾਂ ਅਨੁਸਾਰ ਬਿਡੇਨ ਮਨੁੱਖੀ ਹੱਕਾਂ ਦੀ ਥਾਂ ਵਪਾਰਕ ਹਿਤਾਂ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਚੀਨ ਤੇ ਰੂਸ ਨੂੰ ਲਿਤਾੜਿਆ ਜਾ ਸਕੇ।







ਵਾਸ਼ਿੰਗਟਨ ਪਹੁੰਚਣ ਤੋਂ ਬਾਅਦ ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਦੌਰਾਨ, ਜਿਸ ਵਿੱਚ ਜੋ ਬਿਡੇਨ ਵੀ ਮੌਜੂਦ ਸਨ। ਜਦੋਂ ਇਕ ਪੱਤਰਕਾਰ ਨੇ ਪੁੱਛਿਆ, ਭਾਰਤ ਵਿੱਚ ਲੋਕ-ਤੰਤਰ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਇਸ ਸਵਾਲ ਦੇ ਜਵਾਬ ਵਿੱਚ ਭਾਰਤੀ ਪ੍ਰਧਾਨ ਨਰਿੰਦਰ ਮੋਦੀ ਨੇ ਕਿਹਾ ਸੀ ਕਿ ,ਅਮਰੀਕਾ ਵਾਂਗ ਸਾਡੇ ਡੀਐਨਏ ਵਿੱਚ ਲੋਕ-ਤੰਤਰ ਹੈ। ਮਨੁੱਖੀ ਅਧਿਕਾਰ ਲੋਕ-ਤੰਤਰ ਦਾ ਆਧਾਰ ਹਨ। ਕਿਸੇ ਵੀ ਚੀਜ਼ ਦੀ ਵੰਡ ਵਿੱਚ ਵਿਤਕਰੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਰਾਸ਼ਟਰਪਤੀ ਜੋ ਬਿਡੇਨ ਨੇ ਵੀ ਅਮਰੀਕਾ ਅਤੇ ਭਾਰਤ ਨੂੰ ਦੋ ਮਹਾਨ ਲੋਕ-ਤੰਤਰੀ ਦੇਸ਼ ਦੱਸਿਆ ਅਤੇ ਕਿਹਾ ਕਿ ਅਸੀਂ ਦੁਨੀਆ ਭਰ ਵਿੱਚ ਲੋਕ-ਤੰਤਰ ਦੀ ਰੱਖਿਆ ਲਈ ਵਚਨਬੱਧ ਹਾਂ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਪ੍ਰਧਾਨ ਮੰਤਰੀ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਜਮਹੂਰੀਅਤ ਦੀ ਉਲੰਘਣਾ ਨੂੰ ਲੈ ਕੇ ਅਮਰੀਕਾ ਦੇ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਭਾਰਤ ਹਮੇਸ਼ਾ ਹੀ ਜਮਹੂਰੀਅਤ ਬਾਰੇ ਪੂਰੀ ਦੁਨੀਆ ਨੂੰ ਪਾਠ ਪੜ੍ਹਾਉਣ ਦਾ ਦਾਅਵਾ ਕਰਦਾ ਰਿਹਾ ਹੈ ਕਿ ਅਸੀਂ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਦੇ ਹਾਂ। ਪਰ ਇਹ ਅਧੂਰਾ ਸੱਚ ਹੈ, ਕਿਉਂਕਿ ਨਹਿਰੂ ਰਾਜ ਕਾਲ ਦੇ ਸਮੇਂ ਤੋਂ ਘੱਟ ਗਿਣਤੀਆਂ ਨਾਲ ਵਿਤਕਰਾ ਹੋਣਾ ਸ਼ੁਰੂ ਹੋ ਗਿਆ ਸੀ। ਪੰਜਾਬੀ ਸੂਬਾ ਮੋਰਚਾ, ਦਰਬਾਰ ਸਾਹਿਬ ਉਪਰ ਫੌਜੀ ਹਮਲਾ, ਸਿੱਖ ਨਸਲਕੁਸ਼ੀ ,ਪੰਜਾਬ ਦੇ ਹੱਕਾਂ ਦਾ ਘਾਣ ਕਾਂਗਰਸ ਰਾਜ ਦੌਰਾਨ ਭਾਰਤ ਉਪਰ ਬਦਨੁਮਾ ਦਾਗ ਹਨ। ਕਾਲੇ ਕਨੂੰਨਾਂ ਤਹਿਤ ਪੰਜਾਬ ਤੇ ਸਿੱਖਾਂ ਦਾ ਘਾਣ, ਕੈਟਾਂ ਰਾਹੀਂ ਸਿੱਖ ਲੀਡਰਸ਼ਿਪ ਦੀ ਹੱਤਿਆਵਾਂ ਮੋਦੀ ਰਾਜ ਦੌਰਾਨ ਜਾਰੀ ਹਨ। ਹੁਣ ਤਾਂ ਲਿਖਣ ਪੜ੍ਹਨ ਦੀ ਅਜ਼ਾਦੀ ਵੀ ਖਤਮ ਹੈ। ਇਸ ਵਾਰ ਸਥਿਤੀ ਅਜਿਹੀ ਹੈ ਕਿ ਨਿਊਯਾਰਕ ਅਤੇ ਵਾਸ਼ਿੰਗਟਨ ਵਿੱਚ ਪੀਐਮ ਮੋਦੀ ਨੂੰ ਅਪਰਾਧੀ ਪ੍ਰਧਾਨ ਮੰਤਰੀ ਵਜੋਂ ਸੰਬੋਧਿਤ ਕਰਦੇ ਹੋਏ ਬੈਨਰ ਅਤੇ ਪੋਸਟਰ ਲਗਾਏ ਗਏ ਹਨ। ਵਾਸ਼ਿੰਗਟਨ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਤੋਂ ਲੈ ਕੇ ਮਨੀਪੁਰ ਮੂਲ ਦੇ ਅਮਰੀਕੀ ਨਾਗਰਿਕਾਂ ਨੇ ਪ੍ਰਦਰਸ਼ਨ ਕਰਕੇ ਭਾਰਤ ਵਿੱਚ ਲੋਕ-ਤੰਤਰ ਦੀ ਉਲੰਘਣਾ ’ਤੇ ਚਿੰਤਾ ਪ੍ਰਗਟਾਈ ਹੈ।

ਇਸ ਦੌਰਾਨ ਅਮਰੀਕੀ ਕਾਂਗਰਸ ਦੇ ਕਈ ਮੈਂਬਰਾਂ ਨੇ ਸੰਸਦ ਦੇ ਸਾਂਝੇ ਸੈਸ਼ਨ ਨੂੰ ‘ਹਿੰਦੂ ਸਰਵਉੱਚਤਾਵਾਦੀ’ ਨਰਿੰਦਰ ਮੋਦੀ ਦੇ ਭਾਸ਼ਣ ਦੇ ਬਾਈਕਾਟ ਕਰਨ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਨਰਿੰਦਰ ਮੋਦੀ ਨੇ ਭਾਰਤ ਵਿੱਚ ਲੋਕ-ਤੰਤਰ ਦਾ ਘਾਣ ਕੀਤਾ ਹੈ ਅਤੇ ਵਾਰ-ਵਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

ਯਾਦ ਰਹੇ ਕਿ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈਏਐਮਸੀ), ਹਿੰਦੂਜ਼ ਫਾਰ ਹਿਊਮਨ ਰਾਈਟਸ ਅਤੇ ਦਲਿਤ ਸੋਲੀਡੈਰਿਟੀ ਇੰਕ. ਸਮੇਤ ਸਤਾਰਾਂ ਸੰਗਠਨਾਂ ਦੇ ਇੱਕ ਨੈੱਟਵਰਕ ਨੇ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀ ਸਿੱਧੇ ਤੌਰ ’ਤੇ ਆਲੋਚਨਾ ਕੀਤੀ ਹੈ, ਖਾਸ ਕਰਕੇ ਮੁਸਲਮਾਨਾਂ ਅਤੇ ਦਲਿਤਾਂ ਉਪਰ ਜ਼ੁਲਮ ਕਰਨ ਦੇ ਦੋਸ਼ ਲਗਾਏ ਹਨ। ਇਨ੍ਹਾਂ ਸੰਗਠਨਾਂ ਵੱਲੋਂ ਅਮਰੀਕੀ ਸਰਕਾਰ ਨੂੰ ਇੱਕ ਖੁੱਲ੍ਹਾ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਭਾਰਤ ਵਿੱਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਖਾਸ ਕਰਕੇ ਘੱਟ ਗਿਣਤੀਆਂ ਦੇ ਨਾਗਰਿਕ ਅਧਿਕਾਰਾਂ ਨੂੰ ਖੋਹਣ ਦੇ ਮਾਮਲੇ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਗਈ ਸੀ। ਇਨ੍ਹਾਂ ਜਥੇਬੰਦੀਆਂ ਵੱਲੋਂ ਵਾਸ਼ਿੰਗਟਨ ਵਿੱਚ ਕੀਤੇ ਗਏ ਪ੍ਰਦਰਸ਼ਨ ਵਿੱਚ ਭਾਰਤ ਤੋਂ ਗਏ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ ਸੀ।

ਇਸ ਦੌਰਾਨ ਕਈ ਥਾਂਵਾਂ ’ਤੇ ਨਰਿੰਦਰ ਮੋਦੀ ਦੀ ਫੇਰੀ ਸਬੰਧੀ ਬੈਨਰ ਵੀ ਦੇਖਣ ਨੂੰ ਮਿਲੇ। ਅਜਿਹੇ ਹੀ ਇੱਕ ਬੈਨਰ ਵਿੱਚ ਜੇਐਨਯੂ ਦੇ ਵਿਦਿਆਰਥੀ ਉਮਰ ਖਾਲਿਦ ਸਮੇਤ ਸਾਰੇ ਸਿਆਸੀ ਕੈਦੀਆਂ ਦੀਆਂ ਤਸਵੀਰਾਂ ਸਨ। ਹੋਰਡਿੰਗ ਵਿੱਚ ਰਾਸ਼ਟਰਪਤੀ ਜੋਅ ਬਿਡੇਨ ਤੋਂ ਪੁੱਛਿਆ ਗਿਆ ਹੈ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਕਿਉਂ ਨਹੀਂ ਪੁੱਛਦੇ ਕਿ ਵਿਦਿਆਰਥੀ ਨੇਤਾ ਅਤੇ ਕਾਰਕੁਨ ਉਮਰ ਖਾਲਿਦ ਨੂੰ ਬਿਨਾਂ ਮੁਕੱਦਮੇ ਦੇ 1,000 ਦਿਨਾਂ ਤੋਂ ਵੱਧ ਸਮੇਂ ਲਈ ਜੇਲ੍ਹ ਵਿੱਚ ਕਿਉਂ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਅਮਰੀਕਾ ਦੀਆਂ ਸਾਰੀਆਂ ਪੱਤਰਕਾਰ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਦੇ ਖ਼ਤਰੇ ਵਿੱਚ ਹੋਣ ਦਾ ਮੁੱਦਾ ਉਠਾਇਆ ਹੈ। ਪ੍ਰਮੁੱਖ ਅਮਰੀਕੀ ਅਖ਼ਬਾਰ (ਬਾਕੀ ਸਫ਼ਾ 31 ’ਤੇ)

# ਅਕਾਲ ਤਖ਼ਤ ਦੇ ਨਵੇਂ ਜਥੇਦਾਰ ਨੂੰ ਪੰਥਕ ਸੰਕਟਾਂ ਵੱਲ ਧਿਆਨ ਦੇਣ ਦੀ ਲੋੜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਨੇ ਬੀਤੇ ਦਿਨੀਂ ਉਸ ਸਮੇਂ ਅਹੁਦਾ ਸੰਭਾਲਿਆ ਜਦੋਂ ਪੰਜਾਬ, ਦੇਸ਼ ਤੇ ਅੰਤਰਰਾਸ਼ਟਰੀ ਪੱਧਰ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਹਾਲਾਤ ਸਿੱਖ ਕੌਮ ਲਈ ਸਾਜ਼ਗਾਰ ਨਹੀਂ ਹਨ। ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿੱਚ ਟਕਰਾਅ ਸਿਖਰ ’ਤੇ ਹੈ। ਜਥੇਦਾਰ ਅਕਾਲ ਤਖਤ ਲਈ ਕੌਮ ਦੀ ਸ਼ਾਨ ਨੂੰ ਬਹਾਲ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਇਸ ਵੇਲੇ ਸਿੱਖੀ ਨੂੰ ਖ਼ੋਰਾ ਲਾਉਣ ਦੀਆਂ ਸਾਜ਼ਿਸ਼ਾਂ ਮੁਗ਼ਲ ਰਾਜ ਅੰਗਰੇਜ਼ ਕਾਲ ਵੇਲੇ ਦੀਆਂ ਕੂੜ ਨੀਤੀਆਂ ਨਾਲੋਂ ਖ਼ਤਰਨਾਕ ਹਨ ਕਿਉਂਕਿ ਉਸ ਵੇਲੇ ਸਿਰਫ਼ ਹਥਿਆਰਬੰਦ ਹਮਲੇ ਦੀ ਗੱਲ ਸੀ। ਕੌਮ ਉਸ ਧੱਕੇ ਦਾ ਮੁਕਾਬਲਾ ਵੀ ਹਥਿਆਰਾਂ ਦੀ ਤਾਕਤ ਨਾਲ ਕਰਨ ਦੇ ਸਮਰੱਥ ਸੀ ਪਰ ਹੁਣ ਹਮਲੇ ਮਨੋਵਿਗਿਆਨਕ ਤੇ ਹਥਿਆਰਬੰਦ ਜ਼ਿਆਦਾ ਹਨ। ਇਹ ਕਈ ਪਾਸਿਉਂ ਹੋ ਰਹੇ ਹਨ। ਇਨ੍ਹਾਂ ਦਾ ਮੁਕਾਬਲਾ ਕਰਨ ਲਈ ਸਾਡੀ ਇਕ ਕੌਮ ਵਜੋਂ ਸਮਰੱਥਾ ਵੀ ਵਿਕਸਿਤ ਨਹੀਂ ਹੋ ਰਹੀ। ਹੁਣ ਵਾਲੇ ਹਮਲੇ ਮੱਕਾਰੀ ਭਰੇ ਅਤੇ ਲੁਕਵੇਂ ਹਨ। ਕਈ ਵਾਰ ਤਾਂ ਸਾਡੀ ਕੌਮ ’ਤੇ ਕੀਤਾ ਜਾਣ ਵਾਲਾ ਹਮਲਾ ਸਾਨੂੰ ਸਾਡੇ ਹਿਤ ਵਿੱਚ ਹੀ ਦਰਸਾ ਕੇ ਕੀਤਾ ਜਾਂਦਾ ਹੈ।

ਮਾਸਟਰ ਤਾਰਾ ਸਿੰਘ-ਨਹਿਰੂ ਪੈਕਟ ਵਿੱਚ ਸਾਫ਼ ਸੀ ਕਿ 1925 ਦੇ ਗੁਰਦੁਆਰਾ ਐਕਟ ਵਿੱਚ ਕੋਈ ਸੋਧ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਤੋਂ ਦੋ ਤਿਹਾਈ ਬਹੁਮਤ ਨਾਲ ਪਾਸ ਕਰਵਾਏ ਮਤੇ ਤੋਂ ਬਿਨਾਂ ਨਹੀਂ ਹੋ ਸਕੇਗੀ। ਪਰ ਹੁਣ ਇਸ ਦੀ ਉਲੰਘਣਾ ਕੀਤੀ ਜਾ ਰਹੀ ਹੈ। ਪਹਿਲਾਂ ਭਾਜਪਾ ਸਰਕਾਰ ਨੇ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਲੱਗਿਆਂ ਇਸ ਦੀ ਪ੍ਰਵਾਹ ਨਹੀਂ ਕੀਤੀ ਤੇ ਹੁਣ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਦਰਕਿਨਾਰ ਕਰਕੇ ਸੋਧ ਕਰ ਦਿੱਤੀ ਹੈ।



ਸੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਸਾਹਿਬ ਗਿਆਨੀ ਰਘੁਬੀਰ ਸਿੰਘ ਦੇ ਸਾਹਮਣੇ ਜੋ ਚੁਣੌਤੀਆਂ ਹਨ, ਉਨ੍ਹਾਂ ਲਈ ਉਨ੍ਹਾਂ ਨੂੰ ਬੁੱਧੀਜੀਵੀਆਂ ਨਾਲ ਮਿਲਕੇ ਨੀਤੀ ਘੜਨੀ ਹੋਵੇਗੀ। ਸਿੱਖਾਂ ਨੂੰ ਦਰਪੇਸ਼ ਹਰ ਚੁਣੌਤੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਵੀ ਚੁਣੌਤੀ ਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਦਲ ਦਲ ਨੇ ਜਥੇਦਾਰ ਦੇ ਵੱਕਾਰੀ ਤੇ ਇਸ ਸਤਿਕਾਰਯੋਗ ਮੰਨੀ ਜਾਂਦੀ ਪਦਵੀ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ ਹੈ। ਜਿਸ ਤਰ੍ਹਾਂ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫ਼ੀ ਦਿੱਤੀ ਗਈ ਤੇ ਫਿਰ ਵਾਪਸ ਲਈ ਗਈ, ਵਰਗੇ ਫ਼ੈਸਲਿਆਂ ਨੇ ਬੁਰਾ ਪ੍ਰਭਾਵ ਪਾਇਆ ਹੈ।

ਵੈਸੇ ਵੀ ਜਥੇਦਾਰਾਂ ਵੱਲੋਂ ਸਮੇਂ-ਸਮੇਂ ਦਿੱਤੇ ਹੁਕਮਾਂ ਤੇ ਸਲਾਹਾਂ ਦੀ ਬਹੁਤੀ ਵਾਰ ਖ਼ੁਦ ਸ਼੍ਰੋਮਣੀ ਕਮੇਟੀ ਵੱਲੋਂ ਹੀ ਪ੍ਰਵਾਹ ਨਾ ਕੀਤੇ ਜਾਣ ਨਾਲ ਵੀ ਜਥੇਦਾਰ ਦੀ ਭਰੋਸੇਯੋਗਤਾ ਅਤੇ ਤਾਕਤ ’ਤੇ ਸੱਟ ਵੱਜੀ ਹੈ। ਕਈ ਜਥੇਦਾਰ ਵੀ ਰਾਜਨੀਤਕ, ਸਮਾਜਿਕ, ਆਰਥਿਕ ਮਸਹਲਤਾਂ ਦੇ ਸ਼ਿਕਾਰ ਨਜ਼ਰ ਆਏ। ਉਂਝ ਵੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੁਣ ਹਰ ਕਦਮ ਅਜਿਹੀ ਸਾਬਤ ਕਦਮੀ ਤੇ ਸੋਚ-ਵਿਚਾਰ ਕੇ ਚੁੱਕਣਾ ਚਾਹੀਦਾ ਹੈ ਕਿ ਕੌਮ ਵਿੱਚ ਫਿਰ ਵਿਸ਼ਵਾਸ ਪੈਦਾ ਹੋਵੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਕਿਹਾ ਜਾਂਦਾ ਹੈ, ਉਹ ਸੱਚ ਤੇ ਅਟੱਲ ਹੈ। ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ-ਮੁਕਤੀ ਦਾ ਵਿਧੀ ਵਿਧਾਨ ਬਣਾਉਣ ਲਈ ਅਕਾਲ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਨਾਲ ਮਿਲਕੇ ਯਤਨ ਕਰਨੇ ਪੈਣਗੇ ਤਾਂ ਹੀ ਜਥੇਦਾਰ ਸਾਹਿਬ ਨਿਰਪੱਖਤਾ ਤੇ ਹੌਸਲੇ ਨਾਲ ਫ਼ੈਸਲੇ ਲੈਣ ਦੇ ਸਮਰੱਥ ਹੋ ਸਕਣਗੇ। ਜਥੇਦਾਰ ਸਾਹਮਣੇ ਅਣਗਿਣਤ ਚੁਣੌਤੀਆਂ ਹਨ ਪਰ ਕੁਝ ਫੌਰੀ ਧਿਆਨ ਮੰਗਦੀਆਂ ਚੁਣੌਤੀਆਂ ਵਿੱਚ ਪਹਿਲੀ ਤਾਂ ਪੰਜਾਬ ਸਰਕਾਰ ਵੱਲੋਂ ਮਾਸਟਰ ਤਾਰਾ ਸਿੰਘ-ਨਹਿਰੂ ਪੈਕਟ ਦੀ ਪ੍ਰਵਾਹ ਨਾ ਕਰਦੇ ਹੋਏ 1925 ਦੇ ਗੁਰਦੁਆਰਾ ਐਕਟ ਵਿੱਚ ਕੀਤੀ ਸੋਧ ’ਤੇ ਜਥੇਦਾਰ ਸਾਹਿਬ ਨੂੰ ਬਾਕੀ 4 ਸਿੰਘ ਸਾਹਿਬਾਨਾਂ ਦੀ ਸਲਾਹ ਨਾਲ ਇਸ ਬਾਰੇ ਯੋਗ ਸਟੈਂਡ ਲੈਣਾ ਚਾਹੀਦਾ ਹੈ।

ਇਥੇ ਇਕ ਹੋਰ ਫੌਰੀ ਚੁਣੌਤੀ ਵੀ ਜ਼ਿਕਰ ਯੋਗ ਹੈ ਕਿ ਕੇਂਦਰ ਸਰਕਾਰ ਵਲੋਂ ਦੇਸ਼ ਵਿੱਚ ਇਕ ਸਮਾਨ ਨਾਗਰਿਕ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਕੀਤੀ ਜਾ ਚੁੱਕੀ ਹੈ। ਜਥੇਦਾਰ ਸਾਹਿਬ ਨੂੰ ਇਸ ਕਾਨੂੰਨ ਦੀਆਂ ਮੱਦਾਂ ਸਿੱਖ ਕੌਮ ਦੇ ਕਿੰਨੀਆਂ ਹੱਕ ਵਿੱਚ ਹਨ ਤੇ ਕਿੰਨੀਆਂ ਵਿਰੋਧ ਵਿੱਚ, ਇਸ ਦੇ ਕੀ ਫ਼ਾਇਦੇ ਹਨ ਤੇ ਕੀ ਨੁਕਸਾਨ ਹਨ, ਬਾਰੇ ਮਾਹਿਰਾਂ ਤੋਂ ਰਾਏ ਲੈਣੀ ਚਾਹੀਦੀ ਹੈ ਤੇ ਯੋਗ ਪ੍ਰਤੀਕਰਮ ਕਰਨਾ ਤੇ ਯੋਗ ਸਟੈਂਡ ਲੈਣ ਲਈ ਕੌਮ ਨੂੰ ਤਿਆਰ ਕਰਨਾ ਚਾਹੀਦਾ ਹੈ। ਸਿੱਖਾਂ ਵਿੱਚ ਵਖਰੇਵਾਂ ਤੇ ਜਾਤ-ਪਾਤ ਨੂੰ ਖ਼ਤਮ ਕਰਨ ਲਈ ਜਾਤ (ਬਾਕੀ ਸਫ਼ਾ 31 ’ਤੇ)

## ਭਾਰਤ ਲੋਕ-ਤੰਤਰ ਦੀ ਰੈਂਕਿੰਗ ਘਟਣ ਕਾਰਨ ਘਬਰਾਇਆ

ਗਲੋਬਲ ਡੈਮੋਕਰੇਸੀ ਇੰਡੈਕਸ ਹੋਵੇ ਜਾਂ ਫਰੀਡਮ ਹਾਊਸ ਦੀ ਰਿਪੋਰਟ ਜਾਂ ਵੀ-ਡੈਮ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਲਗਦਾ ਹੈ ਕਿ ਭਾਰਤ ਵਿੱਚ ਲੋਕ-ਤੰਤਰ ਦੇ ਪੈਮਾਨੇ ਤੋਂ ਡਿੱਗਦੇ ਪੱਧਰ ਨੇ ਮੋਦੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ! ਭਾਵੇਂ ਮੋਦੀ ਸਰਕਾਰ ਇਨ੍ਹਾਂ ਰਿਪੋਰਟਾਂ ਤੋਂ ਪੂਰੀ ਤਰ੍ਹਾਂ ਇਨਕਾਰੀ ਹੈ। ਹੁਣ ਇੱਕ ਪ੍ਰਮੁੱਖ ਬ੍ਰਿਟਿਸ਼ ਅਖ਼ਬਾਰ ਗਾਰਡੀਅਨ ਨੇ ਰਿਪੋਰਟ ਦਿੱਤੀ ਹੈ ਕਿ ਮੋਦੀ ਸਰਕਾਰ ਕਿਸੇ ਨਾ ਕਿਸੇ ਤਰ੍ਹਾਂ ਇਸ ਦਰਜਾਬੰਦੀ ਨੂੰ ਸੁਧਾਰਨ ਲਈ ਗੁਪਤ ਤੌਰ ’ਤੇ ਕੰਮ ਕਰ ਰਹੀ ਹੈ। ਅੰਦਰੂਨੀ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਗਾਰਡੀਅਨ ਨੇ ਲਿਖਿਆ ਹੈ ਕਿ ਮੋਦੀ ਸਰਕਾਰ ‘ਦੁਨੀਆ ਦੇ ਸਭ ਤੋਂ ਵੱਡੇ ਲੋਕ-ਤੰਤਰ’ ਵਜੋਂ ਆਪਣੀ ਸਾਖ ਨੂੰ ਢਾਹ ਲਾਉਣ ਤੋਂ ਚਿੰਤਤ ਹੈ।ਰਿਪੋਰਟ ਵਿੱਚ ਮੀਟਿੰਗਾਂ ਦੇ ਵੇਰਵਿਆਂ ਦਾ ਹਵਾਲਾ ਦਿੱਤਾ ਗਿਆ ਹੈ ਕਿ ਕਈ ਗਲੋਬਲ ਰੈਂਕਿੰਗਾਂ ਨੂੰ ਜਨਤਕ ਤੌਰ ’ਤੇ ਰੱਦ ਕਰਨ ਦੇ ਬਾਵਜੂਦ ਭਾਰਤ ਦੇ ਪ੍ਰਦਰਸ਼ਨ ਦੀ ਨਿਗਰਾਨੀ ਕਰਨ ਲਈ ਸਰਕਾਰੀ ਮੰਤਰਾਲਿਆਂ ਦੇ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਰਿਪੋਰਟ ਦੇ ਅਨੁਸਾਰ, ਸੀਨੀਅਰ ਭਾਰਤੀ ਅਧਿਕਾਰੀਆਂ ਨੇ 2021 ਤੋਂ ਲੈ ਕੇ ਹੁਣ ਤੱਕ ਘੱਟੋ-ਘੱਟ ਚਾਰ ਮੀਟਿੰਗਾਂ ਕੀਤੀਆਂ ਹਨ ਤਾਂ ਜੋ ਇਸ ਗੱਲ ’ਤੇ ਚਰਚਾ ਕੀਤੀ ਜਾ ਸਕੇ ਕਿ ਕਿਵੇਂ ਅਰਥ ਸ਼ਾਸਤਰੀ ਇੰਟੈਲੀਜੈਂਸ ਯੂਨਿਟ ਦੁਆਰਾ ਤਿਆਰ ਕੀਤੇ ਗਲੋਬਲ ਡੈਮੋਕਰੇਸੀ ਇੰਡੈਕਸ ਨੇ ਪਿਛਲੇ ਤਿੰਨ ਸਾਲਾਂ ਤੋਂ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਭਾਰਤ ਨੂੰ ‘ਨੁਕਸਦਾਰ ਲੋਕ-ਤੰਤਰ’ ਵਿੱਚ ਕਿਉਂ ਨੀਵਾਂ ਰਖਿਆ ਹੈ ?ਇਸ ਨੇ ਅੱਗੇ ਕਿਹਾ ਕਿ ਹੋਰ ਦਰਜਾਬੰਦੀਆਂ ਨੇ ਵੀ ਭਾਰਤ ਲਈ ਚਿੰਤਾਵਾਂ ਪੈਦਾ ਕੀਤੀਆਂ ਹਨ। 2021 ਵਿੱਚ, ਯੂਐਸ-ਅਧਾਰਤ ਗੈਰ-ਮੁਨਾਫ਼ਾ ਫਰੀਡਮ ਹਾਊਸ ਨੇ ਭਾਰਤ ਦੇ ਦਰਜੇ ਨੂੰ ਇੱਕ ਆਜ਼ਾਦ ਲੋਕ-ਤੰਤਰ ਤੋਂ ਇੱਕ ਅੰਸ਼ਕ ਤੌਰ ’ਤੇ ਮੁਕਤ ਲੋਕ-ਤੰਤਰ ਵਿੱਚ ਘਟਾ ਦਿੱਤਾ ਹੈ। ਇਸ ਦੌਰਾਨ, ਸਵੀਡਨ ਸਥਿਤ ਵੀ-ਡੇਮ ਇੰਸਟੀਚਿਊਟ ਭਾਰਤ ਨੂੰ ‘ਚੋਣਾਵੀ ਤਾਨਾਸ਼ਾਹੀ’ ਵਜੋਂ ਸ਼੍ਰੇਣੀਬੱਧ ਕਰਦਾ ਹੈ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇਨ੍ਹਾਂ ਦਰਜਾਬੰਦੀਆਂ ਨੂੰ ਜਨਤਕ ਤੌਰ ’ਤੇ ਰੱਦ ਕਰ ਦਿੱਤਾ ਹੈ। ਉਸ ਨੇ ਦਰਜਾਬੰਦੀ ’ਤੇ ਝੂਠ ਦਾ ਦੋਸ਼ ਲਗਾਇਆ ਅਤੇ ਉਨ੍ਹਾਂ ਨੂੰ ਸੰਸਾਰ ਦੇ ਸਵੈ-ਨਿਯੁਕਤ ਸਰਪ੍ਰਸਤ ਕਿਹਾ।

ਬ੍ਰਿਟਿਸ਼ ਅਖ਼ਬਾਰ ਨੇ ਲਿਖਿਆ ਕਿ ਇੰਨੀ ਸਖ਼ਤ ਟਿੱਪਣੀ ਦੇ ਬਾਵਜੂਦ, ਬੰਦ ਦਰਵਾਜ਼ਿਆਂ ਦੇ ਪਿੱਛੇ ਰੈਂਕਿੰਗ ਦਾ ਮੁਲਾਂਕਣ ਕਰਨ ਲਈ ਇੱਕ ਬੈਠਕ ਦੌਰਾਨ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਲੋਕ-ਤੰਤਰ ਸੂਚਕਾਂਕ ਨੂੰ ਜ਼ਿਆਦਾ ਮਹੱਤਵ ਦੇ ਰਹੇ ਸਨ ਅਤੇ ਇੱਕ ਬਿਹਤਰ ਰੈਂਕਿੰਗ ਪ੍ਰਾਪਤ ਕਰਨ ਦੇ ਚਾਹਵਾਨ ਸਨ ਕਿਉਂਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕ-ਤੰਤਰੀ ਦੇਸ਼ ਹੈ।

# ਗੁਰੂ ਖ਼ਾਲਸਾ ਪੰਥ ਵਿੱਚ 100 ਸਾਲ ਬਾਅਦ ਹੋਈ ਗੁਰਮਤੇ ਦੀ ਵਾਪਸੀ

## ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਨਿਸ਼ਕਾਮ ਤੇ ਖ਼ੁਦਮੁਖ਼ਤਿਆਰ ਅਕਾਲੀ ਜਥਾ ਬਣਾਉਣ ਦਾ ਹੋਇਆ ਗੁਰਮਤਾ




ਅਨੰਦਪੁਰ ਸਾਹਿਬ /ਏ.ਟੀ.ਨਿਊਜ਼ :- ਅੱਜ ਦਾ ਦਿਨ ਉਸ ਵੇਲੇ ਇਤਿਹਾਸਕ ਹੋ ਨਿੱਬੜਿਆ ਜਦੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰੀਬ 100 ਸਾਲ ਦੇ ਵਕਫੇ ਬਾਅਦ ਸਿੱਖਾਂ ਵੱਲੋਂ ਸਾਂਝੇ ਤੌਰ ਉੱਤੇ ਗੁਰਮਤੇ ਰਾਹੀਂ ਸਾਂਝਾ ਫੈਸਲਾ ਲਿਆ ਗਿਆ। ਅੱਜ ਦੇ ਗੁਰਮਤੇ ਵਿਚ ਕਿਹਾ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਇੱਕ ਨਿਸ਼ਕਾਮ ਅਤੇ ਖੁਦ ਮੁਖਤਿਆਰ ਜਥਾ ਸਿਰਜਿਆ ਜਾਵੇ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਕ ਕਰੇ।

ਅੱਜ ਮੀਰੀ ਪੀਰੀ ਦਿਹਾੜੇ ਮੌਕੇ ਪੰਥ ਸੇਵਕ ਜੁਝਾਰੂ ਸਖਸ਼ੀਅਤਾਂ ਦੇ ਸੱਦੇ ਉੱਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਹੋਈ ਜਿਸ ਵਿਚ ਵੱਡੀ ਗਿਣਤੀ ਵਿੱਚ ਖਾਲਸਾ ਪੰਥ ਅਤੇ ਗੁਰਸੰਗਤਿ ਦੀ ਸੇਵਾ ਵਿਚ ਵਿਚਰਦੀਆਂ ਸੰਪਰਦਾਵਾਂ, ਜਥਿਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਥ ਰਿਵਾਇਤ ਨੂੰ ਸੁਰਜੀਤ ਕਰਨ ਦਾ ਯਤਨ ਕੀਤਾ ਗਿਆ। ਇਹ ਇਕੱਤਰਤਾ ਸੱਦਣ ਵਾਲੀਆਂ ਸਖਸ਼ੀਅਤਾਂ ਨੇ ਸਾਂਝੇ ਰੂਪ ਵਿਚ ਗੁਰਮਤੇ ਦੀ ਆਰੰਭਤਾ ਦੀ ਅਰਦਾਸ ਕੀਤੀ। ਜਿਸ ਤੋਂ ਬਾਅਦ ਉਹਨਾ ਸਾਖੀ ਦੀ ਜਿੰਮੇਵਾਰੀ ਨਿਭਾਉਂਦਿਆਂ ਹਾਜ਼ਰ ਜਥਿਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਵਿਚੋਂ ਪੰਥਕ ਰਿਵਾਇਤ ਅਨੁਸਾਰ ਪੰਜ ਸਿੰਘਾਂ ਦੀ ਚੋਣ ਕੀਤੀ। ਸਾਖੀ ਸਿੰਘਾਂ ਨੇ ਇਕ-ਇਕ ਕਰਕੇ ਪੰਜ ਸਿੰਘਾਂ ਦੇ ਨਾਮ ਲਏ ਤੇ ਉਹਨਾ ਬਾਰੇ ਸੰਗਤ ਕੋਲੋਂ ਇਤਰਾਜ਼ ਮੰਗੇ। ਇੰਝ ਵਿਸ਼ਵ ਸਿੱਖ ਇਕੱਤਰਤਾ ਦੌਰਾਨ ਸਾਰੇ ਜਥਿਆਂ ਦੇ ਵਿਚਾਰ ਸੁਣ ਕੇ ਗੁਰਮਤਾ ਸੋਧਣ ਦੀ ਸ਼ੁਰੂਆਤ ਇਹਨਾ ਪੰਜ ਸਿੰਘਾਂ ਵੱਲੋਂ ਕੀਤੀ ਗਈ। ਇਸ ਮੌਕੇ ਵਿਦੇਸ਼ਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸਿੱਖ ਜਥਿਆਂ, ਸੰਸਥਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਪੰਜ ਸਿੰਘਾਂ ਕੋਲ ਆਪਣੇ ਵਿਚਾਰ ਪੇਸ਼ ਕੀਤੇ। ਹਰ ਬੁਲਾਰੇ ਨੇ ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਸੱਚੇ ਸਤਿਗੁਰ ਦੇ ਸਨਮੁਖ ਪੰਜ ਸਿੰਘਾਂ ਦੀ ਹਾਜ਼ਰੀ ਵਿਚ ਇਹ ਪ੍ਰਤਿਗਿਆ ਲਈ ਕਿ ਮੈਂ ਸੱਚੇ ਸਤਿਗੁਰੂ ਦੀ ਹਾਜਰੀ ਵਿਚ ਪੰਥ ਦੇ ਸਾਂਝੇ ਭਲੇ ਲਈ ਆਇਆ ਹਾਂ, ਮੇਰੇ ਨਿਜ ਦੇ ਹਾਨ-ਲਾਭ ਜਾਂ ਲੋਭ-ਲਾਲਚ ਕਾਰਨ ਮੇਰੀਆਂ ਵਿਚਾਰਾਂ ਵਿਚ ਕੋਈ ਖੋਟ ਜਾਂ ਪੱਖਪਾਤ ਨਹੀਂ ਹੋਵੇਗਾ। ਪੰਜ ਸਿੰਘਾਂ ਨੇ ਸਾਰੇ ਬੁਲਾਰਿਆਂ ਦੇ ਵਿਚਾਰ ਸੁਣ ਕੇ ਆਪਸ ਵਿਚ ਵਿਚਾਰ ਵਟਾਂਦਰਾ ਕੀਤਾ ਤੇ ਗੁਰਮਤਾ ਸੋਧਿਆ। ਪੰਜ ਸਿੰਘਾਂ ਨੇ ਸੋਧਿਆ ਹੋਇਆ ਗੁਰਮਤਾ ਸਾਖੀ ਸਿੰਘਾਂ ਨੂੰ ਸੌਂਪਿਆ ਜਿਹਨਾ ਵੱਲੋਂ ਵਿਸ਼ਵ ਸਿੱਖ ਇਕੱਤਰਤਾ ਦਾ ਗੁਰਮਤਾ ਸੰਗਤ ਦੇ ਸਨਮੁਖ ਪੜ੍ਹਿਆ ਗਿਆ। ਇਸ ਇਕੱਤਰਤਾ ਦੀ ਇਹ ਖਾਸੀਅਤ ਰਹੀ ਕਿ ਇਸ ਵਿਚ ਸਾਂਝਾ ਫੈਸਲਾ ਲੈਣ ਲਈ ਖਾਲਸਾ ਪੰਥ ਦੀ ਰਿਵਾਇਤ ਤੋਂ ਸੇਧ ਲਈ ਗਈ ਹੈ। ਇਸ ਇਕੱਤਰਤਾ ਦਾ ਸੱਦਾ ਦੇਣ ਵਾਲੇ ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਅਮਰੀਕ ਸਿੰਘ ਈਸੜੂ, ਭਾਈ ਸੁਖਦੇਵ ਸਿੰਘ ਡੋਡ ਅਤੇ ਭਾਈ ਮਨਜੀਤ ਸਿੰਘ ਫਗਵਾੜਾ ਨੇ ਕਿਹਾ ਕਿ ਉਹਨਾ ਪੰਥਕ ਰਿਵਾਇਤ ਵੱਲ ਪਰਤਣ ਦਾ ਇਕ ਨਿਮਾਣਾ ਜਿਹਾ ਯਤਨ ਸ਼ੁਰੂ ਕੀਤਾ ਸੀ ਜਿਸ ਨੂੰ ਅੱਜ ਖਾਲਸਾ ਪੰਥ ਤੇ ਗੁਰਸੰਗਤ ਦੇ ਜਥਿਆਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਉਹਨਾ ਕਿਹਾ ਕਿ ਸਿੱਖਾਂ ਨੂੰ ਅੱਜ ਸਾਂਝੇ ਫੈਸਲੇ ਗੁਰਮਤੇ ਰਾਹੀਂ ਕਰਨ ਤੇ ਪੰਚ ਪ੍ਰਧਾਨੀ ਵਾਲੀ ਸਾਂਝੀ ਅਗਵਾਈ ਚੁਣਨ ਦੀ ਪੰਥਕ ਰਿਵਾਇਤ ਸੁਰਜੀਤ ਕਰਨ ਦੀ ਸਖਤ ਲੋੜ ਹੈ। ਜ਼ਿਕਰਯੋਗ ਹੈ ਕਿ ਇਸ ਮੌਕੇ ਚੁਣੇ ਗਏ ਪੰਜ ਸਿੰਘਾਂ ਕੋਲ ਗਈ ਵਡਿਆਈ ਸਮਾਗਮ ਦੀ ਸਮਾਪਤੀ ਉੱਤੇ ਸੰਗਤ ਵਿਚ ਵਿਲੀਨ ਹੋ ਗਈ।

ਅੱਜ ਦੀ ਇਸ ਇਕੱਤਰਤਾ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਦਮਦਮੀ ਟਕਸਾਲ ਅਜਨਾਲਾ, ਮਿਸਲ ਸ਼ਹੀਦਾਂ ਹਰੀਆਂ ਵੇਲਾਂ, ਪੰਥ ਸੇਵਕ ਜਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਖੰਡ ਕੀਰਤਨੀ ਜਥਾ, ਨਿਹੰਗ ਦਲ ਪੰਥ ਅਰਬਾਂ ਖਰਬਾਂ, ਸਾਹਿਬਜ਼ਾਦਾ ਅਜੀਤ ਸਿੰਘ ਦਲ ਪੰਥ ਚਮਕੌਰ ਸਾਹਿਬ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਦਲ ਖਾਲਸਾ, ਸਤਿਕਾਰ ਸਭਾ ਹਰਿਆਣਾ, ਨਿਰਮਲ ਸੰਪਰਦਾ, ਗੁਰੂ ਕੀ ਮਟੀਲੀ ਬਾਘਾ ਪੁਰਾਣਾ, ਦਲ ਬਾਬਾ ਬਿਧੀ ਚੰਦ ਜੀ ਸੁਰਸਿੰਘ, ਅੰਮ੍ਰਿਤ ਸੰਚਾਰ ਜਥਾ ਦਮਦਮੀ ਟਕਸਾਲ, ਦਮਦਮੀ ਟਕਸਾਲ ਜਥਾ ਲੰਗੇਆਣਾ, ਲੋਹ ਲੰਗਰ ਕਰਤਾਰਪੁਰ ਸਾਹਿਬ, ਕਾਰ ਸੇਵਾ ਖਡੂਰ ਸਾਹਿਬ, ਕਾਰ ਸੇਵਾ ਦੂਖਨਿਵਾਰਨ ਸਾਹਿਬ, ਅਕਾਲ ਫੈਡਰੇਸ਼ਨ, ਸਿੱਖ ਯੂਥ ਆਫ ਪੰਜਾਬ, ਏਕ ਨੂਰ ਖਾਲਸਾ ਫੌਜ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਦਰਬਾਰ-ਏ-ਖਾਲਸਾ, ਅੰਮ੍ਰਿਤ ਸੰਚਾਰ ਜਥਾ, ਗੁਰੂ ਆਸਰਾ ਟ੍ਰਸਟ ਮੋਹਾਲੀ, ਪੰਥਕ ਅਕਾਲੀ ਲਹਿਰ, ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਜਨੇਰ, ਮੀਰੀ ਪੀਰੀ ਸੇਵਾ ਦਲ, ਮਿਸਲ ਸ਼ਹੀਦਾਂ ਤਰਨਾ ਦਲ ਕੋਠਾ ਗੁਰੂ, ਸਿੱਖ ਜਥਾ ਮਾਲਵਾ, ਪੰਥ ਸੇਵਕ ਜਥਾ ਦੋਆਬਾ, ਛਾਉਣੀ ਸ਼ਹੀਦ ਭਾਈ ਮਹਾਰਾਜ ਸਿੰਘ ਜੀ ਨੌਰੰਗਾਬਾਦੀ, ਦਮਦਮੀ ਟਕਸਾਲ ਜਥਾ ਕਣਕਵਾਲ, ਵਾਰਿਸ ਪੰਜਾਬ ਦੇ, ਗੋਸਟਿ ਸਭਾ ਪੰਜਾਬੀ ਯੂਨੀਵਰਿਸਟੀ ਪਟਿਆਲਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਗਤਕਾ ਅਖਾੜਾ ਟਿਬਾ ਸਾਹਿਬ ਹੁਸ਼ਿਆਰਪੁਰ, ਸਿੱਖ ਯੂਥ ਪਾਵਰ ਆਫ ਪੰਜਾਬ, ਵਿਦਿਆਰਥੀ ਜਥੇਬੰਦੀ ਸੱਥ, ਸੈਫੀ, ਨਿਹੰਗ ਬੁੱਢਾ ਦਲ ਹੁਸ਼ਿਆਰਪੁਰ ਵੀ ਹਾਜ਼ਰ ਹੋਏ ਹਨ।

ਇਸ ਇਕੱਤਰਤਾ ਵਿਚੋਂ ਸੰਸਾਰ ਭਰ ਵਿਚ ਫੈਲੇ ਖਾਲਸਾ ਪੰਥ ਤੇ ਗੁਰਸੰਗਤ ਨੂੰ ਸਮਰਪਿਤ ਜਥਿਆਂ ਦੇ ਨੁਮਾਇੰਦਿਆਂ ਨੇ ਵੀ ਵਿਚਾਰ ਸਾਂਝੇ ਕੀਤੇ ਜਿਹਨਾ ਵਿਚ ਸਿੱਖ ਫੈਡਰੇਸ਼ਨ ਜਰਮਨੀ, ਬੱਬਰ ਖਾਲਸਾ ਜਰਮਨੀ, ਸਿੱਖ ਕੌਂਸਲ ਬੈਲਜੀਅਮ, ਸਿੱਖ ਫੈਡਰੇਸਨ ਬੈਲਜੀਅਮ, ਵਰਲਡ ਸਿੱਖ ਪਾਰਲੀਮੈਂਟ ਜਰਮਨੀ ਅਤੇ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ, ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਿੰਘ ਸਭਾ ਕਲੋਨ, ਗੁਰਦੁਆਰਾ ਗੁਰੂ ਨਾਨਕ ਨਿਵਾਸ ਸਟੁਟਗਾਟ, ਗੁਰਦੁਆਰਾ ਗੁਰੂ ਨਾਨਕ ਮਿਸ਼ਨ ਨਿਊਨਬਰਗ, ਗੁਰਦੁਆਰਾ ਗੁਰੂ ਨਾਨਕ ਦਰਬਾਰ ਮਿਊਚਿਨ, ਗੁਰਦੁਆਰਾ ਸਿੰਘ ਸਭਾ ਲਾਇਪਸਿਕ, ਗੁਰਦੁਆਰਾ ਸਿੰਘ ਸਭਾ ਗੀਗਨਸਬਰਗ, ਸਿੱਖ ਫੈਡਰੇਸ਼ਨ ਅਮਰੀਕਾ,

(ਬਾਕੀ ਸਫ਼ਾ 30 'ਤੇ)

### ਅੱਜ ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਦੌਰਾਨ ਪੰਜ ਸਿੰਘਾਂ ਵੱਲੋਂ ਪੰਥਕ ਰਿਵਾਇਤ ਅਨੁਸਾਰ ਸੋਧਿਆ ਗਿਆ ਗੁਰਮਤਾ

ਅਨੰਦਪੁਰ ਸਾਹਿਬ /ਏ.ਟੀ.ਨਿਊਜ਼ :ਆਨੰਦਪੁਰ ਸਾਹਿਬ: ਅੱਜ ਮਿਤੀ ੧੪ ਹਾੜ ੫੫੫ ਨਾਨਕਸ਼ਾਹੀ ਮੁਤਾਬਿਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਦੌਰਾਨ ਪੰਥ ਵਿੱਚ ਕਾਰਜਸ਼ੀਲ ਵੱਖ ਵੱਖ ਜਥਿਆਂ, ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਵਿਚਾਰ ਪ੍ਰਾਪਤ ਕਰਨ ਉਪਰੰਤ ਇਹ ਗੁਰਮਤਾ ਕੀਤਾ ਗਿਆ ਕਿ ਖਾਲਸਾ ਪੰਥ ਮੌਜੂਦਾ ਪ੍ਰਬੰਧ ਅਧੀਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਤੰਤਰ ਸਰਵਉਚ ਅਤੇ ਸਮੁੱਚੇ ਖਾਲਸਾ ਪੰਥ ਦੀ ਸ਼ਮੂਲੀਅਤ ਸਹਿਤ ਅਮਲ ਕਰਨ ਤੋਂ ਅਸਮਰਥ ਵੇਖਦਿਆਂ ਮੌਜੂਦਾ ਪ੍ਰਬੰਧ ਨੂੰ ਰੱਦ ਕਰਦਾ ਹੈ। ਮੌਜੂਦਾ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾਂਦੀ ਹੈ ਜੋ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੁਨਿਆਵੀ ਤਖ਼ਤ ਦੇ ਅਧੀਨ ਕਰਨ ਦੀ ਪ੍ਰਕਿਰਿਆ ਹੈ।


ੴ ਵਾਹਿਗੁਰੂ ਜੀ ਕੀ ਫਤਿਹ ॥

ਅੱਜ ਮਿਤੀ ੧੪ ਹਾੜ ੫੫੫ ਨਾਨਕਸ਼ਾਹੀ ਮੁਤਾਬਿਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਦੌਰਾਨ ਪੰਥ ਵਿੱਚ ਕਾਰਜਸ਼ੀਲ ਵੱਖ ਵੱਖ ਜਥਿਆਂ, ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਵਿਚਾਰ ਪ੍ਰਾਪਤ ਕਰਨ ਉਪਰੰਤ ਇਹ ਗੁਰਮਤਾ ਕੀਤਾ ਗਿਆ ਕਿ ਖਾਲਸਾ ਪੰਥ ਮੌਜੂਦਾ ਪਰਬੰਧ ਅਧੀਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਤੰਤਰ ਸਰਵਉਚ ਅਤੇ ਸਮੁੱਚੇ ਖਾਲਸਾ ਪੰਥ ਦੀ ਸਮੂਲੀਅਤ ਸਹਿਤ ਅਮਲ ਕਰਨ ਤੋਂ ਅਸਮਰਥ ਵੇਖਦਿਆਂ ਮੌਜੂਦਾ ਪ੍ਰਬੰਧ ਨੂੰ ਰੱਦ ਕਰਦਾ ਹੈ। ਮੌਜੂਦਾ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾਂਦੀ ਹੈ ਜੋ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਦੁਨਿਆਵੀ ਤਖ਼ਤ ਦੇ ਅਧੀਨ ਕਰਨ ਦੀ ਪ੍ਰਕਿਰਿਆ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸੁਤੰਤਰਤਾ ਅਤੇ ਸਰਵਉਚਤਾ ਸਥਾਪਿਤ ਨਹੀਂ ਹੁੰਦੀ ਅਤੇ ਨਾ ਹੀ ਸ੍ਰੀ ਅਕਾਲ ਤਖਤ ਸਮੁੱਚੇ ਖਾਲਸਾ ਪੰਥ ਦੀ ਸਮੂਲੀਅਤ ਵਾਲਾ ਧੁਰਾ ਬਣਦਾ ਹੈ। ਇਸ ਲਈ ਇਸ ਪ੍ਰਬੰਧ ਨੂੰ ਰੱਦ ਕਰਕੇ ਬਦਲਵੇਂ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਇੱਕ ਨਿਸ਼ਕਾਮ ਅਤੇ ਖੁਦ ਮੁਖਤਿਆਰ ਜਥਾ ਸਿਰਜਿਆ ਜਾਵੇ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਕ ਕਰੇ।

ਤਖਤ ਸਾਹਿਬ ਦੇ ਪ੍ਰਬੰਧਕ ਅਕਾਲੀ ਜਥੇ ਦੀਆਂ ਸਖਸ਼ੀਅਤਾਂ ਵਿਚ ਹੇਠ ਲਿਖੀਆਂ ਸਿਫਤਾਂ ਹੋਣੀਆਂ ਜਰੂਰੀ ਹਨ :

- ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਅਤੇ ਸੰਗਤ ਵਲੋਂ ਬਖਸ਼ੇ ਸਿਰੋਪਾ ਸਾਹਿਬ ਨਾਲ ਸੰਤੁਸ਼ਟ ਹੋਣ।
- ਜੀਵਨ ਵਿਚ ਪਵਿਤਰਤਾ ਹੋਵੇ ਭਾਵ ਰਹਿਤ ਵਿਚ ਪਰਪਕਤਾ ਹੋਵੇ।
- ਨਾਮ ਬਾਣੀ ਦਾ ਅਭਿਆਸੀ ਹੋਵੇ।
- ਨਿਰਭਉ ਨਿਰਵੈਰ ਵਿਚਰਣ ਵਾਲਾ ਹੋਵੇ।
- ਸੇਵਾ, ਸੰਗਰਾਮ ਅਤੇ ਗੁਰਮਤਿ ਪਰਚਾਰ ਆਦਿ ਪੰਥਕ ਕਾਰਜਾਂ ਵਿਚ ਬੇਗਰਜ, ਨਿਸ਼ਕਾਮ ਹੋ ਕੇ ਵਿਚਰਣ ਵਾਲਾ ਹੋਵੇ।
- ਗੁਰਮਤਿ ਅਤੇ ਸਿੱਖ ਤਵਾਰੀਖ ਦਾ ਜਾਣੂ ਹੋਵੇ।
- ਪੂਰਨ ਰੂਪ ਵਿਚ ਤਿਆਗੀ ਬਿਰਤੀ ਦਾ ਹੋਵੇ ਭਾਵ ਧੰਨ, ਪਦਾਰਥ ਜਾਂ ਜਾਇਦਾਦ ਦਾ ਦਾਵਾ ਨਾ ਰਖਦਾ ਹੋਵੇ।
- ਆਪਣੀ ਪਰਿਵਾਰਕ ਅਤੇ ਕਿੱਤੇ ਦੀ ਪੇਸ਼ਾਵਰ ਜਿੰਮੇਵਾਰੀ ਤੋਂ ਪੂਰਨ ਰੂਪ ਵਿਚ ਮੁਕਤ ਹੋਵੇ।
- ਕਿਸੇ ਦੁਨਿਆਵੀ ਰਾਜਸੀ ਪਰਬੰਧ ਵਿਚ ਅਹੁਦੇਦਾਰ ਬਣਨ ਦਾ ਇਛੁਕ ਨਾ ਹੋਵੇ।
- ਪੱਛਮੀ ਤਰਜ ਉਤੇ ਚਲ ਰਹੀਆਂ ਗੁਰਦੁਆਰਾ ਪਰਬੰਧਕ ਕਮੇਟੀਆਂ ਦਾ ਸਭਾਸਦ ਨਾ ਹੋਵੇ।
- ਕਿਸੇ ਸੰਪਰਦਾਇ, ਸੰਸਥਾ ਜਾਂ ਜਥੇਬੰਦੀ ਦੀਆਂ ਜਿੰਮੇਵਾਰੀਆਂ ਤੋਂ ਪੂਰਨ ਰੂਪ ਵਿਚ ਮੁਕਤ ਹੋਵੇ।
- ਰਾਜਨੀਤੀ ਦਾ ਭੀ ਗਿਆਤਾ ਹੋਵੇ।
- ਕਿਸੇ ਭੀ ਦੁਨਿਆਵੀ ਰਾਜਸੀ ਹਕੂਮਤ ਜਾਂ ਕਿਸੇ ਹੋਰ ਅਦਾਰੇ ਦਾ ਨੌਕਰ ਨਾ ਹੋਵੇ।
- ਸਮੂਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਤਖਤ ਸਾਹਿਬਨ ਦੇ ਪਰਬੰਧਕੀ ਜਥੇ ਦੀ ਸਖਸੀ ਤੇ ਸੰਗਤੀ ਰਹਿਤ ਅਸਲ ਪੰਥ ਅਕਾਲੀ ਚਲਦਾ ਵਹੀਰ ਜਥੇ ਦੀ ਤਰਜ ਉਤੇ ਹੋਵੇ।

ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸੁਤੰਤਰਤਾ ਅਤੇ ਸਰਵਉਚਤਾ ਸਥਾਪਿਤ ਨਹੀਂ ਹੁੰਦੀ ਅਤੇ ਨਾ ਹੀ ਸ੍ਰੀ ਅਕਾਲ ਤਖਤ ਸਮੁੱਚੇ ਖਾਲਸਾ ਪੰਥ ਦੀ ਸ਼ਮੂਲੀਅਤ ਵਾਲਾ ਧੁਰਾ ਬਣਦਾ ਹੈ। ਇਸ ਲਈ ਇਸ ਪ੍ਰਬੰਧ ਨੂੰ ਰੱਦ ਕਰਕੇ ਬਦਲਵੇਂ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਇੱਕ ਨਿਸ਼ਕਾਮ ਅਤੇ ਖੁਦ ਮੁਖਤਿਆਰ ਜਥਾ ਸਿਰਜਿਆ ਜਾਵੇ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਗੁਰਮਤਾ ਸੰਸਥਾ ਮੁਤਾਬਕ ਕਰੇ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਮੋਦੀ ਦਾ ਅਮਰੀਕਾ ਦੌਰਾ

# ਸਿਰ.ਫ ਧੋਖਾ ਦੇਣਾ

# ਅਤੇ ਚਮਕਦਾਰ ਪੱਖ ਦਿਖਾਉਣਾ



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਦੌਰਾ ਇਸ ਸਮੇਂ ਸੁਰਖ਼ੀਆਂ ਵਿੱਚ ਹੈ। ਪ੍ਰਧਾਨ ਮੰਤਰੀ ਦੇ ਅਮਰੀਕਾ ਦੌਰੇ ਸਬੰਧੀ ਵੱਖ- ਵੱਖ ਵਿਦਵਾਨਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ। ਭਾਰਤੀ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਇਸ ਸਮੇਂ ਪ੍ਰਧਾਨ ਮੰਤਰੀ ਦੇ ਅਮਰੀਕਾ ਦੌਰੇ ਨੂੰ ਭਾਰਤ ਦੀ ਬਹੁਤ ਵੱਡੀ ਜਿੱਤ ਦੇ ਰੂਪ ਵਿੱਚ ਦਰਸਾਇਆ ਜਾ ਰਿਹਾ ਹੈ, ਜਦੋਂ ਕਿ ਕੁਝ ਆਜ਼ਾਦ ਪੱਤਰਕਾਰਾਂ ਵੱਲੋਂ ਪ੍ਰਧਾਨ ਮੰਤਰੀ ਦੇ ਅਮਰੀਕਾ ਦੌਰੇ ਦਾ ਵਿਰੋਧ ਕੀਤਾ ਗਿਆ। ਭਾਰਤੀ ਮੀਡੀਆ ਦਾ ਹਾਲ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਨੂੰ ਲੈ ਕੇ ਬਹੁਤ ਸਾਰੇ ਪਤਵੰਤੇ ਪੱਤਰਕਾਰਾਂ ਅਤੇ ਮੀਡੀਆ ਘਰਾਣਿਆਂ ਵਿੱਚ ਜੋ ਉਤਸ਼ਾਹ ਦੇਖਿਆ ਜਾ ਰਿਹਾ ਸੀ, ਉਹ ਉਸ ਸਮੇਂ ਚੌਗੁਣਾ ਹੋ ਗਿਆ ਜਦੋਂ ਦੁਨੀਆਂ ਦੇ ਅਰਬਪਤੀ ਕਾਰੋਬਾਰੀ, ਟੇਸਲਾ ਅਤੇ ਟਵਿੱਟਰ ਦੇ ਮਾਲਕ ਐਲੋਨ ਮਸਕ ਨੇ ਆਪਣੇ ਆਪ ਨੂੰ ਮੋਦੀ ਦਾ ਪ੍ਰਸੰਸਕ ਐਲਾਨ ਦਿੱਤਾ। ਇਹ ਇਸ ਤਰ੍ਹਾਂ ਸੀ ਜਿਵੇਂ ਮੋਦੀ ਦੀ ਵਿਸ਼ਵ ਗੁਰੂ ਵਾਲੀ ਤਸਵੀਰ ਨੂੰ ਮਸਕ ਦੀ ਟਿੱਪਣੀ ਨੇ ਪ੍ਰਵਾਨਗੀ ਦੀ ਅਧਿਕਾਰਤ ਮੋਹਰ ਲਗਾ ਦਿੱਤੀ ਹੈ। ਯਕੀਨਨ, ਜੇਕਰ ਦੁਨੀਆ ਦੇ ਵੱਡੇ ਕਾਰੋਬਾਰੀ ਭਾਰਤ ਵਿੱਚ ਆਪਣੇ ਕਾਰੋਬਾਰ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹਨ ਅਤੇ ਇੱਥੇ ਨਿਵੇਸ਼ ਕਰਨ ਦੇ ਸਹੀ ਸਮੇਂ ਬਾਰੇ ਗੱਲ ਕਰਦੇ ਹਨ, ਤਾਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ।

ਪਰ ਇਸ ਖੁਸ਼ੀ ਵਿੱਚ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅੰਗਰੇਜ਼ਾਂ ਨੇ ਵੀ ਵਪਾਰ ਦੀਆਂ ਸੰਭਾਵਨਾਵਾਂ ਨਾਲ ਭਾਰਤ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਉਸ ਤੋਂ ਬਾਅਦ ਇੱਥੇ ਆ ਕੇ ਇਸ ਤਰ੍ਹਾਂ ਜੰਮ ਗਿਆ ਸੀ ਕਿ 200 ਸਾਲ ਤੱਕ ਹਿੱਲਿਆ ਹੀ ਨਹੀਂ। ਜੇਕਰ ਐਲਨ ਮਸਕ ਭਾਰਤ ਵਿੱਚ ਨਿਵੇਸ਼ ਕਰਨ ਦੀ ਗੱਲ ਕਰਦੇ ਹਨ, ਇੱਥੇ ਆਪਣੀ ਕਾਰ ਫੈਕਟਰੀ ਖੋਲ੍ਹਣਾ ਚਾਹੁੰਦੇ ਹਨ, ਤਾਂ ਉਹ ਇਹ ਸਭ ਕੁਝ ਆਪਣਾ ਮੁਨਾਫ਼ਾ ਦੇਖ ਕੇ ਹੀ ਕਰਨਗੇ।

ਜੇਕਰ ਉਸ ਨੂੰ ਚੈਰਿਟੀ ਦੇ ਇਰਾਦੇ ਨਾਲ ਨਿਵੇਸ਼ ਕਰਨਾ ਪਿਆ, ਤਾਂ ਉਹ ਇਸ ਦੇ ਲਈ ਸਹੀ ਸਮੇਂ ਦੀ ਉਡੀਕ ਨਹੀਂ ਕਰੇਗਾ। ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਐਲੋਨ ਮਸਕ ਨੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਇਸ ਮੁਲਾਕਾਤ ਬਾਰੇ ਦੱਸਿਆ। ਇਸ ਦੌਰਾਨ ਜਦੋਂ ਉਨ੍ਹਾਂ



ਨੂੰ ਟਵਿੱਟਰ ਦੇ ਸਾਬਕਾ ਸੀਈਓ ਜੈਕ ਡੋਰਸੀ ਦੇ ਕਿਸਾਨ ਅੰਦੋਲਨ ਦੌਰਾਨ ਭਾਰਤ ਸਰਕਾਰ ਦੁਆਰਾ ਟਵਿੱਟਰ ’ਤੇ ਦਬਾਅ ਬਣਾਉਣ ਦੇ ਬਿਆਨ ਬਾਰੇ ਸਵਾਲ ਕੀਤਾ ਗਿਆ ਤਾਂ ਮਸਕ ਨੇ ਕਿਹਾ ਕਿ ਟਵਿੱਟਰ ਕੋਲ ਸਥਾਨਕ ਨਿਯਮਾਂ ਦੀ ਪਾਲਣਾ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਜੇਕਰ ਅਸੀਂ ਸਥਾਨਕ ਸਰਕਾਰ ਦੇ ਕਾਨੂੰਨ ਦੀ ਪਾਲਣਾ ਨਹੀਂ ਕਰਦੇ ਹਾਂ, ਤਾਂ ਸਾਨੂੰ ਉੱਥੇ ਕੰਮ ਕਰਨਾ ਬੰਦ ਕਰਨਾ ਪਵੇਗਾ। ਇਸ ਜਵਾਬ ਨਾਲ ਐਲੋਨ ਮਸਕ ਨੇ ਜੈਕ ਡੋਰਸੀ ਦੇ ਦੋਸ਼ਾਂ ਦੀ ਪੁਸ਼ਟੀ ਕੀਤੀ ਹੈ। ਇਹ ਦੇਖਣਾ ਬਾਕੀ ਹੈ ਕਿ ਕੀ ਭਾਜਪਾ ਆਗੂ ਹੁਣ ਐਲੋਨ ਮਸਕ ਨੂੰ ਵਿਰੋਧੀ ਵਜੋਂ ਦੇਖਣਗੇ ਜਾਂ ਭਾਰਤ ਵਿੱਚ ਉਨ੍ਹਾਂ ਦੇ ਨਿਵੇਸ਼ ਦੀ ਉਡੀਕ ਕਰਨਗੇ।

ਗੌਰਤਲਬ ਹੈ ਕਿ ਇਕ ਯੂ-ਟਿਊਬ ਚੈਨਲ ਨੂੰ ਦਿੱਤੇ ਇੰਟਰਵਿਊ ’ਚ ਜੈਕ ਡੋਰਸੀ ਨੇ ਟਵਿੱਟਰ ’ਤੇ ਕਿਸਾਨ ਅੰਦੋਲਨ ਦੌਰਾਨ ਤਾਕਤਵਰ ਲੋਕਾਂ ਦੇ ਦਬਾਅ ਦੇ ਸਵਾਲ ’ਤੇ ਜ਼ਿਕਰ ਕੀਤਾ। ਸਵਾਲਾਂ ਵਿੱਚ ਭਾਰਤ ਦਾ ਨਾਂ ਨਾ ਹੋਣ ਦੇ ਬਾਵਜੂਦ ਟਵਿੱਟਰ ਦੇ

(**ਬਾਕੀ ਸਫ਼ਾ 30 ’ਤੇ**)

## ਅਮਰੀਕਾ ਨੇ ਚੁੱਕਿਆ ਮੋਦੀ ਦੇ ਦੌਰੇ ਦਾ ਸਾਰਾ ਖ਼ਰਚਾ



ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੌਂ ਸਾਲਾਂ ਵਿੱਚ ਛੇਵੀਂ ਵਾਰ ਅਮਰੀਕਾ ਦਾ ਦੌਰਾ ਕੀਤਾ ਹੈ ਪਰ ਇਸ ਵਾਰ ਇਹ ਦੌਰਾ ਬਹੁਤ ਖਾਸ ਰਿਹਾ ਕਿਉਂਕਿ ਉਹ ‘ਰਾਜ ਦੌਰੇ’ ’ਤੇ ਸਨ।

ਰਾਜ ਦੌਰੇ ਦਾ ਮਤਲਬ ਹੈ ਕਿ ਜਿਸ ਦਾ ਸੱਦਾ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਤੋਂ ਆਇਆ ਹੈ। ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਮੋਦੀ ਦੂਜੇ ਭਾਰਤੀ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੂੰ ਅਮਰੀਕਾ ਨੇ ਸਰਕਾਰੀ ਦੌਰੇ ’ਤੇ ਸੱਦਾ ਦਿੱਤਾ ਹੈ। ਮੋਦੀ ਤੋਂ ਪਹਿਲਾਂ 2009 ’ਚ ਤਤਕਾਲੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਅਮਰੀਕਾ ਦੇ ਸਰਕਾਰੀ ਦੌਰੇ ’ਤੇ ਗਏ ਸਨ। ਹੁਣ ਤੱਕ ਅਮਰੀਕਾ ਤਿੰਨ ਵਾਰ ਭਾਰਤੀ ਨੇਤਾਵਾਂ ਨੂੰ ਸਰਕਾਰੀ ਦੌਰਿਆਂ ਲਈ ਸੱਦਾ ਦੇ ਚੁੱਕਾ ਹੈ। ਸਾਬਕਾ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਪਹਿਲੇ ਭਾਰਤੀ ਨੇਤਾ ਸਨ, ਜਿਨ੍ਹਾਂ ਨੂੰ ਅਮਰੀਕਾ ਨੇ ਰਾਜ ਦੇ ਦੌਰੇ ’ਤੇ ਬੁਲਾਇਆ(**ਬਾਕੀ ਸਫ਼ਾ 30 ’ਤੇ**)

## ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ 2 ਵਾਰੀ ਸੰਬੋਧਨ ਕਰਨ ਵਾਲੇ ਪਹਿਲੇ ਆਗੂ ਬਣੇ ਮੋਦੀ

ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਬਿਡੇਨ ਨੇ ਮਿਲਟਰੀ ਏਅਰਕ੍ਰਾਫਟ ਅਤੇ ਯੂਐਸ ਡਰੋਨ ਸੌਦੇ ਨੂੰ ਪਾਵਰ ਦੇਣ ਲਈ ਭਾਰਤ ਵਿੱਚ ਜੈੱਟ ਇੰਜਣ ਸਾਂਝੇ ਤੌਰ ’ਤੇ ਤਿਆਰ ਕਰਨ ਲਈ ‘ਮੀਲ ਦਾ ਨਿਸ਼ਾਨ’ ਸਮਝੌਤੇ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਵੀਰਵਾਰ ਨੂੰ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕੀਤਾ। ਇਸ ਨਾਲ ਉਹ ਦੋ ਵਾਰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਨੇਤਾ ਬਣ ਗਏ ਹਨ। ਅਮਰੀਕੀ ਕਾਂਗਰਸ ਦੀ ਸਾਂਝੀ ਮੀਟਿੰਗ ਨੂੰ ਉਨ੍ਹਾਂ ਦਾ ਪਹਿਲਾ ਸੰਬੋਧਨ 2016 ਵਿੱਚ ਸੀ।

ਉਨ੍ਹਾਂ ਆਪਣੇ ਸੰਬੋਧਨ ਦੌਰਾਨ ਅੱਤਵਾਦ ਨੂੰ ਸਪਾਂਸਰ ਕਰਨ ਵਾਲੇ ਦੇਸ਼ਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਮੋਦੀ ਨੇ ਸੰਯੁਕਤ ਰਾਸ਼ਟਰ ਸਮੇਤ ਬਹੁਪੱਖੀ ਸੰਸਥਾਵਾਂ ਨੂੰ ਸੁਧਾਰਨ ’ਤੇ ਵੀ ਜ਼ੋਰ ਦਿੱਤਾ ਅਤੇ ਅਮਰੀਕਾ ਨਾਲ ਭਾਰਤ



ਦੇ ਸਬੰਧਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ।

**ਕਮਲਾ ਹੈਰਿਸ ਅਤੇ ਬਲਿੰਕਨ ਨੇ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ**

ਸ਼ੁੱਕਰਵਾਰ ਨੂੰ, ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਨਾਲ ਵਿਦੇਸ਼ ਵਿਭਾਗ ਵਿੱਚ ਭਾਰਤੀ ਨੇਤਾ ਲਈ ਇੱਕ ਸਰਕਾਰੀ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ। ਮੋਦੀ ਨੇ ਵ੍ਹਾਈਟ ਹਾਊਸ ’ਚ ਅਮਰੀਕਾ ਅਤੇ ਭਾਰਤ ਦੇ ਚੋਟੀ ਦੇ ਸੀਈਓਜ਼ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਕਮਲਾ ਹੈਰਿਸ ਨੇ ਭਾਰਤ ਨੂੰ ਯਾਦ ਕੀਤਾ, ਜਦਕਿ ਪੀਐਮ ਮੋਦੀ ਨੇ ਕਮਲਾ ਹੈਰਿਸ ਅਤੇ ਬਲਿੰਕਨ ਦੀ ਮਹਿਮਾਨਨਿਵਾਜ਼ੀ ਦੀ ਸ਼ਲਾਘਾ ਕੀਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਅਤੇ ਮਿਸਰ ਦੇ 5 ਦਿਨਾਂ ਰਾਜ ਦੌਰੇ ਤੋਂ ਬਾਅਦ ਐਤਵਾਰ ਨੂੰ ਵਤਨ ਪਰਤ ਆਏ ਹਨ।

**ਅਮਰੀਕਾ ਵਿੱਚ ਸ਼ਾਨਦਾਰ ਸਵਾਗਤ**

ਅਮਰੀਕਾ ਦੇ ਦੌਰੇ ਦੌਰਾਨ ਵਾਸ਼ਿੰਗਟਨ ਡੀਸੀ ਵਿੱਚ ਰਾਸ਼ਟਰਪਤੀ ਬਿਡੇਨ ਦੁਆਰਾ ਵ੍ਹਾਈਟ ਹਾਊਸ ਵਿੱਚ ਉਨ੍ਹਾਂ ਦਾ ਰੈੱਡ ਕਾਰਪੇਟ ਸਵਾਗਤ ਕੀਤਾ ਗਿਆ। (**ਬਾਕੀ ਸਫ਼ਾ 30 ’ਤੇ**)

## ਮੋਦੀ ਨੂੰ ਮਿਸਰ ਦੇ ਸਰਵਉੱਚ ਸਨਮਾਨ ‘ਆਰਡਰ ਆਫ਼ ਦਾ ਨੀਲ’ ਨਾਲ ਕੀਤਾ ਸਨਮਾਨਿਤ

ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਜੋਅ ਬਿਡੇਨ ਦੇ ਸੱਦੇ ’ਤੇ ਅਮਰੀਕਾ ਦੇ ਉੱਚ ਪੱਧਰੀ ਦੌਰੇ ਤੋਂ ਬਾਅਦ ਸ਼ਨੀਵਾਰ ਨੂੰ ਦੋ ਦਿਨਾਂ ਦੇ ਦੌਰੇ ’ਤੇ ਮਿਸਰ ਪਹੁੰਚੇ। ਇੱਥੇ ਪ੍ਰਧਾਨ ਮੰਤਰੀ ਮੁਸਤਫਾ ਮਦਬੋਲੀ ਨੇ ਹਵਾਈ ਅੱਡੇ ’ਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। 1997 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਭਾਰਤੀ ਪ੍ਰਧਾਨ ਮੰਤਰੀ ਨੇ ਮਿਸਰ ਦਾ ਦੋ-ਪੱਖੀ ਦੌਰਾ ਕੀਤਾ ਹੈ।

ਮਿਸਰ ਦੀ ਆਪਣੀ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੂੰ ਅਰਬ ਦੇਸ਼ ਦੇ ਸਰਵਉੱਚ ਸਨਮਾਨ ‘ਆਰਡਰ ਆਫ਼ ਦਾ ਨੀਲ’ ਨਾਲ ਵੀ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਮਿਸਰ ਪੀਐਮ ਮੋਦੀ ਨੂੰ ਸਰਕਾਰੀ ਸਨਮਾਨ ਦੇਣ ਵਾਲਾ 13ਵਾਂ ਦੇਸ਼ ਬਣ ਗਿਆ ਹੈ।

ਮਿਸਰ ਦੇ ਰਾਸ਼ਟਰਪਤੀ ਨਾਲ ਇਨ੍ਹਾਂ ਮੁੱਦਿਆਂ ’ਤੇ ਗੱਲਬਾਤ ਕੀਤੀ

ਪ੍ਰਧਾਨ ਮੰਤਰੀ ਮੋਦੀ ਨੇ ਐਤਵਾਰ ਨੂੰ ਰਾਸ਼ਟਰਪਤੀ ਅਲ-ਸੀਸੀ ਨਾਲ ਗੱਲਬਾਤ ਕੀਤੀ। ਦੋਵਾਂ ਦੇਸ਼ਾਂ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ’ਤੇ ਵਪਾਰ ਅਤੇ ਨਿਵੇਸ਼, ਊਰਜਾ ਸਬੰਧਾਂ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧਾਂ ਨੂੰ ਬਿਹਤਰ ਬਣਾਉਣ ’ਤੇ ਧਿਆਨ ਕੇਂਦ੍ਰਤ ਕੀਤਾ ਗਿਆ।



ਦੋਵਾਂ ਦੇਸ਼ਾਂ ਨੇ ਆਪਣੇ ਸਬੰਧਾਂ ਨੂੰ ‘ਰਣਨੀਤਕ ਭਾਈਵਾਲੀ’ ਤੱਕ ਉੱਚਾ ਕੀਤਾ।

**ਮਿਸਰ ਦੀ ਇਤਿਹਾਸਕ ਮਸਜਿਦ ਦਾ ਦੌਰਾ ਕੀਤਾ।**

ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਮਿਸਰ ਦੇ ਗ੍ਰੈਂਡ ਮੁਫਤੀ ਸ਼ੌਕੀ ਇਬਰਾਹਿਮ ਅਬਦੇਲ-ਕਰੀਮ ਅਲਾਮ ਨਾਲ ਮੁਲਾਕਾਤ ਕੀਤੀ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਕੱਟੜਪੰਥ ਅਤੇ ਕੱਟੜਪੰਥ ਦਾ ਮੁਕਾਬਲਾ ਕਰਨ ਨਾਲ ਜੁੜੇ ਮੁੱਦਿਆਂ ’ਤੇ ਚਰਚਾ ਕੀਤੀ। ਬਾਅਦ ਵਿੱਚ ਸ਼ਾਮ ਨੂੰ ਉਹ ਮਿਸਰ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਮਿਲੇ, ਜਿਨ੍ਹਾਂ ਨੇ ਉਸਦੀ ਪ੍ਰਸ਼ੰਸਾ ਕੀਤੀ ਅਤੇ ਉਸਨੂੰ ‘ਭਾਰਤ ਦਾ ਹੀਰੋ’ ਦੱਸਿਆ।

ਪੀਐਮ ਮੋਦੀ ਨੇ ਮਿਸਰ ਦੀਆਂ ਪ੍ਰਮੁੱਖ ਹਸਤੀਆਂ ਨਾਲ ਵੀ ਮੁਲਾਕਾਤ ਕੀਤੀ, ਜਿਸ ਵਿੱਚ ਮੱਧ ਪੂਰਬ ਅਤੇ ਉੱਤਰੀ ਅਫ਼ਰੀਕੀ ਖੇਤਰ ਵਿੱਚ ਕੰਮ ਕਰਨ ਵਾਲੀਆਂ ਸਭ ਤੋਂ ਵੱਡੀਆਂ ਮਿਸਰ ਦੀਆਂ ਕੰਪਨੀਆਂ ਵਿੱਚੋਂ ਇੱਕ ਦੇ ਸੀਈਓ ਹਸਨ ਅਲਾਮ ਅਤੇ ਪ੍ਰਸਿੱਧ ਲੇਖਕ ਅਤੇ ਪੈਟਰੋਲੀਅਮ ਰਣਨੀਤੀਕਾਰ ਤਾਰੇਕ ਹੇਗੀ ਸ਼ਾਮਲ ਹਨ।

**ਮਿਸਰ ਨਾਲ 4 ਸਮਝੌਤਿਆਂ ’ਤੇ ਹਸਤਾਖਰ**

ਭਾਰਤ ਦੇ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਕਿਹਾ ਕਿ ਮਿਸਰ ਅਤੇ ਭਾਰਤ ਵਿਚਾਲੇ ਚਾਰ ਮੈਮੋਰੰਡਮ ਅਤੇ ਸਮਝੌਤਿਆਂ ’ਤੇ ਹਸਤਾਖਰ ਕੀਤੇ ਗਏ ਹਨ, ਜਿਨ੍ਹਾਂ ’ਚ ਦੋਵਾਂ ਦੇਸ਼ਾਂ ਵਿਚਾਲੇ ਰਣਨੀਤਕ ਸਾਂਝੇਦਾਰੀ ’ਤੇ ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸਕ ਸਮਝੌਤਾ ਵੀ ਸ਼ਾਮਲ ਹੈ। ਸਮਝੌਤੇ ਤੋਂ ਇਲਾਵਾ ਭਾਰਤ ਅਤੇ ਮਿਸਰ ਨੇ ਖੇਤੀਬਾੜੀ ਅਤੇ ਸਹਾਇਕ ਖੇਤਰਾਂ ’ਤੇ ਵੀ ਇਕ ਸਮਝੌਤੇ ’ਤੇ ਦਸਤਖਤ ਕੀਤੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

28 ਜੂਨ ਤੋਂ 4 ਜੁਲਾਈ, 2023

## ਵਿਸ਼ਵ ਸਿੱਖ ਇਕੱਤਰਤਾ: ਇੱਕ ਸਦੀ ਬਾਅਦ ਪਰੰਪਰਾ ਅਨੁਸਾਰ ਗੁਰਮਤਾ ਕਰਨ ਦਾ ਅਮਲ

ਪੰਥਕ ਸਖਸ਼ੀਅਤਾਂ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਸਤਨਾਮ ਸਿੰਘ ਖੰਡਾ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਸੁਖਦੇਵ ਸਿੰਘ ਡੋਡ, ਭਾਈ ਅਮਰੀਕ ਸਿੰਘ ਈਸੜੂ, ਭਾਈ ਰਜਿੰਦਰ ਸਿੰਘ ਮੁਗਲਵਾਲ ਅਤੇ ਭਾਈ ਮਨਜੀਤ ਸਿੰਘ ਫਗਵਾੜਾ ਵਲੋਂ 28 ਜੂਨ ਨੂੰ ਮੀਰੀ ਪੀਰੀ ਦਿਵਸ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤ੍ਰਤਾ ਸੱਦੀ ਗਈ । ਇਹਨਾਂ ਪੰਥ ਸੇਵਕ ਜੁਝਾਰੂ ਸਖਸ਼ੀਅਤਾਂ ਵੱਲੋਂ ਪਿਛਲੇ ਸਮੇਂ ਤੋਂ ਪੰਥ ਅੰਦਰਲੇ ਵੱਖ-ਵੱਖ ਹਿੱਸਿਆਂ ਨਾਲ ਗੋਸ਼ਟੀਆਂ ਰਚਾਈਆਂ ਗਈਆਂ ਅਤੇ ਵਿਚਾਰ ਵਟਾਂਦਰੇ ਕੀਤੇ ਗਏ ਸਨ। ਅਗਲੇ ਪੜਾਅ ਦੇ ਤੌਰ 'ਤੇ ਇਹਨਾਂ ਸਖਸ਼ੀਅਤਾਂ ਵੱਲੋਂ ਵਿਸ਼ਵ ਸਿੱਖ ਇਕੱਤ੍ਰਤਾ ਸਬੰਧੀ ਕੁਝ ਦਸਤਾਵੇਜ਼ ਵੀ ਜਾਰੀ ਕੀਤੇ ਗਏ ਹਨ। ਇਹਨਾਂ ਦਸਤਾਵੇਜ਼ਾਂ ਦੇ ਮੁਤਾਬਕ ਕਾਨਫਰੰਸ ਜਾਂ ਰੈਲੀ ਜਾਂ ਮੌਜੂਦਾ ਇਕੱਠਾਂ ਦੀ ਤਰ੍ਹਾਂ ਇਹ ਇਕੱਤ੍ਰਤਾ ਨਹੀਂ ਬੁਲਾਈ ਜਾ ਰਹੀ, ਬਲਕਿ ਇਸਦੀ ਸਾਰੀ ਕਾਰਵਾਈ ਸਿੱਖਾਂ ਦੀ ਪੁਰਾਤਨ ਰਵਾਇਤ ਗੁਰਮਤੇ ਮੁਤਾਬਿਕ ਹੋਵੇਗੀ। ਹਾਲ ਹੀ ਵਿੱਚ ਜਾਰੀ ਕੀਤੇ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ ਵਰਤਮਾਨ ਸਮੇਂ ਦੀ ਅਹਿਮ ਚਣੌਤੀ ਇਹ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਿਰੋਮਣੀ (ਭਾਵ ਕੇਂਦਰੀ ਧੁਰੇ ਨਿਆਈ) ਅਤੇ ਸੁਤੰਤਰ ਹੋਂਦ ਹਸਤੀ ਬੁਲੰਦ ਨਹੀਂ ਰਹੀ, ਸੋ ਸ੍ਰੀ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਦਾ ਪ੍ਰਬੰਧ ਕਿਸ ਪ੍ਰਕਾਰ ਨਵਿਆਇਆ ਜਾਏ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਇੰਡੀਅਨ ਵੋਟ ਤੰਤਰ ਵਿੱਚ ਵਿਚਰ ਰਹੇ ਕਿਸੇ ਇਕ ਸਿਆਸੀ ਧੜੇ ਦੀ ਨਿਜੀ ਸੰਸਥਾ ਦੀ ਬਜਾਏ ਵਿਸ਼ਵ ਭਰ ਵਿੱਚ ਵਿਚਰ ਰਹੇ ਗੁਰੂ ਖ਼ਾਲਸਾ ਪੰਥ ਦੇ ਜਥਿਆਂ ਦੀ ਸ਼ਮੂਲੀਅਤ ਵਾਲਾ ਕੇਂਦਰੀ ਧੁਰਾ ਬਣ ਸਕੇ। ਇਸ ਵਿਸ਼ੇ 'ਤੇ ਸੱਦੇ ਗਏ ਜਥਿਆਂ ਦੇ ਨੁਮਾਇੰਦਿਆਂ ਦੀ ਰਾਇ ਲਈ ਜਾਵੇਗੀ ਅਤੇ ਸੰਗਤ ਦੀ ਸਹਿਮਤੀ ਨਾਲ ਚੁਣੇ ਗਏ ਪੰਜ ਸਿੰਘ ਸਭ ਦੀ ਰਾਇ ਤੋਂ ਬਾਅਦ ਫੈਸਲਾ ਕਰਨਗੇ।

ਇਸ ਇਕੱਤਰਤਾ ਵਿੱਚ ਸੱਦੇ ਗਏ ਹਰੇਕ ਜਥੇ ਵਿਚੋਂ ਵਿਚਾਰ ਵਟਾਂਦਰੇ ਲਈ ਕੇਵਲ ਦੋ ਸਿੰਘਾਂ (ਜਥੇ ਦਾ ਜਥੇਦਾਰ ਅਤੇ ਮੀਤ ਜਥੇਦਾਰ) ਨੂੰ ਮੰਚ ਉਤੇ ਜਾਣ ਦੀ ਇਜਾਜਤ ਹੋਵੇਗੀ। ਇਸ ਇਕੱਤਰਤਾ ਵਿੱਚ ਗੁਰਮਤਿ ਪ੍ਰਥਾਏ ਸੇਵਾ, ਸੰਗਰਾਮ ਅਤੇ ਪਰਚਾਰ ਕਰ ਰਹੇ ਜਥਿਆਂ ਦੇ ਜਥੇਦਾਰਾਂ, ਰਾਜਸੀ ਸਰਦਾਰਾਂ (ਆਗੂ) ਅਤੇ ਕੁਛ ਅਹਿਮ ਸਖਸ਼ੀਅਤਾਂ ਨੂੰ ਸੱਦਿਆ ਗਿਆ ਹੈ। ਜਾਰੀ ਦਸਤਾਵੇਜ਼ ਵਿੱਚ ਬਕਾਇਦਾ ਇਹ ਗੱਲ ਵੀ ਕਹੀ ਗਈ ਹੈ ਕਿ ਗੁਰਮਤੇ ਲਈ ਹਾਜਰ ਹੋਣ ਵਾਲੀਆਂ ਸਖਸ਼ੀਅਤਾਂ ਲਈ ਜਰੂਰੀ ਹੈ ਕਿ ਉਹ ਇਕੱਤਰਤਾ ਸੱਦਣ ਵਾਲੇ ਸਿੰਘਾਂ ਦੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਪ੍ਰਤੀ ਕੀਤੀ ਬੇਗਰਜ ਸੇਵਾ ਅਤੇ ਗੁਰਮਤਾ ਸੋਧਣ ਦੇ ਅਮਲ ਸਮੇ ਕਿਸੇ ਵੀ ਪਰਕਾਰ ਦੇ ਪੱਖਪਾਤ ਤੋਂ ਨਿਰਲੇਪ ਹੋ ਕੇ ਵਿਚਰਣ ਉਤੇ ਵਿਸ਼ਵਾਸ ਰੱਖਦੇ ਹੋਣ। ਇਹਨਾਂ ਸਖਸ਼ੀਅਤਾਂ ਦਾ ਕਹਿਣਾ ਹੈ ਕਿ ਅਜਿਹੇ ਪੜਾਅ ਪਾਰ ਕਰਕੇ ਹੀ ਸਹੀ ਰੂਪ ਵਿੱਚ ਸਰਬੱਤ ਖਾਲਸਾ ਬੁਲਾਉਣ ਤੇ ਕੀਤੇ ਗੁਰਮਤੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦੇ ਯੋਗ ਹੋ ਸਕਾਂਗੇ। ਪੁਰਾਤਨ ਵੇਲਿਆਂ ਵਿੱਚ ਵੀ ਸਿੱਖ ਆਪਣੇ ਫੈਸਲੇ ਗੁਰਮਤੇ ਰਾਹੀਂ ਕਰਦੇ ਰਹੇ ਹਨ ਅਤੇ ਗੁਰਮਤਿ ਅਨੁਸਾਰ ਵੀ ਇਹੀ ਪ੍ਰਵਾਨ ਹੈ। ਜਿਥੋਂ ਅਸੀਂ ਰਾਹ ਭਟਕੇ ਓਥੋਂ ਹੀ ਮੁੜ ਸਹੀ ਰਾਹ ਫੜ ਹੋਣਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਫੈਸਲੇ ਲੈਣ ਦਾ ਕੇਂਦਰੀ ਸਥਾਨ ਹੈ, ਇਥੋਂ ਦੀ ਸੇਵਾ ਸੰਭਾਲ ਅਕਾਲੀ ਸਿੰਘਾਂ ਕੋਲ ਹੁੰਦੀ ਸੀ, ਜੋ ਸਭ ਦੁਨਿਆਵੀ ਅਹੁਦਿਆਂ ਤੋਂ ਉੱਪਰ ਵਿਚਰਦੇ ਸਨ। ਅਕਾਲੀ ਸਿੰਘ ਜਥਿਆਂ ਦੀ ਨੁਮਾਇੰਦਾ ਇਕੱਤਰਤਾ ਕਰ ਪੰਥ ਨੂੰ ਦਰਪੇਸ਼ ਔਕੜ ਦੇ ਹੱਲ ਲਈ ਗੁਰਮਤਾ ਕੀਤਾ ਜਾਂਦਾ। ਪਰ ਪਿਛਲੇ ਸਮਿਆਂ ਤੋਂ ਸਿੱਖਾਂ ਨੇ ਗੁਰਮਤੇ ਕਰਨੇ ਛੱਡ ਦਿੱਤੇ ਸਨ। ਫ਼ੈਸਲੇ ਲੈਣ ਅਤੇ ਆਗੂ ਚੁਨਣ ਲਈ ਵੋਟਾਂ ਵਾਲਾ ਤਰੀਕਾ ਅਪਣਾਈ ਰੱਖਿਆ ਸੀ। ਜਿਸ ਵਜ੍ਹਾ ਕਰਕੇ ਹਰ ਮੁਹਿੰਮ ਵਿੱਚ ਸਿੱਖਾਂ ਨੂੰ ਹਾਰਾਂ ਹੋਈਆਂ ਹਨ ਅਤੇ ਆਪਸੀ ਫੁੱਟ ਵੀ ਵੋਟਾਂ ਵਾਲੇ ਤਰੀਕੇ ਵੱਧ ਗਈ ਹੈ। ਸਿੱਖਾਂ ਵਿੱਚ ਆਪਣੀ ਰਵਾਇਤ ਨੂੰ ਛੱਡਣ ਕਰਕੇ ਖਿਲਾਰਾ ਵੱਧ ਰਿਹਾ ਹੈ ਅਤੇ ਦਿੱਲੀ ਤਖਤ ਦੀ ਬਿਪਰ ਸਰਕਾਰ ਵੀ ਇਹੀ ਚਾਹੁੰਦੀ ਹੈ ਕਿ ਸਿੱਖਾਂ ਵਿੱਚ ਆਪਸੀ ਖਿਲਾਰਾ ਵਧੇ ਅਤੇ ਜਿਨ੍ਹਾਂ ਦੀ ਵੀ ਭਰੋਸੇਯੋਗਤਾ ਬਚੀ ਹੈ ਉਸ ਨੂੰ ਸ਼ੱਕੀ ਕਰ ਦਿੱਤਾ ਜਾਵੇ। ਮੌਜੂਦਾ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦਾ ਰੁਤਬਾ ਕਾਨੂੰਨ, ਵੋਟਾਂ ਵਾਲਾ ਧੜਾ ਅਤੇ ਇਸ ਤੋਂ ਵੀ ਅੱਗੇ ਇੱਕ ਪਰਿਵਾਰ ਦੇ ਦਖਲ ਕਾਰਨ ਸੁਤੰਤਰ ਨਹੀਂ ਰਹਿ ਗਿਆ ਹੈ। ਜਿਸ ਥਾਂ ਤੋਂ ਗੁਰਮਤੇ ਰਾਹੀਂ ਸਰਬੱਤ ਦੇ ਭਲੇ ਦੇ ਫੈਸਲੇ ਹੋਣੇ ਸਨ ਉਸ ਪਵਿੱਤਰ ਸਥਾਨ ਨੂੰ ਨਿੱਜੀ ਮੁਫਾਦਾਂ ਲਈ ਵਰਤਿਆ ਜਾ ਰਿਹਾ ਹੈ। ਆਪਣੇ ਰਵਾਇਤੀ ਤਰੀਕੇ ਤੋਂ ਬਿਨਾਂ ਹੋਰ ਤਰੀਕਿਆਂ ਦੇ ਪ੍ਰਬੰਧਾਂ ਦਾ ਕੌੜਾ ਤਜਰਬਾ ਅਤੇ ਇਸ ਦੇ ਨਤੀਜੇ ਸਿੱਖਾਂ ਨੇ ਵੇਖ ਲਏ ਹਨ। ਅੱਜ ਸਿੱਖਾਂ ਦਾ ਵੱਡਾ ਹਿੱਸਾ ਵਕਤੀ ਕਾਰਵਾਈਆਂ ਦੀ ਵਕਤੀ ਤਸੱਲੀ ਵਿੱਚ ਮਸ਼ਰੂਫ ਹੋ ਕੇ ਆਪਣੇ ਅਮਲ ਕਰ ਰਿਹਾ ਹੈ, ਇਸ ਤਰ੍ਹਾਂ ਆਪਣੀ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ ਸਗੋਂ ਸਿੱਖ ਸੰਘਰਸ਼ ਦੇ ਅਗਲੇ ਪੜਾਅ ਵੱਲ ਤੇਜ਼ੀ ਨਾਲ ਵੱਧਦਿਆਂ ਸਮੇਂ ਦੀ ਨਾਜ਼ੁਕਤਾ ਨੂੰ ਸੰਜੀਦਗੀ ਨਾਲ ਸਮਝਣਾ ਚਾਹੀਦਾ ਹੈ। ਰਾਤੋ ਰਾਤ ਪ੍ਰਾਪਤੀ ਕਰਨ ਦੇ ਸੁਪਨਿਆਂ ਦੀ ਦੌੜ ਛੱਡ ਕੇ ਪੰਥ ਦੇ ਸਾਂਝੇ ਹਿਤ ਲਈ ਲੰਬੇ ਸਮੇਂ ਲਈ ਹੱਡ ਤੋੜ ਮਸ਼ੱਕਤ ਕਰਨ ਵਿੱਚੋਂ ਹੀ ਕੁਝ ਨਿਕਲ ਸਕੇਗਾ। ਸਾਡੀ ਰਵਾਇਤ ਅਨੁਸਾਰ ਕੀਤੇ ਅਮਲਾਂ ਵਿੱਚ ਹੀ ਬਰਕਤ ਹੋਵੇਗੀ। ਇਸ ਤਰ੍ਹਾਂ ਆਉਣ ਵਾਲੇ ਸਾਲਾਂ ਵਿੱਚ ਸਾਨੂੰ ਲੰਬੇ ਸਮੇਂ ਲਈ ਲੋੜੀਂਦੀਆਂ ਸੰਸਥਾਵਾਂ ਅਤੇ ਢਾਂਚਿਆਂ ਦੀ ਉਸਾਰੀ ਕਰਨ ਲਈ ਸਖਤ ਮਿਹਨਤ ਕਰਨੀ ਪੈਣੀ ਹੈ।

ਗੁਰਦੁਆਰੇ, ਤਖ਼ਤ ਸਾਹਿਬਾਨ ਅਤੇ ਖਾਲਸਾ ਜੀ ਦੇ ਫੈਸਲੇ ਕਿਸੇ ਦੁਨਿਆਵੀ ਤਖ਼ਤ, ਤਾਕਤ ਜਾਂ ਕਾਨੂੰਨ ਦੇ ਅਧੀਨ ਨਹੀਂ ਹੋ ਸਕਦੇ। ਗੁਰੂ ਖਾਲਸਾ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਮੌਜੂਦਾ ਇੰਡੀਅਨ ਵੋਟਤੰਤਰ ਵਾਲੀਆਂ ਸਿਆਸੀ ਤਾਕਤਾਂ ਤੋਂ ਮੁਕਤ ਕਰਵਾਉਣਾ ਚਾਹੀਦਾ ਹੈ। ਔਖੇ ਸਮਿਆਂ ਨੂੰ ਮਹਿਸੂਸ ਕਰਦਿਆਂ ਇਹਨਾਂ ਸਖਸ਼ੀਅਤਾਂ ਨੇ ਗੁਰਮਤਾ ਸੋਧਣ ਦੀ ਰਵਾਇਤ ਨੂੰ ਮੁੜ 100 ਸਾਲਾਂ ਤੋਂ ਵੀ ਵੱਧ ਸਮੇਂ ਬਾਅਦ ਸੁਰਜੀਤ ਕਰਨ ਦਾ ਉਪਰਾਲਾ ਕੀਤਾ ਹੈ। ਪਵਿੱਤਰ ਅਤੇ ਗੁਰੂ ਦੇ ਨੇੜੇ ਲਿਜਾਣ ਵਾਲਾ ਪੰਥਕ ਸਖ਼ਸੀਅਤਾਂ ਦਾ ਇਹ ਕਾਰਜ ਆਪਣੇ ਆਪ ਵਿੱਚ ਵਡਮੁੱਲਾ ਹੈ। ਪਾਤਿਸਾਹ ਮਿਹਰ ਕਰਨ ਗੁਰੂ ਖਾਲਸਾ ਪੰਥ ਆਪਣੇ ਫੈਸਲੇ ਲੈਣ ਦੇ ਤਰੀਕਾਕਾਰ ਨੂੰ ਮੁੜ ਸੁਰਜੀਤ ਕਰੇ। ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਭਵਿੱਖ ਦੀ ਤਸਵੀਰ ਬਿਲਕੁਲ ਹੋਰ ਹੋਵੇਗੀ, ਇਹ ਉੱਦਮ ਅਜਾਈਂ ਨਹੀਂ ਜਾਵੇਗਾ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਕਿਵੇਂ ਹੋਇਆ ਭਾਰਤ ਦਾ ਆਰਥਿਕ ਅਤੇ ਸਮਾਜਿਕ ਨਿਘਾਰ

## ਕੀ ਹਨ ਭਾਰਤ ਦੀ ਅਰਥ ਵਿਵਸਥਾ ਦੇ ਮਜ਼ਬੂਤ ਨਾ ਹੋਣ ਦੇ ਕਾਰਨ

ਦਰਬਾਰਾ ਸਿੰਘ ਕਾਹਲੋਂ




ਭਾਰਤ ਅੰਦਰ ਖਰਬਪਤੀਆਂ ਦੀ ਗਿਣਤੀ 102 ਤੋਂ ਵਧ ਕੇ 142 ਹੋ ਗਈ ਹੈ। ਇਨ੍ਹਾਂ ਦੀ ਦੌਲਤ ਦਾ ਅੰਬਾਰ 23 ਲੱਖ ਕਰੋੜ ਰੁਪਏ ਤੋਂ ਵਧ ਕੇ 53 ਲੱਖ ਕਰੋੜ ਹੋ ਗਿਆ ਭਾਵ ਸਵਾ 2 ਗੁਣਾ। ਦੂਸਰੇ ਪਾਸੇ 84% ਭਾਰਤੀ ਪਰਿਵਾਰਾਂ ਦੀ ਆਮਦਨ ਵਿੱਚ ਕਮੀ ਆਈ ਹੈ। ਲਗਪਗ 4.6 ਕਰੋੜ ਲੋਕ ਗ਼ਰੀਬੀ ਦੀ ਰੇਖਾ ਤੋਂ ਧੜਾਮ ਥੱਲੇ ਡਿੱਗੇ। ਵਿਸ਼ਵ ਨਾ-ਬਰਾਬਰੀ ਸਬੰਧੀ ਰਿਪੋਰਟ ਸਾਡੇ ਅਜਿਹੇ ਆਰਥਿਕ ਅਤੇ ਸਮਾਜਿਕ ਨਿਘਾਰ 'ਤੇ ਮੋਹਰ ਲਾਉਂਦੀ ਹੈ। ਦਰਅਸਲ, ਭਾਰਤ ਦੀ ਤਰੱਕੀ ਨੂੰ ਨਿਕੰਮਾ ਪ੍ਰਬੰਧ, ਭ੍ਰਿਸ਼ਟਾਚਾਰ, ਸੱਤਾਧਾਰੀ ਜਮਾਤਾਂ ਨਾਲ ਜੁੜੇ ਦੇਸ਼ ਅਤੇ ਜਨਤਾ ਦੇ ਗ਼ਦਾਰ, ਜੋਕਾਂ ਵਜੋਂ ਚਿੰਬੜੇ ਲੋਕ ਜੋ ਬਦਲਣਾ ਹੀ ਨਹੀਂ ਚਾਹੁੰਦੇ, ਸਾਡੀ ਆਰਥਿਕਤਾ ਨੂੰ ਚੂਸੀ ਜਾ ਰਹੇ ਹਨ।

ਕੇਂਦਰ, ਰਾਜ ਅਤੇ ਸਥਾਨਕ ਸਰਕਾਰਾਂ ਦੇ ਪੱਧਰ 'ਤੇ ਸਥਿਤੀ ਕਿਧਰੇ ਸੁਧਰਦੀ ਨਜ਼ਰ ਨਹੀਂ ਆਉਂਦੀ। ਦੇਸ਼ ਅੰਦਰ ਰੋਡ ਟਰਾਂਸਪੋਰਟ ਅਤੇ ਰਾਸ਼ਟਰੀ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਛੋਟੇ ਸ਼ਹਿਰਾਂ ਨੂੰ ਰਾਸ਼ਟਰੀ ਰਾਜਮਾਰਗਾਂ ਨਾਲ ਜੋੜਨ, 6 ਮਾਰਗੀ ਰਾਸ਼ਟਰੀ ਰਾਜਮਾਰਗਾਂ ਦੇ ਨਿਰਮਾਣ ਦਾ ਵੱਡਾ ਯਤਨ ਆਰੰਭਿਆ ਹੋਇਆ ਹੈ। ਹਵਾਈ ਸੇਵਾਵਾਂ ਨਾਲ ਛੋਟੇ ਸ਼ਹਿਰ ਜੁੜੇ ਹਨ, ਵੰਦੇ ਭਾਰਤ ਟਰੇਨ ਵਧੀਆ ਸੇਵਾਵਾਂ ਦਾ ਦਮ ਭਰ ਰਹੀ ਹੈ ਪਰ ਸੰਨ 2023 ਤਕ ਬੁਲੇਟ ਟਰੇਨ ਦਾ ਪ੍ਰਧਾਨ ਮੰਤਰੀ ਦਾ ਵੱਡਾ ਦਾਅਵਾ ਅਜੇ ਕਿਧਰੇ ਪੂਰਾ ਹੁੰਦਾ ਵਿਖਾਈ ਨਹੀਂ ਦੇ ਰਿਹਾ। ਰੇਲਵੇ ਖੇਤਰ ਦਾ ਨਿਘਾਰ ਸਿਰ ਚੜ੍ਹ ਕੇ ਬੋਲ ਰਿਹਾ ਹੈ। ਜਿੱਥੇ ਰੇਲਵੇ ਸੇਵਾਵਾਂ ਦੀ ਕਮੀ ਕਰਕੇ ਸੰਨ 2021-22 ਵਿੱਚ 1.65 ਕਰੋੜ ਰੇਲਵੇ ਟਿਕਟਾਂ ਕੈਂਸਲ ਕਰਨੀਆਂ ਪਈਆਂ ਉੱਥੇ ਸੰਨ 2022-23 ਵਿੱਚ 2.72 ਕਰੋੜ ਰੇਲਵੇ ਟਿਕਟਾਂ ਕੈਂਸਲ ਕਰਨੀਆਂ ਪਈਆਂ। ਸੱਚਮੁੱਚ ਕੀ ਇਹ ਦੇਸ਼ ਦੀ ਅਰਥ-ਵਿਵਸਥਾ, ਵਿਧਵਾਵਾਂ, ਬਜ਼ੁਰਗਾਂ, ਅਪਾਹਜਾਂ ਤੇ ਵਿਦਿਆਰਥੀਆਂ ਲਈ ਰੇਲਵੇ ਸੇਵਾਵਾਂ ਦੀ ਘਾਟ ਸਬੰਧੀ ਚਿੰਤਾ ਦਾ ਵਿਸ਼ਾ ਨਹੀਂ ਹੈ ? ਭਾਰਤ ਦੀ ਆਬਾਦੀ ਦੇਸ਼ ਦੀ ਆਜ਼ਾਦੀ ਵੇਲੇ 33 ਕਰੋੜ ਸੀ ਜੋ ਅੱਜ ਵਧ ਕੇ 142 ਕਰੋੜ ਹੋ ਗਈ ਹੈ। ਅਸੀਂ ਚੀਨ ਨੂੰ ਪਿੱਛੇ ਛੱਡ ਕੇ ਵਿਸ਼ਵ ਦਾ ਨੰਬਰ ਇਕ ਵੱਧ ਆਬਾਦੀ ਵਾਲਾ ਦੇਸ਼ ਬਣ ਚੁੱਕੇ ਹਾਂ। ਜੋ ਕਿਸਾਨੀ ਦੇਸ਼ ਦੇ ਹਰ ਰਾਜ ਵਿੱਚ ਆਪਣੇ ਹੱਕਾਂ ਅਤੇ ਪਰਿਵਾਰਾਂ ਦੇ ਭਵਿੱਖ ਲਈ ਸੜਕਾਂ, ਰੇਲ ਟਰੈਕਾਂ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਹੋ ਰਹੀ ਹੈ ਜੇਕਰ ਉਹ 'ਹਰੇ ਇਨਕਲਾਬ' ਅਤੇ ਦਿਨ-ਰਾਤ ਮਿਹਨਤ ਨਾਲ ਖੇਤੀ ਪੈਦਾਵਾਰ ਨਾ ਕਰਦੀ ਤਾਂ ਅੱਜ ਭਾਰਤ ਰੁਲ ਚੁੱਕਾ ਹੁੰਦਾ।

ਭਾਰਤ ਦੀ ਆਬਾਦੀ ਵਿਚ ਜਿੱਥੇ ਆਜ਼ਾਦੀ ਤੋਂ ਹੁਣ ਤੀਕ ਵਾਧਾ 4.3 ਗੁਣਾ ਹੋਇਆ ਉੱਥੇ ਹੀ ਕਿਸਾਨ ਅਤੇ ਖੇਤ ਮਜ਼ਦੂਰ ਨੇ ਹੱਡ ਚੀਰਦੀਆਂ ਠੰਢੀਆਂ ਰਾਤਾਂ ਅਤੇ ਗਰਮੀ ਨਾਲ ਬੇਚੈਨ ਕਰਨ ਵਾਲੀਆਂ ਧੁੱਪਾਂ ਦੀ ਪਰਵਾਹ ਨਾ ਕਰਦਿਆਂ ਖੇਤੀ ਖੇਤਰ ਵਿੱਚ ਉਪਜ ਸਬੰਧੀ 17.2 ਗੁਣਾ ਵਾਧਾ ਦਰਜ ਕੀਤਾ। ਸੰਨ 1951 ਵਿੱਚ ਜਿਸ ਕਣਕ ਦੀ ਉਪਜ 6.5 ਮਿਲੀਅਨ ਟਨ ਸੀ, ਸੰਨ 2023 ਵਿਚ 112 ਮਿਲੀਅਨ ਟਨ ਦਰਜ ਕੀਤੀ ਗਈ। ਝੋਨੇ ਦੀ ਪੈਦਾਵਾਰ ਜੋ ਸੰਨ 1951 ਵਿੱਚ 20.6 ਮਿਲੀਅਨ ਟਨ ਸੀ, ਸੰਨ 2022-23 ਵਿਚ 130.8 ਮਿਲੀਅਨ ਟਨ ਦਰਜ ਕੀਤੀ ਗਈ। ਦੁੱਧ ਦੀ ਪੈਦਾਵਾਰ 1951 ਵਿੱਚ 17 ਮਿਲੀਅਨ ਲੀਟਰ ਸੀ ਜੋ ਅੱਜ 207 ਮਿਲੀਅਨ ਲੀਟਰ ਹੈ। ਬੇਰੁਜ਼ਗਾਰੀ, ਗੁਰਬਤ, ਅਨਪੜ੍ਹਤਾ, ਸਾਡਾ ਪ੍ਰਸ਼ਾਸਨਿਕ ਦੀਵਾਲੀਆਪਣ, ਭ੍ਰਿਸ਼ਟਾਚਾਰ, ਤਕੱਬਰ ਅਤੇ ਧੋਖਾਧੜੀ ਜਿਹੇ ਮਾਰੂ ਰੋਗਾਂ ਦਾ ਨਤੀਜਾ ਹੈ ਕਿ ਸਾਡੇ 60% ਭਾਵ 80 ਕਰੋੜ ਲੋਕ ਸਰਕਾਰ ਵੱਲੋਂ ਦਿੱਤੀ ਸਬਸਿਡੀ ਤੇ ਮੁਫ਼ਤ ਅਨਾਜ ਆਸਰੇ ਦਿਨ ਕੱਟ ਰਹੇ ਹਨ। ਪ੍ਰੋ. ਕ੍ਰਿਸ਼ਨਾ ਮੂਰਤੀ ਅਨੁਸਾਰ, "ਵਿਸ਼ਵ ਵਿੱਚ ਕਿਧਰੇ ਵੀ ਪਲੇਟ ਵਿੱਚ ਪਰੋਸਿਆ ਜਾਣ ਵਾਲਾ ਭੋਜਨ ਖੁੱਲ੍ਹੇ ਬਾਜ਼ਾਰ ਵਿੱਚੋਂ ਨਹੀਂ ਆਉਂਦਾ।" ਐੱਮਐੱਸਪੀ ਘਟਾਉਣਾ, ਖਾਦਾਂ, ਦਵਾਈਆਂ, ਸੰਦਾਂ, ਟਰੈਕਟਰਾਂ, ਡਰਿੱਪ ਸਿੰਚਾਈ ਅਤੇ ਜੀਐੱਸਟੀ ਰਾਹੀਂ ਕਿਸਾਨ ਨੂੰ ਸਾਲਾਨਾ 6000 ਰੁਪਏ ਦੇ ਕੇ ਉਸ ਤੋਂ ਪ੍ਰਤੀ ਹੈਕਟੇਅਰ 20,000 ਰੁਪਏ ਲੁੱਟੇ ਜਾਂਦੇ ਹਨ। ਮਹਾਰਾਸ਼ਟਰ ਵਿੱਚ ਕਿਸਾਨ 16 ਮਿਲੀਅਨ ਟਨ ਪਿਆਜ਼ ਪੈਦਾ ਕਰਦਾ ਹੈ ਪਰ ਹਕੀਕਤ ਕੀ ਹੈ, ਜ਼ਿਆਦਾ ਪੈਦਾਵਾਰ, ਰੇਟ ਜ਼ੀਰੋ। ਇਹੀ ਹਾਲ ਪੰਜਾਬ ਵਿੱਚ ਆਲੂ ਪੈਦਾਵਾਰ ਦਾ ਹੁੰਦਾ ਹੈ। ਕਿਸਾਨੀ ਨੂੰ ਪਿਆਜ਼ ਅਤੇ ਆਲੂ ਸੜਕਾਂ 'ਤੇ ਖਿਲਾਰਨ ਲਈ ਮਜਬੂਰ ਹੋਣਾ ਪੈਂਦਾ ਹੈ। ਅਸੀਂ ਵਿਦੇਸ਼ ਵਪਾਰ ਤੇ ਨਿਰਯਾਤ ਪ੍ਰਤੀ ਸੁੱਤੇ ਰਹੇ ਹਾਂ। ਅਪ੍ਰੈਲ 2023 ਵਿੱਚ ਲਿਆਂਦੀ ਵਿਦੇਸ਼ ਵਪਾਰ ਨੀਤੀ ਤਹਿਤ ਸੰਨ 2030 ਤਕ 2 ਟ੍ਰਿਲੀਅਨ ਡਾਲਰ ਦੇ ਨਿਰਯਾਤ ਦਾ ਟੀਚਾ ਮਿੱਥਿਆ ਹੈ। ਸਿਵਾਏ ਗਲੋਬਲ ਸ਼ੇਅਰ ਵਿੱਚ ਬਾਸਮਤੀ ਨਿਰਯਾਤ ਵਿਚ ਸਾਡੀ ਸਰਦਾਰੀ ਭਾਵ 65 ਪ੍ਰਤੀਸ਼ਤ ਹਿੱਸੇ ਦੇ ਅਸੀਂ ਵੱਡੇ ਉਤਪਾਦਕ ਹੋਣ ਦੇ ਬਾਵਜੂਦ ਫਾਡੀ ਹਾਂ।

ਸਾਡਾ ਗਲੋਬਲ ਨਿਰਯਾਤ 2 ਪ੍ਰਤੀਸ਼ਤ ਹੈ। ਦੁੱਧ ਦੇ ਨੰਬਰ ਇਕ ਉਤਪਾਦਕ, ਨਿਰਯਾਤ ਸ਼ਰਮਨਾਕ 0.5 ਪ੍ਰਤੀਸ਼ਤ। ਸਬਜ਼ੀਆਂ ਤੇ ਫ਼ਲਾਂ ਦੇ ਨੰਬਰ ਦੋ ਉਤਪਾਦਕ, ਨਿਰਯਾਤ ਨਾਮਾਤਰ। ਸਾਈਕਲ ਨਿਰਯਾਤ ਵਿਚ ਚੀਨ ਦੀ ਸਰਦਾਰੀ ਕਾਇਮ ਹੈ ਭਾਵ 60 ਪ੍ਰਤੀਸ਼ਤ। ਉਹ 10 ਕਰੋੜ ਸਾਈਕਲ ਨਿਰਯਾਤ ਕਰਦਾ ਹੈ। ਭਾਰਤ 5 ਪ੍ਰਤੀਸ਼ਤ ਭਾਵ 10 ਲੱਖ। ਭਾਵੇਂ ਟੈਕਸਟਾਈਲ ਅਤੇ ਲਿਬਾਸ ਦੀ ਮਾਰਕੀਟ ਸਾਡੀ 153 ਬਿਲੀਅਨ ਡਾਲਰ ਦੀ ਹੈ ਪਰ 70 ਪ੍ਰਤੀਸ਼ਤ ਘਰੋਗੀ ਮਾਰਕੀਟ ਹਜ਼ਮ ਕਰ ਜਾਂਦੀ ਹੈ। ਗਲੋਬਲ ਸ਼ੇਅਰ 5 ਪ੍ਰਤੀਸ਼ਤ ਰਹਿ ਜਾਂਦਾ। ਚੀਨ 37 ਪ੍ਰਤੀਸ਼ਤ ਜਦਕਿ ਬੰਗਲਾਦੇਸ਼ 7 ਪ੍ਰਤੀਸ਼ਤ ਸ਼ੇਅਰ ਰੱਖਦਾ ਹੈ। ਅਕਸਰ ਯੂਰਪ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਵਿੱਚ ਲਿਬਾਸ ਮੇਡ ਇਨ ਬੰਗਲਾਦੇਸ਼ ਅਤੇ ਵੀਅਤਨਾਮ ਮਿਲਦੇ ਹਨ। ਖੇਡਾਂ ਦੇ ਸਾਮਾਨ ਵਿੱਚ ਚੀਨ ਝੰਡੇ ਗੱਡੀ ਬੈਠਾ ਹੈ। ਸਾਡਾ ਸ਼ਰਮਨਾਕ ਸ਼ੇਅਰ 0.56 ਪ੍ਰਤੀਸ਼ਤ ਹੈ। ਅੱਤਵਾਦ ਅਤੇ ਭ੍ਰਿਸ਼ਟਾਚਾਰੀ ਪੰਜਾਬ ਸਰਕਾਰਾਂ ਦੀਆਂ ਨੀਤੀਆਂ ਕਰਕੇ ਸਾਡੀ ਜਲੰਧਰ ਖੇਡ ਸਨਅਤ ਕਬਾੜ ਬਣ ਕੇ ਰਹਿ ਗਈ। ਭਾਰਤ ਇਕ ਵਿਸ਼ਾਲ ਦੇਸ਼ ਹੋਣ ਨਾਤੇ ਘਰੋਗੀ ਮੈਦਾਨ ਵਿੱਚ ਫੂੰਡਾਂ ਮਾਰਨ ਬਗੈਰ ਕੁਝ ਵਿਸ਼ੇਸ਼ ਨਹੀਂ ਕਰ ਸਕਿਆ। ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਇਹ ਵਿਸ਼ਵ ਦੇ 25 ਦੇਸ਼ਾਂ ਵਿੱਚ ਨਾਮ ਦਰਜ ਨਹੀਂ ਕਰਵਾ ਸਕਿਆ ਜੋ ਹਥਿਆਰ ਨਿਰਯਾਤ ਕਰਦੇ ਹਨ। ਕੋਵਿਡ-19 ਦੀ ਮਾਰ ਦਾ ਅਸਰ ਲਗਾਤਾਰ ਕਾਇਮ ਹੈ ਜਿਸ ਕਰਕੇ ਇਸ ਦੀ ਹਥਿਆਰ ਨਿਰਯਾਤ 5.1 ਪ੍ਰਤੀਸ਼ਤ ਘਟੀ। ਅਫ਼ਰੀਕੀ ਦੇਸ਼ਾਂ ਨੂੰ ਇਹ ਨਿਰਯਾਤ 40 ਪ੍ਰਤੀਸ਼ਤ ਜਦਕਿ ਏਸ਼ੀਅਨ ਦੇਸ਼ਾਂ ਨੂੰ 7.5 ਪ੍ਰਤੀਸ਼ਤ ਘਟੀ। ਦੂਜੇ ਪਾਸੇ ਅਮਰੀਕਾ, ਰੂਸ, ਫਰਾਂਸ, ਚੀਨ ਅਤੇ ਜਰਮਨੀ ਵਿਸ਼ਵ ਦੀ ਕੁੱਲ ਹਥਿਆਰ ਨਿਰਯਾਤ ਵਿਚ 90.7 ਪ੍ਰਤੀਸ਼ਤ ਹਿੱਸਾ ਜਮਾਈ ਬੈਠੇ ਹਨ। ਬੇਰੁਜ਼ਗਾਰੀ ਅਤੇ ਹੁਨਰਮੰਦੀ ਦੀ ਘਾਟ ਸਾਡੀ ਅਰਥ ਵਿਵਸਥਾ 'ਤੇ ਸੱਪ ਵਾਂਗ ਕੁੰਡਲੀ ਮਾਰੀ ਬੈਠੀਆਂ ਹਨ। ਸੰਨ 2030 ਤਕ ਸਾਡੇ ਕੋਲ 15 ਤੋਂ 64 ਸਾਲ ਦੀ ਉਮਰ ਵਾਲੀ ਮਨੁੱਖੀ ਸ਼ਕਤੀ 106 ਕਰੋੜ ਹੋਵੇਗੀ। ਪਰ ਇਸ ਅੰਦਰ 37 ਪ੍ਰਤੀਸ਼ਤ ਬੇਰੁਜ਼ਗਾਰੀ ਸਾਨੂੰ ਵੱਡੀ ਸੱਟ ਮਾਰੇਗੀ। ਦਰਅਸਲ, ਸਾਡਾ ਸਿੱਖਿਆ ਸਿਸਟਮ ਵਕਤ ਵਿਹਾਅ ਚੁੱਕਾ ਹੈ। ਸਾਡੀ ਸਿੱਖਿਆ, ਇਸ ਦੀਆਂ ਡਿਗਰੀਆਂ, ਡਿਪਲੋਮੇ, ਕਿੱਤਾਕਾਰਤਾ ਦੇਸ਼ ਅੰਦਰ 6-10 ਹਜ਼ਾਰੀ ਨੌਕਰੀਆਂ, ਵਿਦੇਸ਼ਾਂ ਵਿਚ ਪੜ੍ਹੇ-ਲਿਖੇ ਦਿਹਾੜੀਦਾਰ ਕਾਮਿਆਂ ਤਕ ਸੀਮਤ ਹੋ ਚੁੱਕੇ ਹਨ। ਚੰਡੀਗੜ੍ਹ, ਪੰਚਕੂਲਾ, ਮੋਹਾਲੀ, ਇਵੇਂ ਹੀ ਗੁਰੂਗ੍ਰਾਮ, ਪਾਨੀਪਤ, ਸੋਨੀਪਤ ਜਾਂ ਹੋਰ ਅਨੇਕ ਥਾਵਾਂ 'ਤੇ ਖੁੰਬਾਂ ਵਾਂਗ ਯੂਨੀਵਰਸਿਟੀਆਂ, ਤਕਨੀਕੀ, ਸਾਇੰਸੀ, ਕੰਪਿਊਟਰੀ ਕ੍ਰਿਤ ਕਾਲਜ ਅਤੇ ਸੰਸਥਾਵਾਂ ਖੁੱਲ੍ਹ ਚੁੱਕੀਆਂ ਹਨ ਪਰ ਦਾਖ਼ਲਾ ਲੈਣ ਵਾਲੇ ਬੱਚੇ ਕਿਧਰੇ ਨਹੀਂ ਲੱਭਦੇ। ਵੱਡੀ ਪੱਧਰ 'ਤੇ ਪਲੱਸ-ਟੂ ਕਰ ਕੇ ਵਿਦੇਸ਼ ਜਾਂ ਇੱਥੇ ਨਸ਼ਿਆਂ, ਜੁਰਮ, ਠੱਗੀ ਗੈਂਗਸਟਰਵਾਦ ਵੱਲ ਰੁਚਿਤ ਦਿਖਾਈ ਦਿੰਦੇ ਹਨ। ਰਾਜਨੀਤੀਵਾਨਾਂ ਨੂੰ ਦੇਸ਼ ਤੇ ਦੇਸ਼ ਦੇ ਨੌਜਵਾਨਾਂ ਦੀ ਥਾਂ ਆਪਣੀ ਸੱਤਾ ਦਾ ਭਵਿੱਖ ਪਿਆਰਾ ਹੋ ਚੁੱਕਾ ਹੈ। ਸੰਨ 1967 ਵਿੱਚ ਇਸ ਦੇਸ਼ ਵਿੱਚ ਪਹਿਲੀ ਵਾਰ ਡੀਐੱਮਕੇ ਇਕ ਰੁਪਏ ਦੇ ਮੁਫ਼ਤ ਚਾਵਲ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ।

ਵੱਖ ਹੋਏ ਐਕਟਰ ਰਾਮਾ ਚੰਦਰ ਨੇ ਏਆਈਡੀਐੱਮਕੇ ਗਠਿਤ ਕਰ ਕੇ ਸਕੂਲਾਂ ਵਿੱਚ ਦੁਪਹਿਰ ਦਾ ਭੋਜਨ ਮੁਫ਼ਤ ਦੇਣ ਦਾ ਵਾਅਦਾ ਕਰ ਕੇ ਸੱਤਾ ਹਾਸਲ ਕੀਤੀ ਸੀ। ਆਂਧਰ ਪ੍ਰਦੇਸ਼ ਵਿੱਚ ਇਕ ਹੋਰ ਐਕਟਰ ਐੱਨ.ਟੀ. ਰਾਮਾ ਰਾਓ ਤੇਲਗੂ ਦੇਸਮ ਪਾਰਟੀ ਗਠਿਤ ਕਰ ਕੇ ਦੋ ਰੁਪਏ ਕਿੱਲੋ ਚਾਵਲ ਦੇਣ ਦੇ ਵਾਅਦੇ ਨਾਲ 1983 'ਚ ਸੱਤਾ ਵਿੱਚ ਆਇਆ ਸੀ। ਅੱਜ ਫਿਰ ਉਹੀ ਮੁਫ਼ਤਖੋਰ ਵਾਅਦਿਆਂ ਦੀ ਬਰਸਾਤ ਨਾਲ ਪੰਜਾਬ, ਦਿੱਲੀ, ਤੇਲੰਗਾਨਾ, ਤਾਮਿਲਨਾਡੂ, ਪੱਛਮੀ ਬੰਗਾਲ, ਕਰਨਾਟਕ ਕੀ, ਹਰ ਰਾਜ ਅਤੇ ਕੇਂਦਰ ਵਿਚ ਸੱਤਾ ਪ੍ਰਾਪਤੀ ਲਈ ਐਲਾਨਾਂ ਦੀ ਝੜੀ ਲੱਗਦੀ ਹੈ। ਕੇਂਦਰ ਵਿਚ ਇਕ ਟ੍ਰਿਲੀਅਨ ਡਾਲਰ ਦੇ ਵਾਅਦੇ (15 ਲੱਖ ਹਰ ਘਰ, 2 ਕਰੋੜ ਸਾਲਾਨਾ ਰੁਜ਼ਗਾਰ, ਕਿਸਾਨਾਂ ਦੀ ਆਮਦਨ ਸੰਨ 2022 ਤਕ ਦੁੱਗਣੀ ਆਦਿ) ਦੇਸ਼ ਦੀ ਅਰਥ-ਵਿਵਸਥਾ ਨੂੰ ਜੋਕਾਂ ਵਾਂਗ ਚੂਸ ਰਹੇ ਹਨ। ਸਭ ਰਾਜ ਤੇ ਕੇਂਦਰ ਸਰਕਾਰਾਂ ਨਾ ਚੁਕਾਏ ਜਾ ਸਕਣ ਵਾਲ ਕਰਜ਼ੇ ਹੇਠ ਦੱਬੀਆਂ ਹੋਈਆਂ ਹਨ। ਫਿਰ ਦੇਸ਼ ਲਈ ਕੌਮਾਂਤਰੀ ਮੁਕਾਬਲੇਬਾਜ਼ੀ ਵਾਲਾ ਸਿੱਖਿਆ ਸਿਸਟਮ, ਹੁਨਰਮੰਦ ਮਾਨਵੀ ਸਾਧਨ, ਆਧੁਨਿਕ ਸਨਅਤਾਂ, ਵਿਕਾਸ ਕਾਰਜਾਂ, ਮੁਕਾਬਲੇਬਾਜ਼ ਉਤਪਾਦਨ, ਕੌਮਾਂਤਰੀ ਪੱਧਰ ਦੇ ਕਾਰੋਬਾਰ ਸਥਾਪਤ ਕਰਨ ਲਈ ਧਨ, ਤਕਨੀਕ ਅਤੇ ਲੀਡਰਸ਼ਿਪ ਕਿੱਥੋਂ ਆਵੇਗੀ ?

# ਮਿਸ਼ਨ 2024 : ਲੋਕ ਸਭਾ ਚੋਣਾਂ ਜਿੱਤਣ ਲਈ ਵਿਰੋਧੀ ਪਾਰਟੀਆਂ ਵੱਲੋਂ ਏਕਤਾ ਦੀ ਮੁੜ ਕਵਾਇਦ

## ਕੌਮੀ ਸਿਆਸਤ ਨੂੰ ਪ੍ਰਭਾਵਿਤ ਕਰੇਗਾ 15 ਵਿਰੋਧੀ ਪਾਰਟੀਆਂ ਦਾ ਸਾਂਝਾ ਸਿਆਸੀ ਗਠਜੋੜ

## ਅਗਲੀਆਂ ਲੋਕ ਸਭਾ ਚੋਣਾਂ ਲਈ ਕਿੰਨਾ ਜ਼ਰੂਰੀ ਹੈ ਸਾਂਝਾ ਸਿਆਸੀ ਫਰੰਟ ?



ਲੋਕ ਸਭਾ ਚੋਣਾਂ 2024 ਨੂੰ ਲੈ ਕੇ ਭਾਜਪਾ ਵਿਰੋਧੀ 15 ਸਿਆਸੀ ਪਾਰਟੀਆਂ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਮਜ਼ਬੂਤ ਮੋਰਚਾ ਬਣਾਉਣ ਲਈ ਪਟਨਾ ’ਚ ਇਕੱਠੀਆਂ ਹੋਈਆਂ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਰਿਹਾਇਸ਼ ’ਤੇ ਵਿਰੋਧੀ ਧਿਰ ਦੀ ਬੈਠਕ ਕਰੀਬ ਸਾਢੇ ਚਾਰ ਘੰਟੇ ਤੱਕ ਚੱਲੀ। ਬੈਠਕ ’ਚ ਨਿਤੀਸ਼ ਨੂੰ ਗਠਜੋੜ ਦਾ ਕੋਆਰਡੀਨੇਟਰ ਬਣਾਉਣ ’ਤੇ ਚਰਚਾ ਹੋਈ ਹੈ ਪਰ ਇਸ ’ਤੇ ਅਗਲੀ ਬੈਠਕ ’ਚ ਫੈਸਲਾ ਲਿਆ ਜਾਵੇਗਾ। ਅਗਲੀ ਮੀਟਿੰਗ 10 ਤੋਂ 12 ਜੁਲਾਈ ਤੱਕ ਸ਼ਿਮਲਾ ਵਿੱਚ ਹੋਵੇਗੀ। ਪਟਨਾ ’ਚ ਹੋਈ ਬੈਠਕ ਤੋਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਮਿਲ ਕੇ ਚੋਣਾਂ ਲੜਨ ’ਤੇ ਸਹਿਮਤ ਹੋ ਗਈਆਂ ਹਨ। ਅਗਲੀ ਮੀਟਿੰਗ ਵਿੱਚ ਹੋਰ ਮਾਮਲਿਆਂ ਬਾਰੇ ਫੈਸਲਾ ਕੀਤਾ ਜਾਵੇਗਾ। ਸ਼ਿਮਲਾ ’ਚ ਗਠਜੋੜ ਦੇ ਨਾਮ, ਕੋਆਰਡੀਨੇਟਰ ਅਤੇ ਸੀਟ ਵੰਡ ਫਾਰਮੂਲੇ ’ਤੇ ਚਰਚਾ ਹੋਵੇਗੀ। ਸ਼ੁਰੂ ਵਿੱਚ ਹੀ ਮਮਤਾ ਬੈਨਰਜੀ ਨੇ ਆਗੂਆਂ ਨਾਲ ਗੱਲਬਾਤ ਕਰਕੇ ਆਪਣੀ ਲਾਲਸਾ ਤਿਆਗ ਦਿੱਤੀ ਕਿ ਸਾਰਿਆਂ ਨੂੰ ਕੁਰਬਾਨੀਆਂ ਦੇਣੀਆਂ ਪੈਣਗੀਆਂ ਤਾਂ ਹੀ ਵਿਰੋਧੀ ਧਿਰ ਇੱਕਜੁੱਟ ਹੋ ਸਕੇਗੀ। ਮੀਟਿੰਗ ਵਿੱਚ ਜਿੱਥੇ ਸ਼ਿਵ ਸੈਨਾ ਯੂਬੀਟੀ ਦੇ ਊਧਵ ਠਾਕਰੇ ਨੇ ਦਿੱਲੀ ਆਰਡੀਨੈਂਸ ’ਤੇ ਅਰਵਿੰਦ ਕੇਜਰੀਵਾਲ ਦੀ ‘ਆਪ’ ਦੀ ਹਮਾਇਤ ਕੀਤੀ, ਉੱਥੇ ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ ਨੇ ਕੇਜਰੀਵਾਲ ਨੂੰ ਧਾਰਾ 370 ’ਤੇ ‘ਆਪ’ ਦਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ। ਕੇਜਰੀਵਾਲ ਨੇ ਆਪਣੇ ਭਾਸ਼ਣ ਵਿੱਚ ਦਿੱਲੀ ਸਰਕਾਰ ਦੇ ਅਧਿਕਾਰਾਂ ਬਾਰੇ ਕੇਂਦਰ ਦੇ ਆਰਡੀਨੈਂਸ ਦੀ ਚਰਚਾ ਕੀਤੀ ਅਤੇ ਰਾਜ ਸਭਾ ਵਿੱਚ ਸਾਰਿਆਂ ਦਾ ਸਮਰਥਨ ਮੰਗਿਆ।

ਵਿਰੋਧੀ ਧਿਰ ਦੀ ਮੀਟਿੰਗ ਵਿੱਚ ਜੇਡੀਯੂ ਦੇ ਨਿਤੀਸ਼ ਕੁਮਾਰ, ਲਲਨ ਸਿੰਘ, ਸੰਜੇ ਝਾਅ ਤੋਂ ਇਲਾਵਾ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਕੇਸੀ ਵੇਣੂਗੋਪਾਲ, ਆਰਜੇਡੀ ਦੇ ਲਾਲੂ ਯਾਦਵ, ਤੇਜਸਵੀ ਯਾਦਵ, ਮਨੋਜ ਝਾਅ, ਐਨਸੀਪੀ ਦੇ ਸ਼ਰਦ ਪਵਾਰ, ਸੁਪ੍ਰੀਆ ਸੁਲੇ, ਪ੍ਰਫੁੱਲ ਪਟੇਲ, ਸੀਪੀਐਮ ਦੇ ਸੀਤਾਰਾਮ ਯੇਚੁਰੀ , ਸਪਾ ਤੋਂ ਅਖਿਲੇਸ਼ ਯਾਦਵ, ਸ਼ਿਵ ਸੈਨਾ ਯੂਬੀਟੀ ਤੋਂ ਊਧਵ ਠਾਕਰੇ, ਆਦਿਤਿਆ ਠਾਕਰੇ, ਜੇਐਮਐਮ ਤੋਂ ਸੰਜੇ ਰਾਊਤ, ਜੇਐਮਐਮ ਤੋਂ ਹੇਮੰਤ ਸੋਰੇਨ, ਟੀਐਮਸੀ ਤੋਂ ਮਮਤਾ ਬੈਨਰਜੀ, ਅਭਿਸ਼ੇਕ ਬੈਨਰਜੀ, ਡੇਰੇਕ ਓ ਬ੍ਰਾਇਨ, ਡੀਐਮਕੇ ਤੋਂ ਐਮਕੇ ਸਟਾਲਿਨ, ਟੀਆਰ ਬਾਲੂ, ਆਪ ਤੋਂ ਅਰਵਿੰਦ ਕੇਜਰੀਵਾਲ, ਭਗਵੰਤ ਮਾਨ, ਸੰਜੇ ਸਿੰਘ, ਰਾਘਵ ਚੱਢਾ, ਪੀਡੀਪੀ ਤੋਂ ਮਹਿਬੂਬਾ ਮੁਫਤੀ, ਸੀਪੀਆਈ ਤੋਂ ਡੀ ਰਾਜਾ, ਸੀਪੀਆਈ ਐਮਐਲ ਦੇ ਦੀਪਾਂਕਰ ਭੱਟਾਚਾਰੀਆ ਅਤੇ ਹੋਰ ਆਗੂ ਹਾਜ਼ਰ ਸਨ।

ਆਰਜੇਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ ਅਗਲੀ ਮੀਟਿੰਗ ਸ਼ਿਮਲਾ ਵਿੱਚ ਹੋਵੇਗੀ। ਉਸ ਵਿੱਚ ਵਿਚਾਰ ਵਟਾਂਦਰਾ ਕਰਕੇ ਅਗਲੇ ਪ੍ਰੋਗਰਾਮ ਤੈਅ ਕਰਨਗੇ। ਜੇਕਰ ਅਸੀਂ ਇੱਕਜੁੱਟ ਨਹੀਂ ਹੋਏ ਤਾਂ ਬੀਜੇਪੀ ਅਤੇ ਆਰਐਸਐਸ ਵਾਲੇ ਜਿੱਤ ਜਾਂਦੇ ਹਨ। ਨਰਿੰਦਰ ਮੋਦੀ ਅਮਰੀਕਾ ਜਾ ਕੇ ਭਾਸ਼ਣ ਦੇ ਰਹੇ ਹਨ। ਇਸੇ ਦੇਸ਼ ਨੇ ਗੁਜਰਾਤ ਦੰਗਿਆਂ ਤੋਂ ਬਾਅਦ ਮੋਦੀ-ਸ਼ਾਹ ਨੂੰ ਆਉਣ ਤੋਂ ਇਨਕਾਰ ਕਰ ਦਿੱਤਾ ਸੀ। ਅੱਜ ਭਾਰਤ ਟੁੱਟਣ ਦੀ ਕਗਾਰ ’ਤੇ ਖੜ੍ਹਾ ਹੈ। ਅੱਜ ਭਿੰਡੀ ਦੀ ਸਬਜ਼ੀ 60 ਰੁਪਏ ਕਿਲੋ ਹੋ ਗਈ ਹੈ। ਆਟਾ, ਦਾਲਾਂ ਤੇ ਚੌਲਾਂ ਦੀਆਂ ਕੀਮਤਾਂ ਵਧ ਗਈਆਂ ਹਨ। ਬੇਰੁਜ਼ਗਾਰੀ ਆਪਣੇ ਸਿਖਰ ’ਤੇ ਹੈ। ਇਸ ਦੇਸ਼ ਵਿਚ ਹਿੰਦੂ-ਮੁਸਲਿਮ ਦੇ ਨਾਂ ’ਤੇ ਲੜਾਈ ਲੜੀ ਜਾ ਰਹੀ ਹੈ। ਹਨੂੰਮਾਨ ਜੀ ਦੇ ਨਾਂ ’ਤੇ ਚੋਣਾਂ ਲੜੀਆਂ ਜਾ ਰਹੀਆਂ ਹਨ। ਇਸ ਵਾਰ ਭਾਜਪਾ ਦਾ ਜਾਣਾ ਤੈਅ ਹੈ। ਮੋਦੀ ਦੀ ਹਾਲਤ ਬਹੁਤ ਖਰਾਬ ਹੋਣ ਵਾਲੀ ਹੈ।ਜ਼ਿਕਰਯੋਗ ਹੈ ਕਿ ਗੈਰ-ਕਾਂਗਰਸਵਾਦ 1977 ਅਤੇ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਹਰਾਉਣ ਲਈ ਸਿਆਸੀ ਪਾਰਟੀਆਂ ਦੀ ਇੱਕ ਸਫਲ ਰਣਨੀਤੀ ਵਜੋਂ ਉਭਰਿਆ ਅਤੇ 1996 ਤੋਂ 1998 ਤੱਕ ਗੱਠਜੋੜ ਸਰਕਾਰਾਂ ਬਣਾਉਣ ਵਿੱਚ ਉਹਨਾਂ ਦੀ ਮਦਦ ਕੀਤੀ। ਵੱਖ-ਵੱਖ ਪਾਰਟੀਆਂ ਨੇ ਖੱਬੇ ਤੋਂ ਸੱਜੇ ਹੱਥ ਮਿਲਾਇਆ। ਇਸ ਦੌਰਾਨ ਵਿਰੋਧੀ ਧਿਰ ਕਾਂਗਰਸ ਨੂੰ ਹਰਾਉਣ ਦੀ ਕੋਸ਼ਿਸ਼ ਵਿੱਚ ਸੀ ਪਰ ਵਿਡੰਬਨਾ ਇਹ ਹੈ ਕਿ ਕਾਂਗਰਸ ਦੇ ਢਹਿ ਜਾਣ ਤੋਂ ਬਾਅਦ ਵੀ ਗੈਰ-ਕਾਂਗਰਸੀਵਾਦ ਜਾਰੀ ਹੈ। ਭਾਜਪਾ ਨੇ ਕਾਂਗਰਸ ਨੂੰ ਬਦਨਾਮ ਕਰਨ ਅਤੇ ਢਾਹੁਣ ਲਈ ਐਮਰਜੈਂਸੀ ਅਤੇ ਨਹਿਰੂ-ਗਾਂਧੀ ਖਾਨਦਾਨ ਦਾ ਲਗਾਤਾਰ ਜ਼ਿਕਰ ਕਰਕੇ ਇਸ ਨੂੰ ਜਿਉਂਦਾ ਰੱਖਿਆ ਹੈ। ਭਾਜਪਾ ਅਜੇ ਵੀ ਇਸ ਦਾ ਸਖ਼ਤੀ ਨਾਲ ਹਵਾਲਾ ਦਿੰਦੀ ਹੈ, ਹਾਲਾਂਕਿ ਇਸ ਦੀ ਅਪੀਲ ਸ਼ੱਕੀ ਹੈ, ਕਿਉਂਕਿ ਸੱਤਾਧਾਰੀ ਪਾਰਟੀ ਸਿਆਸੀ ਪ੍ਰਣਾਲੀ ਦੀ ਧੁਰੀ ਹੈ। ਲਗਾਤਾਰ ਚੋਣ ਹਾਰਾਂ ਨੇ ਗੈਰ-ਭਾਜਪਾ ਵਿਰੋਧੀ ਧਿਰ ਲਈ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਸੰਯੁਕਤ ਮੋਰਚਾ ਜਾਂ ਸੂਬਾ ਪੱਧਰੀ ਗਠਜੋੜ ਬਣਾਉਣ ਦੀ ਤਾਕੀਦ ਨੂੰ ਵਧਾ ਦਿੱਤਾ ਹੈ।

ਭਾਜਪਾ ਦੀ ਰਣਨੀਤੀ ਹੈ ਕਿ ਅਜਿਹੇ ਕਿਸੇ ਵੀ ਗਠਜੋੜ ਨੂੰ ਉਭਰਨ ਨਹੀਂ ਦੇਣਾ ਚਾਹੀਦਾ ਅਤੇ ਜਿੱਥੇ ਵੀ ਇਹ ਗਠਜੋੜ ਬਣਿਆ ਹੈ, ਉਸ ਨੂੰ ਤੋੜ ਦੇਣਾ ਚਾਹੀਦਾ ਹੈ। ਉਹ ਵਿਰੋਧੀ ਧਿਰ ਨੂੰ ਵੰਡੇ ਰੱਖਣ ਲਈ ਓਵਰਟਾਈਮ ਕੰਮ ਕਰ ਰਹੀ ਹੈ, ਨਾਲ ਹੀ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਜਾਂ ਡਰਾਉਣ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ। ਵਿਰੋਧੀ ਧਿਰ ਨੂੰ ਬਦਨਾਮ ਕਰਨ ਲਈ ਭ੍ਰਿਸ਼ਟਾਚਾਰ ਦੇ ਦੋਸ਼ ਖੁੱਲ੍ਹੇਆਮ ਲਾਏ ਗਏ ਹਨ। ਕਈ ਵਿਰੋਧੀ ਨੇਤਾ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਕੇਂਦਰੀ ਜਾਂਚ ਬਿਊਰੋ (ਸੀਬੀਆਈ) ਜਾਂ ਇਨਕਮ ਟੈਕਸ ਅਧਿਕਾਰੀਆਂ ਦੀ ਜਾਂਚ ਦੇ ਘੇਰੇ ਵਿੱਚ ਹਨ। ਉਨ੍ਹਾਂ ਵਿੱਚੋਂ ਕਈ ਜੇਲ੍ਹ ਵਿੱਚ ਹਨ ਜਾਂ ਜੇਲ੍ਹ ਵਿੱਚ ਸਮਾਂ ਬਿਤਾ ਚੁੱਕੇ ਹਨ।ਵਿਰੋਧੀ ਪਾਰਟੀਆਂ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਦੀ ਅਗਲੀ ਮੀਟਿੰਗ ਸ਼ਿਮਲਾ ਵਿੱਚ ਹੋਵੇਗੀ ਅਤੇ ਇਹ ਤੈਅ ਕੀਤਾ ਜਾਵੇਗਾ ਕਿ ਕੌਣ ਕਿੱਥੋਂ ਚੋਣ ਲੜੇਗਾ ? ਇਹ ਫੈਸਲਾ ਕਰਨਾ ਆਸਾਨ ਨਹੀਂ ਹੈ ਕਿਉਂਕਿ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਆਪਣਾ ਗੁਆਚਿਆ ਆਧਾਰ ਮੁੜ ਹਾਸਲ ਕਰਦੀ ਨਜ਼ਰ ਆ ਰਹੀ ਹੈ। ਵਿਰੋਧੀ ਸਿਆਸੀ ਪਾਰਟੀਆਂ ਦੀ 10 ਤੋਂ 12 ਜੁਲਾਈ ਤੱਕ ਸ਼ਿਮਲਾ ਵਿੱਚ ਹੋਣ ਵਾਲੀ ਅਗਲੀ ਮੀਟਿੰਗ ਤੋਂ ਬਾਅਦ ਹੀ ਪਤਾ ਚਲੇਗਾ ਕਿ ਭਾਜਪਾ ਵਿਰੋਧੀ ਸਾਂਝਾ ਫਰੰਟ ਕਿੰਨਾ ਕੁ ਸਫ਼ਲ ਹੁੰਦਾ ਹੈ ਅਤੇ 2024 ਦੀਆਂ ਲੋਕ ਸਭਾ ਚੋਣਾਂ ’ਤੇ ਇਸ ਸਿਆਸੀ ਗਠਜੋੜ ਦਾ ਕਿੰਨਾ ਕੁ ਅਸਰ ਪੈਂਦਾ ਹੈ।

# ਅਗਲੀਆਂ ਲੋਕ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਸ਼ੁਰੂ

## ਨਵੇਂ ਦੋਸਤਾਂ ਦੀ ਤਲਾਸ਼ ’ਚ ਲੱਗੀਆਂ ਭਾਜਪਾ ਅਤੇ ਵਿਰੋਧੀ ਸਿਆਸੀ ਪਾਰਟੀਆਂ

ਭਾਰਤ ਵਿੱਚ ਸਾਲ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਹੁਣੇ ਤੋਂ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਇਹਨਾਂ ਚੋਣਾਂ ਨੂੰ ਮੁੱਖ ਰਖਦਿਆਂ ਜਿਥੇ

ਇੱਕ ਪਾਸੇ ਵਿਰੋਧੀ ਪਾਰਟੀਆਂ ਵਿੱਚ ਏਕਤਾ ਲਈ ਯਤਨ ਕੀਤੇ ਜਾ ਰਹੇ ਹਨ, ਉਥੇ ਦੂਜੇ ਪਾਸੇ ਐਨ.ਡੀ.ਏ. ਨੇ ਵੀ ਨਵੇਂ ਸਹਿਯੋਗੀਆਂ ਦੀ ਤਲਾਸ਼ ਤੇਜ਼ ਕਰ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਭਾਜਪਾ ਦੇ ਸਾਬਕਾ ਪ੍ਰਧਾਨ ਅਮਿਤ ਸ਼ਾਹ ਦੇ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਤਾਜ਼ਾ ਦੌਰੇ ਨੇ ਇਸ ਦੇ ਮਜ਼ਬੂਤ ਸੰਕੇਤ ਦਿੱਤੇ ਹਨ। ਭਾਜਪਾ ਲੰਬੇ ਸਮੇਂ ਤੋਂ ਦੱਖਣੀ ਭਾਰਤ ’ਚ ਆਪਣਾ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇਸ ਸਬੰਧੀ 2024 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਉਂਝ ਵੀ ਉੱਤਰੀ ਭਾਰਤ ਵਿੱਚ ਇਸ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਇੰਨਾ ਜ਼ਬਰਦਸਤ ਪ੍ਰਦਰਸ਼ਨ ਕੀਤਾ ਹੈ ਕਿ ਇਸ ਵਾਰ ਉਸ ਨੂੰ ਦੁਹਰਾਉਣਾ ਮੁਸ਼ਕਿਲ ਜਾਪ ਰਿਹਾ ਹੈ। ਇਸ ਲਈ ਜੇਕਰ ਇਸ ਨੂੰ ਬਹੁਮਤ ਨਾਲ ਕੇਂਦਰ ਵਿੱਚ ਮੁੜ ਸੱਤਾ ਵਿੱਚ ਆਉਣਾ ਹੈ ਤਾਂ ਦੱਖਣ ਵਿੱਚ ਸੀਟਾਂ ਵਧਾਉਣੀਆਂ ਪੈਣਗੀਆਂ। ਇਹ ਉੱਤਰੀ ਭਾਰਤ ਵਿੱਚ ਸੀਟਾਂ ਦੀ ਗਿਣਤੀ ਵਿੱਚ ਸੰਭਾਵਿਤ ਕਮੀ ਦੀ ਭਰਪਾਈ ਕਰੇਗਾ। ਇਸ ਯੋਜਨਾ ’ਤੇ ਭਾਜਪਾ ਦਾ ਵੀ ਭਰੋਸਾ ਵਧ ਰਿਹਾ ਸੀ, ਪਰ ਕਰਨਾਟਕ ਵਿਧਾਨ ਸਭਾ ਚੋਣਾਂ ਨਾਲ ਉਸ ਨੂੰ ਝਟਕਾ ਲੱਗਿਆ। ਉਦੋਂ ਤੋਂ ਕਿਹਾ ਜਾ ਰਿਹਾ ਹੈ ਕਿ ਭਾਜਪਾ ਪਹਿਲਾਂ ਵਾਂਗ ਮਜ਼ਬੂਤ ਨਹੀਂ ਹੈ। ਖੈਰ, ਭਾਜਪਾ ਦੀ ਸਭ ਤੋਂ ਵੱਡੀ ਤਾਕਤ ਜੋ ਸਾਬਤ ਹੋਈ ਹੈ, ਉਹ ਇਹ ਹੈ ਕਿ ਜਿੱਤ ਹੋਵੇ ਜਾਂ ਹਾਰ, ਪਾਰਟੀ ਇਸ ਤੋਂ ਲਏ ਸਬਕ ਨੂੰ ਸਮਝਣ ਅਤੇ ਅਪਣਾਉਣ ਵਿੱਚ ਦੇਰ ਨਹੀਂ ਲਗਾਉਂਦੀ।



ਕਰਨਾਟਕ ਵਿੱਚ ਹਾਰ ਤੋਂ ਬਾਅਦ ਵੀ ਭਾਜਪਾ ਅਜਿਹਾ ਹੀ ਕਰ ਰਹੀ ਹੈ। ਉਹ ਦੱਖਣ ਵਿੱਚ ਨਵੇਂ ਦੋਸਤ ਬਣਾਉਣ ਦੀ ਪਹਿਲ ਕਰ ਰਹੀ ਹੈ। ਟੀ.ਡੀ.ਪੀ. ਨੇਤਾ ਚੰਦਰ ਬਾਬੂ ਨਾਇਡੂ ਲੰਬੇ ਸਮੇਂ ਤੋਂ ਭਾਜਪਾ ਦੇ ਨੇੜੇ ਆਉਣਾ ਚਾਹੁੰਦੇ ਸਨ, ਪਰ ਪਾਰਟੀ ਲੀਡਰਸ਼ਿਪ ਉਨ੍ਹਾਂ ’ਤੇ ਘਾਹ ਨਹੀਂ ਪਾ ਰਹੀ ਸੀ। ਕਾਰਨ ਸ਼ਾਇਦ ਇਹ ਸੀ ਕਿ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਾਇਡੂ ਨੇ ਨਾ ਸਿਰਫ਼ ਐਨ.ਡੀ.ਏ. ਨੂੰ ਅਲਵਿਦਾ ਕਹਿ ਦਿੱਤਾ ਸੀ, ਸਗੋਂ ਉਸ ਤੋਂ ਬਾਅਦ ਭਾਜਪਾ ਲੀਡਰਸ਼ਿਪ ’ਤੇ ਤਿੱਖੇ ਹਮਲੇ ਵੀ ਕੀਤੇ ਸਨ। ਪਰ ਬਦਲੇ ਹੋਏ ਹਾਲਾਤ ’ਚ ਭਾਜਪਾ ਨੇ ਨਾ ਸਿਰਫ਼ ਉਨ੍ਹਾਂ ਦੇ ਸੰਕੇਤਾਂ ’ਤੇ ਹਾਂ-ਪੱਖੀ ਹੁੰਗਾਰਾ ਦੇਣਾ ਸ਼ੁਰੂ ਕਰ ਦਿੱਤਾ, ਸਗੋਂ ਅਮਿਤ ਸ਼ਾਹ ਅਤੇ ਨਾਇਡੂ ਵਿਚਾਲੇ ਬੈਠਕ ਵੀ ਹੋਈ। ਇੰਨਾ ਹੀ ਨਹੀਂ ਯੂ.ਪੀ. ’ਚ ਸੁਹੇਲਦੇਵ ਭਾਰਤੀ ਸਮਾਜ ਪਾਰਟੀ (ਐੱਸ.ਬੀ. ਐੱਸ.ਪੀ.) ਦੇ ਨੇਤਾ ਓਮ ਪ੍ਰਕਾਸ਼ ਰਾਜਭਰ ਦੇ ਬੇਟੇ ਦੇ ਵਿਆਹ ਦੇ ਮੌਕੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਚਿੱਠੀ ਲਿਖ ਕੇ ਨਵੇਂ ਵਿਆਹੇ ਜੋੜੇ ਨੂੰ ਆਸ਼ੀਰਵਾਦ ਦਿੱਤਾ। ਇਸ ਤੋਂ ਬਾਅਦ ਚਰਚਾ ਸ਼ੁਰੂ ਹੋ ਗਈ ਸੀ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਐਸ.ਬੀ.ਐਸ.ਪੀ. ਮੁੜ ਐਨ.ਡੀ.ਏ. ਵਿੱਚ ਸ਼ਾਮਲ ਹੋ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਦੂਜੇ ਰਾਜਾਂ ਵਿੱਚ ਵੀ ਸਹਿਯੋਗੀ ਦਲਾਂ ਦੀ ਤਲਾਸ਼ ਵਿੱਚ ਤੇਜ਼ੀ ਲਿਆ ਸਕਦੀ ਹੈ। ਉਹ ਪਹਿਲਾਂ ਵੀ ਅਜਿਹੇ ਸਫਲ ਤਜਰਬੇ ਕਰ ਚੁੱਕੀ ਹੈ। ਹਾਲਾਂ ਕਿ ਇਨ੍ਹਾਂ ਯਤਨਾਂ ਦੇ ਨਤੀਜਿਆਂ ਬਾਰੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ ਪਰ ਭਾਜਪਾ ਇੱਥੇ ਜੋ ਸੰਕੇਤ ਦੇ ਰਹੀ ਹੈ, ਉਸ ਤੋਂ ਪਤਾ ਚੱਲ ਰਿਹਾ ਹੈ ਕਿ ਪਾਰਟੀ ਨਵੇਂ ਦੋਸਤਾਂ ਦਾ ਸਵਾਗਤ ਕਰਨ ਦੇ ਮੂਡ ਵਿੱਚ ਹੈ।

(ਬਾਕੀ ਸਫ਼ਾ 29 ’ਤੇ)

### ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ ਲੋਕ ਸਭਾ ਚੋਣਾਂ: ਨਿਤੀਸ਼



ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਖਦਸ਼ਾ ਪ੍ਰਗਟਾਇਆ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ। ਨਿਤੀਸ਼ ਨੇ ਅਨੇ ਮਾਰਗ ’ਤੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਜ਼ਰੂਰੀ ਨਹੀਂ ਹੈ ਕਿ ਲੋਕ ਸਭਾ ਚੋਣਾਂ ਸਮੇਂ ’ਤੇ ਹੋਣ, ਇਹ ਇਸ ਸਾਲ ਵੀ ਹੋ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਚੋਣਾਂ ਕਦੋਂ ਹੋਣਗੀਆਂ, ਇਸ ਬਾਰੇ ਕੋਈ ਨਹੀਂ ਕਹਿ ਸਕਦਾ। ਇਸ ਲਈ ਗਰੀਬਾਂ ਅਤੇ ਦਲਿਤ-ਮਹਾਦਲਿਤਾਂ ਦੀਆਂ ਸਕੀਮਾਂ ਨੂੰ ਤੇਜ਼ੀ ਨਾਲ ਸਿਰੇ ਚਾੜ੍ਹ ਆ ਜਾਵੇ। ਨਿਤੀਸ਼ ਨੇ ਆਪਣੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੋ ਵੀ ਕੰਮ ਬਚਿਆ ਹੈ, ਉਹ ਜਲਦੀ ਤੋਂ ਜਲਦੀ ਪੂਰਾ ਕਰਨ। ਮੁੱਖ ਮੰਤਰੀ ਨੇ ਕਰੋੜਾਂ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਮੌਕੇ ਅਧਿਕਾਰੀਆਂ ਨੂੰ ਇਹ ਹਦਾਇਤਾਂ ਦਿੱਤੀਆਂ।



# ਧਰਤੀ ਕਰੇ ਪੁਕਾਰ-ਨਾ ਲੁੱਟੋ ਕੁਦਰਤ ਦੇ ਭੰਡਾਰ

## ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ ਕੁਝ ਰੁੱਖ ਲੱਗਦੇ ਮਾਵਾਂ, ਕੁਝ ਰੁੱਖ ਨੂੰਹਾਂ ਧੀਆਂ ਲੱਗਦੇ ਕੁਝ ਰੁੱਖ ਵਾਂਗ ਭਰਾਵਾਂ

## ਰੇਤੇ ਦੀਆਂ ਹਨ੍ਹੇਰੀਆਂ ਨਾਲ ਦੱਬ ਕੇ ਸਮਾਪਤ ਹੋ ਗਏ ਸਨ ਮੋਹੰਜੋਦੜੋ ਤੇ ਹੜੱਪਾ ਸ਼ਹਿਰ




ਕਾਦਰ ਵੱਲੋਂ ਸਾਜੀ ਕੁਦਰਤ ਨੇ ਮਨੁੱਖ ਨੂੰ ਹਵਾ, ਪਾਣੀ, ਧਰਤੀ, ਅੰਨ ਸਮੇਤ ਹੋਰ ਬਹੁਤ ਕੁਝ ਦਿੱਤਾ ਹੈ, ਪਰ ਇਹਨਾਂ ਕੁਦਰਤੀ ਸੋਮਿਆਂ ਦੀ ਸੰਭਾਲ ਕਰਨ ਦੀ ਥਾਂ ਮਨੁੱਖ ਨੇ ਕੁਦਰਤ ਵੱਲੋਂ ਦਿਤੇ ਗਏ ਇਹਨਾਂ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਕਰਕੇ ਆਪਣੀ ਜਿੰਦਗੀ ਲਈ ਖੁਦ ਹੀ ਖ਼ਤਰੇ ਪੈਦਾ ਕਰ ਲਏ ਹਨ। ਕੁਦਰਤ ਦੇ ਅਸੂਲਾਂ ਦੇ ਅਨੁਸਾਰ ਚੱਲਣ ਦੀ ਥਾਂ ਮਨੁੱਖ ਵੱਲੋਂ ਕੁਦਰਤ ਨਾਲ ਛੇੜ ਛਾੜ ਕੀਤੀ ਜਾ ਰਹੀ ਹੈ, ਜਿਸਦਾ ਖ਼ਮਿਆਜਾ ਵੀ ਮਨੁੱਖ ਨੂੰ ਹੀ ਭੁਗਤਣਾ ਪੈ ਰਿਹਾ ਹੈ। ਪੰਜਾਬ ਦੀ ਧਰਤੀ 'ਤੇ ਪਹਿਲਾਂ ਹਰ ਪਾਸੇ ਜੰਗਲ ਹੁੰਦੇ ਸਨ, ਮਾਛੀਵਾੜੇ ਦੇ ਜੰਗਲਾਂ ਵਿੱਚ ਤਾਂ ਸਿੱਖਾਂ ਦੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਵਿਚਰੇ ਸਨ, ਇਸ ਤਰਾਂ ਗੁਰੂ ਸਾਹਿਬਾਨ ਦੇ ਨਾਲ ਮਾਛੀਵਾੜੇ ਦੇ ਜੰਗਲ ਵੀ ਇਤਿਹਾਸਕ ਹੋ ਗਏ। ਸਿੱਖ ਧਰਮ 'ਚ ਰੁੱਖਾਂ ਦੀ ਵਿਸ਼ੇਸ਼ ਮਹੱਤਤਾ ਹੈ। ਕਈ ਗੁਰੂ ਘਰਾਂ ਦੇ ਨਾਮ ਵੀ ਰੁੱਖਾਂ ਦੇ ਨਾਮ 'ਤੇ ਰੱਖੇ ਗਏ ਹਨ, ਜਿਵੇਂ ਕਿ ਗੁਰਦੁਆਰਾ ਜੰਡ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬ। ਕਈ ਗੁਰਧਾਮਾਂ ਵਿੱਚ ਅਜੇ ਵੀ ਪੁਰਾਤਨ ਰੁੱਖ ਮੌਜੂਦ ਹਨ ਪਰ ਵੱਡੀ ਗਿਣਤੀ ਗੁਰਧਾਮਾਂ ਵਿੱਚ ਕਾਰ ਸੇਵਾ ਦੇ ਨਾਂਅ 'ਤੇ ਪੁਰਾਤਨ ਰੁੱਖਾਂ ਦਾ ਸਫਾਇਆ ਕਰ ਦਿੱਤਾ ਗਿਆ ਹੈ। ਇਸ ਤਰਾਂ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਪੁਰਾਤਨ ਨਿਸ਼ਾਨੀਆਂ ਨੂੰ ਮਿਟਾਉਣ ਦਾ ਯਤਨ ਕੀਤਾ ਗਿਆ ਹੈ।

ਰੁੱਖਾਂ ਨਾਲ ਮਨੁੱਖ ਦਾ ਜਨਮ ਤੋਂ ਲੈ ਕੇ ਅੰਤ ਤਕ ਦਾ ਸਬੰਧ ਹੈ। ਬੱਚੇ ਦੇ ਜਨਮ ਮੌਕੇ ਨਿੰਮ ਦੇ ਰੁੱਖ ਦੀਆਂ ਟਾਹਣੀਆਂ ਬੰਨੀਆਂ ਜਾਂਦੀਆਂ ਹਨ। ਉਸ ਤੋਂ ਬਾਅਦ ਬਾਲ ਅਵਸਥਾ ਅਤੇ ਜਵਾਨੀ ਮੌਕੇ ਵੀ ਅਨੇਕਾਂ ਕਿਸਮਾਂ ਦੇ ਰੂਪ ਵਿੱਚ ਰੁੱਖ ਮਨੁੱਖ ਦੇ ਕੰਮ ਆਉਂਦੇ ਹਨ। ਮਨੁੱਖ ਦੀ ਮੌਤ ਸਮੇਂ ਵੀ ਰੁੱਖਾਂ ਦੀ ਲੱਕੜ ਮਨੁੱਖ ਦੇ ਕੰਮ ਆਉਂਦੀ ਹੈ। ਇਸ ਕਾਰਨ ਮਨੁਖੀ ਜੀਵਨ ਵਿੱਚ ਰੁੱਖਾਂ ਦੀ ਬਹੁਤ ਮਹੱਤਤਾ ਹੈ।



ਪੰਜਾਬ ਦੇ ਮਾਲਵਾ ਇਲਾਕੇ 'ਚ ਖਾਸ ਕਰਕੇ ਬਰਨਾਲਾ ਜ਼ਿਲ੍ਹੇ 'ਚ ਕਿਸੇ ਸਮੇਂ ਸੰਘਣੇ ਜੰਗਲ ਹੁੰਦੇ ਸਨ, ਪਰ ਹੁਣ ਉਹ ਸੰਘਣੇ ਜੰਗਲ ਗਾਇਬ ਹੋ ਚੁੱਕੇ ਹਨ ਅਤੇ ਹਰ ਪਾਸੇ ਕੰਕਰੀਟ ਦੇ ਜੰਗਲ ਦਿਖਾਈ ਦਿੰਦੇ ਹਨ। ਮਨੁੱਖ ਨੇ ਤਰੱਕੀ ਦੇ ਨਾਂਅ 'ਤੇ ਕੁਦਰਤ ਨਾਲ ਵੱਡੀ ਪੱਧਰ 'ਤੇ ਛੇੜਛਾੜ ਕਰਕੇ ਆਪਣੀ ਕਬਰ ਖ੍_ ਦ ਪੁੱਟਣ ਵਾਲਾ ਕੰਮ ਕੀਤਾ ਹੈ। ਰੁੱਖਾਂ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ ਪਰ ਜਿਸ ਇਨਸਾਨ ਦੇ ਫੇਫੜੇ ਹੀ ਖ਼ਰਾਬ ਹੋ ਜਾਣ ਤਾਂ ਉਸਦੀ ਜਿੰਦਗੀ ਕਿੰਨੀ ਕੁ ਰਹਿ ਜਾਂਦੀ ਹੈ, ਇਹ ਤਾਂ ਸਭ ਨੂੰ ਪਤਾ ਹੈ।

ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਰੁੱਖ ਮੀਂਹ ਦੇ ਪਾਣੀ ਨੂੰ ਸਿੱਧਾ ਧਰਤੀ 'ਤੇ ਡਿੱਗਣ ਤੋਂ ਰੋਕਦੇ ਹਨ। ਜਿਸ ਕਰਕੇ ਪਾਣੀ ਪੱਤਿਆਂ, ਟਹਿਣੀਆਂ ਤੇ ਜੜਾਂ ਵਿੱਚੋਂ ਹੋ ਕੇ ਧਰਤੀ ਵਿੱਚ ਸਮਾਅ ਜਾਂਦਾ ਹੈ। ਇਸ ਤਰਾਂ ਰੁੱਖ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਸੋਖ ਕੇ ਧਰਤੀ ਦੇ ਹੇਠਾਂ ਦੇ ਜਲ-ਸਰੋਤਾਂ ਨੂੰ ਕਾਇਮ ਰੱਖਦੇ ਹਨ। ਰੁੱਖ ਪਹਾੜੀ ਤੇ ਮੈਦਾਨੀ ਇਨਾਕਿਆਂ ਵਿੱਚ ਬੱਦਲਾਂ ਨੂੰ ਆਪਣੇ ਕੋਲ ਖਿੱਚ ਕੇ ਮੀਂਹ ਦਾ ਕਾਰਨ ਬਣਦੇ ਹਨ।

ਰੁੱਖਾਂ ਦਾ ਇਕ ਵਰਗ ਕਿਲੋਮੀਟਰ ਜੰਗਲ ਆਪਣੀਆਂ ਜੜਾਂ ਵਿੱਚ 20,000 ਤੋਂ 30,000 ਕਿਊਬਿਕ ਮੀਟਰ ਪਾਣੀ ਰੱਖਦਾ ਹੈ। ਰੁੱਖ ਹੜਾਂ ਅਤੇ ਹਨੇਰੀਆਂ ਮੌਕੇ ਉਪਜਾਊ ਮਿੱਟੀ ਨੂੰ ਖੁਰਨ ਤੋਂ ਬਚਾਉਂਦੇ ਹਨ। ਜੇ ਰੁੱਖ ਨਾ ਹੋਣ ਤਾਂ ਮੀਂਹ ਅਤੇ ਹ ਨੇਰੀ ਚੱਲਣ ਨਾਲ ਉਪਜਾਊ ਮਿੱਟੀ ਰੁੜ ਕੇ ਦਰਿਆਵਾਂ 'ਚ ਚਲੀ ਜਾਵੇਗੀ।



ਪੁਰਾਤਨ ਸੱਭਿਅਤਾ ਦੇ ਪ੍ਰਸਿੱਧ ਸ਼ਹਿਰ ਮੋਹੰਜੋਦੜੋ ਤੇ ਹੜੱਪਾ ਰੇਤੇ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋ ਗਏ ਸਨ, ਕਿਉਂਕਿ ਇਹਨਾਂ ਸ਼ਹਿਰਾਂ 'ਚ ਰੁੱਖਾਂ ਦੀ ਵੱਡੇ ਪੱਧਰ 'ਤੇ ਕਟਾਈ ਕੀਤੀ ਗਈ ਸੀ, ਜਿਸ ਕਾਰਨ ਇਹਨਾਂ ਸ਼ਹਿਰਾਂ ਵਿੱਚ ਧੜਕ ਰਹੀ ਜਿੰਦਗੀ ਰੁਕ ਗਈ ਸੀ।

ਮਨੁੱਖ ਵੱਲੋਂ ਆਪਣੇ ਲਾਲਚ ਵਸ ਰੁੱਖਾਂ ਦੇ ਜੰਗਲਾਂ ਦਾ ਸਫਾਇਆ ਕਰਕੇ ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ, ਜਿਸ ਕਾਰਨ ਹਵਾ ਅਤੇ ਪਾਣੀ ਵਿੱਚ ਪ੍ਰਦੂਸ਼ਣ ਫੈਲਦਾ ਜਾ ਰਿਹਾ ਹੈ। ਪੰਜਾਬ 'ਚ ਸੜਕਾਂ ਨੂੰ ਚੌੜੀਆਂ ਕਰਨ ਬਹਾਨੇ ਅਤੇ ਵਿਕਾਸ ਦੇ ਹੋਰ ਕੰਮ ਕਰਨ ਦੇ ਬਹਾਨੇ ਸਦੀਆਂ ਪੁਰਾਣੇ ਹਰੇ ਭਰੇ ਰੁੱਖਾਂ ਦਾ ਸਫਾਇਆ ਕਰ ਦਿੱਤਾ ਗਿਆ ਹੈ, ਜਿਸ ਕਰਕੇ ਮੌਸਮ ਵਿੱਚ ਅਕਸਰ ਵਿਗਾੜ ਪੈਦਾ ਹੋ ਜਾਂਦਾ ਹੈ।



ਮਨੁੱਖ ਵੱਲੋਂ ਰੁਖਾਂ ਦਾ ਸਫਾਇਆ ਕਰਨ ਦੇ ਨਾਲ ਹੀ ਹੋਰਨਾਂ ਕੁਦਰਤੀ ਸੋਮਿਆਂ ਦਾ ਵੀ ਦੋਹਨ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹੈ। ਮਨੁੱਖ ਵੱਲੋਂ ਟਿਊਬਵੈਲਾਂ ਰਾਹੀਂ ਧਰਤੀ ਹੇਠੋਂ ਪਾਣੀ ਬਹੁਤ ਵੱਡੇ ਪੱਧਰ 'ਤੇ ਕੱਢਿਆ ਜਾ ਰਿਹਾ ਹੈ, ਜਿਸ ਕਾਰਨ ਹੁਣ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਦਾ ਖਤਰਾ ਖੜਾ ਹੋ ਗਿਆ ਹੈ। ਇਸ ਤੋਂ ਇਲਾਵਾ ਮਨੁੱਖ ਵੱਲੋਂ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਧਰਤੀ ਹੇਠਲੇ ਖਣਿਜ਼ ਪਦਾਰਥਾਂ ਦੇ ਕੁਦਰਤੀ ਸੋਮਿਆਂ ਦਾ ਵੀ ਦੋਹਨ ਕੀਤਾ ਜਾ ਰਿਹਾ ਹੈ, ਜਿਸ ਕਾਰਨ ਇਹਨਾਂ ਕੁਦਰਤੀ ਸੋਮਿਆਂ ਦੇ ਖਤਮ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ।

ਅਕਸਰ ਵੇਖਿਆ ਜਾਂਦਾ ਹੈ ਕਿ ਬਰਸਾਤ ਦੇ ਮੌਸਮ ਮੌਕੇ ਕੁਝ ਸਮਾਜਸੇਵੀ ਜਥੇਬੰਦੀਆਂ ਅਨੇਕਾਂ ਥਾਂਵਾਂ ਤੇ ਪੌਦੇ ਲਗਾ ਕੇ ਆਪਣੀਆਂ ਫੋਟੋਆਂ ਖਿਚਵਾ ਕੇ ਅਖਬਾਰਾਂ ਵਿੱਚ ਛਪਵਾ ਲੈਂਦੀਆਂ ਹਨ ਪਰ ਇਹਨਾਂ ਪੌਦਿਆਂ ਦੀ ਸੰਭਾਲ ਨਾ ਕੀਤੀ ਜਾਣ ਕਰਕੇ ਇਹ ਪੌਦੇ ਜਲਦੀ ਹੀ ਸੁੱਕ ਜਾਂਦੇ ਹਨ ਫਿਰ ਇਹਨਾਂ ਪੌਦਿਆਂ ਵਾਲੀ ਥਾਂ ਹੀ ਕਿਸੇ ਹੋਰ ਸੰਸਥਾ ਵੱਲੋਂ ਪੌਦੇ ਲਗਵਾ ਕੇ ਅਖਬਾਰਾਂ 'ਚ ਆਪਣੀ ਬੱਲੇ ਬੱਲੇ ਕਰਵਾ ਲਈ ਜਾਂਦੀ ਹੈ। ਇਹ ਵਰਤਾਰਾ ਹਰ ਸਾਲ ਵਰਤਦਾ ਹੈ। ਪੌਦੇ ਤਾਂ ਹਰ ਸਾਲ ਬਹੁਤ ਸੰਸਥਾਵਾਂ ਵੱਲੋਂ ਲਗਾਏ ਜਾਂਦੇ ਹਨ ਪਰ ਉਹਨਾਂ ਦੀ ਸੰਭਾਲ ਕੋਈ ਨਹੀਂ ਕਰਦਾ ਜਿਸ ਕਰਕੇ ਇਹ ਪੌਦੇ ਰੁੱਖ ਬਣਨ ਦੀ ਥਾਂ ਸੁੱਕ ਜਾਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਹਰ ਮਨੁੱਖ ਹਰ ਸਾਲ ਘੱਟੋ ਘੱਟ ਇਕ ਪੌਦਾ ਜਰੂਰ ਲਗਾਵੇ। ਰੁੱਖ ਸਾਨੂੰ ਆਕਸੀਜਨ ਦਿੰਦੇ ਹਨ, ਇਸ ਲਈ ਰੁੱਖਾਂ ਦੀ ਮਹੱਤਤਾ ਨੂੰ ਸਮਝਦਿਆਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਪੰਜਾਬ ਦੀ ਧਰਤੀ ਨੂੰ ਮੁੜ ਹਰਿਆ ਭਰਿਆ ਕਰਨਾ ਚਾਹੀਦਾ ਹੈ।







# ਰੇਗਿਸਤਾਨ ਬਣਨ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ ਪੰਜਾਬ

## ਖ਼ਤਮ ਹੋਣ ਕੰਢੇ ਪਹੁੰਚਿਆ ਧਰਤੀ ਹੇਠਲਾ ਪਾਣੀ

## 9 ਜ਼ਿਲ੍ਹਿਆਂ 'ਚ ਪਾਣੀ ਡੇਢ ਮੀਟਰ ਹੋਰ ਹੋਇਆ ਡੂੰਘਾ

## ਸਾਮਰਾਜੀ ਖੇਤੀ ਮਾਡਲ ਤੇ ਕਾਰਪੋਰੇਟ ਪੱਖੀ ਸਨਅਤੀ ਨੀਤੀ ਕਾਰਨ ਸਥਿਤੀ ਬਣੀ ਚਿੰਤਾਜਨਕ

## ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਕਾਰਗਰ ਨੀਤੀ ਬਣਾਉਣ ਦੀ ਲੋੜ

ਪਟਿਆਲਾ/ਏ.ਟੀ.ਨਿਊਜ਼ : ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਧਰਤੀ ਪਾਣੀ ਦੇ ਡੂੰਘੇ ਸੰਕਟ ਵਿੱਚੋਂ ਲੰਘ ਰਹੀ ਹੈ, ਜਿਸ ਕਰਕੇ ਪੰਜਾਬ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ। ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਦੋਹਨ ਕੀਤੇ ਜਾਣ ਕਾਰਨ ਹੁਣ ਪੰਜਾਬ ਦੀ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕੰਢੇ ਪਹੁੰਚ ਗਿਆ ਹੈ। ਖੇਤੀ ਅਤੇ ਜਲ ਮਾਹਿਰ ਕਹਿ ਰਹੇ ਹਨ ਕਿ ਪੰਜਾਬ 'ਚ ਧਰਤੀ ਹੇਠਲੇ ਪਾਣੀ ਨੂੰ ਜੇ ਇਸੇ ਤਰਾਂ ਕੱਢਿਆ ਜਾਂਦਾ ਰਿਹਾ ਤਾਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਬਿਲਕੁਲ ਖ਼ਤਮ ਹੋ ਜਾਵੇਗਾ ਅਤੇ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਅੱਜ ਦੇ ਸਮੇਂ 'ਚ ਪੰਜਾਬ ਲਗਾਤਾਰ ਰੇਗਿਸਤਾਨ ਬਣਨ ਵੱਲ ਵਧਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵੇਲੇ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਲੋਕ ਬੂੰਦ ਬੂੰਦ ਪਾਣੀ ਨੂੰ ਵੀ ਤਰਸਣਗੇ। ਵਿਗਿਆਨੀਆਂ ਵੱਲੋਂ ਅੰਦਾਜ਼ੇ ਲਾਏ ਜਾ ਰਹੇ ਹਨ ਕਿ 2040 ਤੱਕ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਜਾਵੇਗਾ। ਇਸ ਸਮੇਂ ਪੰਜਾਬ ਦੇ ਪੇਂਡੂ ਵਿਕਾਸ ਬਲਾਕਾਂ ਦੇ ਲਗਭਗ 80 ਬਲਾਕਾਂ 'ਚ ਧਰਤੀ ਹੇਠਲੇ ਪਾਣੀ ਦੀ ਹਾਲਤ ਅਤਿ ਨਾਜ਼ਕ ਹੈ।

ਬੀਤੇ ਦਿਨੀਂ ਪੰਜਾਬ ਸਰਕਾਰ ਦੇ ਜਲ ਸਰੋਤ ਸੈੱਲ ਨੇ ਪੰਜਾਬ 'ਚ ਜ਼ਮੀਨ ਦੋਜ ਪਾਣੀ ਸਬੰਧੀ ਚਿੰਤਾਜਨਕ ਰਿਪੋਰਟ ਪੇਸ਼ ਕੀਤੀ ਹੈ। ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇ 9 ਜ਼ਿਲ੍ਹਿਆਂ ਵਿੱਚ ਪਿਛਲੇ ਇੱਕ ਸਾਲ ਵਿੱਚ ਜ਼ਮੀਨ ਹੇਠਲਾ ਪਾਣੀ ਔਸਤਨ 0.77 ਮੀਟਰ ਤੋਂ 1.59 ਮੀਟਰ (ਡੇਢ ਮੀਟਰ) ਤੋਂ ਜ਼ਿਆਦਾ ਹੇਠਾਂ ਚਲਾ ਗਿਆ। ਰਿਪੋਰਟ ਵਿੱਚ ਸਭ ਤੋਂ ਗੰਭੀਰ ਸਥਿਤੀ ਬਰਨਾਲਾ, ਬਠਿੰਡਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਸੰਗਰੂਰ, ਪਟਿਆਲਾ, ਮੋਗਾ, ਜਲੰਧਰ ਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੀ ਦਿਖਾਈ ਗਈ ਹੈ। ਜਦਕਿ ਫਾਜ਼ਿਲਕਾ, ਹੁਸ਼ਿਆਰਪੁਰ, ਸ੍ਰੀ ਮੁਕਤਸਰ ਸਾਹਿਬ ਮੀਂਹ ਦੇ ਹਵਾਲੇ ਨਾਲ ਪਾਣੀ ਦਾ ਪੱਧਰ 0.16 ਮੀਟਰ (ਔਸਤਨ) ਉਪਰ ਆਇਆ ਦਰਜ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਜਿੱਥੇ ਮਾਰਚ 2014 ਵਿੱਚ ਬਰਨਾਲਾ ਜ਼ਿਲ੍ਹੇ ਵਿੱਚ ਧਰਤੀ ਹੇਠਲਾ ਪਾਣੀ ਔਸਤਨ



19.33 ਮੀਟਰ ਡੂੰਘਾ ਸੀ। ਉੱਥੇ ਮਾਰਚ 2023 ਮਹੀਨੇ ਕੀਤੀ ਜਾਂਚ ਦੌਰਾਨ ਪਾਣੀ ਦਾ ਪੱਧਰ ਔਸਤਨ 1.59 ਮੀਟਰ ਹੋਰ ਹੇਠਾਂ ਚਲਿਆ ਗਿਆ ਹੈ।

ਮਾਹਿਰ ਕਹਿੰਦੇ ਹਨ ਕਿ ਧਰਤੀ ਹੇਠਲਾ ਪਾਣੀ ਲਗਾਤਾਰ ਖਤਮ ਹੋਣ ਕੰਢੇ ਹੈ। ਇਹ ਸਾਮਰਾਜੀ ਖੇਤੀ ਮਾਡਲ ਤੇ ਕਾਰਪੋਰੇਟ ਪੱਖੀ ਸਨਅਤੀ ਨੀਤੀ ਕਾਰਨ ਵਾਪਰ ਰਿਹਾ ਹੈ। ਇਸ ਲਈ ਕੁਦਰਤ ਪੱਖੀ ਹੰਢਣਸਾਰ ਖੇਤੀ ਮਾਡਲ ਦੀ ਜ਼ਰੂਰਤ ਹੈ। ਪੰਜਾਬ ਨੂੰ ਜ਼ੋਨਾਂ ਦੇ ਆਧਾਰ 'ਤੇ ਖੇਤੀ ਮਾਡਲ ਲਈ ਵਿਕਸਤ ਕੀਤਾ ਜਾਵੇ। ਝੋਨੇ ਦੀ ਥਾਂ ਬਾਕੀ ਫਸਲਾਂ ਦੀ ਸਰਕਾਰੀ ਖਰੀਦ ਦਾ ਪ੍ਰਬੰਧ ਕੀਤਾ ਜਾਵੇ ਅਤੇ ਪੰਜਾਬ 'ਚ ਖੇਤੀ ਆਧਾਰਿਤ ਸਨਅਤ ਵਿਕਸਤ ਕੀਤੀ ਜਾਵੇ।

**ਕੁਦਰਤੀ ਸੋਮੇ ਬਚਾਉਣ ਦੀ ਲੋੜ**



ਹਾਲਾਤ ਇਹ ਬਣ ਗਏ ਹਨ ਕਿ ਸਰਕਾਰੀ ਤੇ ਗੈਰ ਸਰਕਾਰੀ ਪੱਧਰ 'ਤੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਕੋਈ ਵੀ ਕਾਰਗਰ ਨੀਤੀ ਨਹੀਂ ਬਣਾਈ ਜਾ ਰਹੀ। ਸਤਲੁਜ ਦਰਿਆ ਵਿੱਚ ਪਹਿਲਾਂ ਹਿਮਾਚਲ ਪ੍ਰਦੇਸ਼ ਤੋਂ 'ਏ' ਗ੍ਰੇਡ ਦਾ ਪਾਣੀ ਦਾਖਲ ਹੁੰਦਾ ਸੀ, ਜੋ ਹੁਣ 'ਬੀ' ਗ੍ਰੇਡ ਦਾ ਹੋ ਗਿਆ ਹੈ। ਮਾਹਿਰ ਕਹਿੰਦੇ ਹਨ ਕਿ ਨਦੀਆਂ ਤੇ ਦਰਿਆ ਪੰਜਾਬ ਦੀਆਂ ਸਾਹ ਰਗਾਂ ਹਨ, ਇਨ੍ਹਾਂ ਨੂੰ ਬਚਾਉਣਾ ਜਿੱਥੇ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਉਥੇ ਹੀ ਲੋਕਾਂ ਲਈ ਵੀ ਜ਼ਰੂਰੀ ਹੈ ਕਿ ਉਹ ਇਸ ਕੁਦਰਤੀ ਸੋਮੇ ਨੂੰ ਬਚਾਉਣ ਲਈ ਆਪਣਾ ਪੂਰਾ ਯੋਗਦਾਨ ਪਾਉਣ।

**ਪਾਣੀ ਦੀ ਬਰਬਾਦੀ**

ਇਕ ਪਾਸੇ ਪੰਜਾਬ ਸਰਕਾਰ

## ਹਰ ਸਾਲ ਧਰਤੀ ਹੇਠੋਂ 35 ਅਰਬ ਘਣ ਮੀਟਰ ਪਾਣੀ ਕੱਢ ਰਹੀਆਂ ਨੇ ਮੋਟਰਾਂ



ਕੇਂਦਰੀ ਭੂ-ਜਲ ਬੋਰਡ ਦੀ ਰਿਪੋਰਟ ਨੇ ਬੜੇ ਭਿਆਨਕ ਅੰਕੜੇ ਪੇਸ਼ ਕੀਤੇ ਹਨ। ਰਿਪੋਰਟ ਮੁਤਾਬਕ ਧਰਤੀ ਹੇਠਲੇ ਤਿੰਨ ਪੱਤਣਾਂ ਦਾ ਪਾਣੀ ਮੁੱਕ ਚੱਲਿਆ ਹੈ। ਇਨ੍ਹਾਂ ਪੱਤਣਾਂ 'ਚ 320 ਅਰਬ ਘਣ ਮੀਟਰ ਪਾਣੀ ਹੈ ਤੇ ਹਰੇਕ ਸਾਲ ਮੀਂਹਾਂ ਰਾਹੀਂ 21 ਅਰਬ ਘਣ ਮੀਟਰ ਪਾਣੀ ਧਰਤੀ 'ਚ ਸਿੰਮਦਾ ਹੈ।

ਰਿਪੋਰਟ ਅਨੁਸਾਰ ਪੰਜਾਬੀ ਹਰ ਸਾਲ 35 ਅਰਬ ਘਣ ਮੀਟਰ ਪਾਣੀ ਧਰਤੀ ਹੇਠੋਂ ਕੱਢ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਸਿਰਫ਼ 17 ਸਾਲਾਂ ਦਾ ਹੀ ਬਚਿਆ ਹੈ। ਆਈਆਈਟੀ ਖੜਗਪੁਰ, ਅਮਰੀਕਾ ਦੀ ਨਾਸਾ ਏਜੰਸੀ, ਪੰਜਾਬ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਸਮੇਤ ਵੱਖ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਅਧਿਐਨਾਂ ਅਨੁਸਾਰ ਪੰਜਾਬ ਬੜੀ ਤੇਜ਼ੀ ਨਾਲ ਰੇਗਿਸਤਾਨ ਬਣਨ ਵੱਲ ਵੱਧ ਰਿਹਾ ਹੈ।

ਪੰਜਾਬ ਵਿੱਚ ਇਸ ਵੇਲੇ 15 ਲੱਖ ਤੋਂ ਵੱਧ ਟਿਊਬ-ਵੈੱਲ ਹਨ, ਜਿਨ੍ਹਾਂ ਵਿੱਚ 14 ਲੱਖ 20 ਹਜ਼ਾਰ 'ਤੇ ਬਿਜਲੀ ਦੀਆਂ ਮੋਟਰਾਂ ਤੇ ਬਾਕੀਆਂ 'ਤੇ ਡੀਜ਼ਲ ਇੰਜਣ ਲੱਗੇ ਹੋਏ ਹਨ। ਇਨ੍ਹਾਂ ਟਿਊਬ-ਵੈੱਲਾਂ ਰਾਹੀਂ ਪਾਣੀ ਕੱਢਣ ਲਈ ਸਾਢੇ 7 ਹਾਰਸ ਪਾਵਰ ਤੋਂ 12 ਹਾਰਸ ਪਾਵਰ ਤੱਕ ਦੀਆਂ ਮੋਟਰਾਂ ਲੱਗੀਆਂ ਹੋਈਆਂ ਹਨ। ਝੋਨੇ ਦੀ ਬਿਜਾਈ ਸਮੇਂ 15 ਜੂਨ ਤੋਂ 30 ਸਤੰਬਰ ਤੱਕ 8-8 ਘੰਟੇ ਚੱਲਦੀਆਂ ਮੋਟਰਾਂ ਧਰਤੀ ਹੇਠਲੇ ਪਾਣੀ ਦੇ ਅਥਾਹ ਭੰਡਾਰ ਨੂੰ ਲਗਾਤਾਰ ਖਤਮ ਕਰ ਰਹੀਆਂ ਹਨ। ਖੇਤੀਬਾੜੀ ਲਈ ਮੋਟਰਾਂ ਸਾਲ ਵਿੱਚ 8 ਤੋਂ 9 ਹਜ਼ਾਰ ਯੂਨਿਟ ਬਿਜਲੀ ਫੂਕਦੀਆਂ ਹਨ।

## ਪੰਜਾਬ 'ਚ ਪਾਣੀ ਦੀ ਘਾਟ ਹੋਣ ਦੇ ਕਾਰਨ

ਪੰਜਾਬ 'ਚ ਪਾਣੀ ਦੀ ਘਾਟ ਦਾ ਪਹਿਲਾ ਕਾਰਨ ਤਾਂ ਪੂੰਜੀਵਾਦੀ ਕਾਰਪੋਰੇਟ ਵਿਕਾਸ ਮਾਡਲ ਹੈ। ਗੁਰਮਤਿ ਦੇ ਨਜ਼ਰੀਏ ਤੋਂ ਪਾਣੀ ਨੂੰ ਕੁਦਰਤ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੀ ਬਜਾਏ ਇਸ ਨੂੰ ਸਿਰਫ਼ ਮੁਨਾਫ਼ਾ ਕਮਾਉਣ ਲਈ ਇਕ ਵਸਤੂ ਬਣਾ ਦਿੱਤਾ ਗਿਆ ਹੈ। ਪਾਣੀ ਦੀ ਦੁਰਵਰਤੋਂ ਵਧਣ ਕਾਰਨ ਆਲਮੀ ਤਪਸ਼ ਅਤੇ ਮੌਸਮੀ ਤਬਦੀਲੀ ਵਰਗੇ ਸੰਕਟਾਂ ਦਾ ਅੱਜ ਦੁਨੀਆ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜਾ ਕਾਰਨ ਪੰਜਾਬ ਦੇ



ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਗੈਰ ਰਾਇਪੇਰੀਅਨ ਖਿੱਤਿਆਂ ਨੂੰ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਿਰਫ਼ 27,82,500 ਏਕੜ (ਲਗਭਗ 25 ਫੀਸਦੀ) ਦੀ ਸਿੰਚਾਈ ਹੁੰਦੀ ਹੈ। 75,00,000 ਏਕੜ (ਲਗਭਗ 74 ਫੀਸਦੀ) ਦੇ ਕਰੀਬ ਰਕਬੇ ਦੀ ਸਿੰਜਾਈ ਲਈ ਪੰਜਾਬ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਮਜਬੂਰ ਹੈ।

ਤੀਸਰਾ ਕਾਰਨ ਪੰਜਾਬ ਜ਼ਮੀਨੀ ਪਾਣੀ ਦੀ ਗੈਰ ਹੰਢਣਸਾਰ ਵਰਤੋਂ ਦਾ ਹੈ। ਪੰਜਾਬ 'ਚ ਘਰੇਲੂ ਤੇ ਉਦਯੋਗਿਕ ਖੇਤਰ ਦਾ ਪਾਣੀ ਸੋਧ ਕੇ ਮੁੜ ਵਰਤੋਂ ਵਿੱਚ ਲਿਆਉਣ ਦੀ ਔਸਤ 10 ਫੀਸਦੀ ਤੋਂ ਵੀ ਘੱਟ ਹੈ, ਜਦਕਿ ਇਜਰਾਈਲ ਵਿੱਚ ਇਹ ਔਸਤ 80 ਫ਼ੀਸਦੀ ਹੈ, ਜਿਸ ਦੀ ਔਸਤ ਵਧਾਏ ਜਾਣ ਦੀ ਜ਼ਰੂਰਤ ਹੈ।

ਚੌਥਾ ਕਾਰਨ ਪੰਜਾਬ ਦੇ ਰਵਾਇਤੀ ਖੇਤੀ ਮਾਡਲ ਵਿੱਚ ਵਿਗਾੜ ਤੇ ਗੈਰ-ਇਲਾਕਾਈ ਫ਼ਸਲ ਝੋਨਾ ਪੈਦਾ ਕਰਨ ਦੀ ਕਵਾਇਦ ਹੈ, ਜਿਸ ਕਾਰਨ ਆਏ ਸਾਲ 10 ਤੋਂ 15 ਫੁੱਟ ਤੱਕ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਧਰਤੀ ਉੱਤੇ ਪਾਣੀ ਦੀ ਹੋਂਦ ਦੁਆਰਾ ਮਨੁੱਖੀ ਜੀਵਨ ਦੀ ਹੱਦ ਸੰਭਵ ਹੋਈ

# ਹੁਣ ਰੂਸ 'ਚ ਪੂਤਿਨ ਦਾ ਤਖ਼ਤ ਪਲਟਣ ਦੀ ਸੰਭਾਵਨਾ ਹੋਈ ਖ਼ਤਮ

## ਵੈਗਨਰ ਗਰੁੱਪ ਨੇ ਆਪਣੀ ਬਗਾਵਤ ਨੂੰ ਖ਼ਤਮ ਕਰਨ ਦਾ ਲਿਆ ਫ਼ੈਸਲਾ

### ਬੇਲਾਰੂਸ ਦੇ ਰਾਸ਼ਟਰਪਤੀ ਨੇ ਇਸ ਵਿਦਰੋਹ ਨੂੰ ਖ਼ਤਮ ਕਰਨ ਲਈ ਸਮਝੌਤਾ ਕਰਵਾਉਣ ਦਾ ਕੀਤਾ ਦਾਅਵਾ



ਬੀਤੇ ਸ਼ਨਿੱਚਰਵਾਰ ਰੂਸ ਵਿੱਚ ਨਿੱਜੀ ਖੇਤਰ ਦੇ ਸੁਰੱਖਿਆ ਬਲ ਵੈਗਨਰ ਨੇ ਬਗ਼ਾਵਤ ਕਰ ਕੇ ਅਨਿਸ਼ਚਤਤਾ ਵਾਲਾ ਮਾਹੌਲ ਪੈਦਾ ਕੀਤਾ। ਇਸ ਤੋਂ ਪਹਿਲਾਂ ਪ੍ਰਿਗੋਜ਼ਿਨ ਨੇ ਆਪਣੇ ਲੜਾਕਿਆਂ ਨੂੰ ਯੂਕਰੇਨ ਵਿੱਚ ਆਪਣੇ ਕੈਂਪਾਂ ਵਿੱਚ ਵਾਪਸ ਆਉਣ ਦੇ ਹੁਕਮ ਦਿੱਤੇ ਸਨ, ਜਿੱਥੇ ਉਹ ਰੂਸੀ ਸੈਨਿਕਾਂ ਨਾਲ ਮਿਲ ਕੇ ਯੂਕਰੇਨ ਨਾਲ ਲੜ ਰਹੇ ਹਨ। ਕੁਝ ਸਮੇਂ ਲਈ ਤਾਂ ਇਉਂ ਲੱਗਿਆ ਜਿਵੇਂ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਸੱਤਾ ਖ਼ਤਰੇ ਵਿੱਚ ਹੈ। ਪੂਤਿਨ ਨੇ ਟੈਲੀਵਿਜ਼ਨ 'ਤੇ ਦਿੱਤੇ ਬਿਆਨ ਵਿੱਚ ਇਸ ਨੂੰ ਪਿੱਠ ਵਿਚ ਛੁਰਾ ਮਾਰਨ ਦੇ ਬਰਾਬਰ ਦੱਸਿਆ। ਉਸ ਨੇ ਇਹ ਵੀ ਕਿਹਾ ਕਿ ਇਹ ਰੂਸ ਅਤੇ ਰੂਸ ਦੇ ਲੋਕਾਂ ਨਾਲ ਧੋਖਾ ਹੈ। ਵੈਗਨਰ ਗਰੁੱਪ ਦੇ 'ਸੈਨਿਕਾਂ' ਨੇ ਦੋਨ/ਡਾਨ ਦਰਿਆ ਕੰਢੇ ਵਸੇ ਸ਼ਹਿਰ ਰਸਤੋਵ ਦੇ ਫ਼ੌਜੀ ਅੱਡੇ 'ਤੇ ਕਬਜ਼ਾ ਕਰਕੇ ਮਾਸਕੋ ਵੱਲ ਕੂਚ ਕੀਤਾ। ਮਾਸਕੋ ਵਿੱਚ ਵੀ ਵੈਗਨਰ ਲੜਾਕਿਆਂ ਦਾ ਸਾਹਮਣਾ ਕਰਨ ਲਈ ਕਾਰਵਾਈਆਂ ਆਰੰਭੀਆਂ ਗਈਆਂ। ਇਸੇ ਦੌਰਾਨ ਰੂਸ ਦੇ ਗੁਆਂਢੀ ਤੇ ਹਮਾਇਤੀ ਦੇਸ਼ ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੂਕਾਸ਼ੈਂਕੋ ਨੇ ਵਿਚੋਲਗੀ ਕੀਤੀ ਅਤੇ ਵੈਗਨਰ ਗਰੁੱਪ ਦੇ ਮੁਖੀ ਯੇਵਗੇਨੀ ਪ੍ਰਿਗੋਜ਼ਿਨ ਨੇ ਆਪਣੇ ਲੜਾਕਿਆਂ ਨੂੰ ਰਾਹ ਵਿੱਚ ਰੋਕ ਲਿਆ। ਹੁਣ ਪ੍ਰਿਗੋਜ਼ਿਨ ਨੂੰ ਬੇਲਾਰੂਸ ਭੇਜਿਆ ਜਾ ਰਿਹਾ ਹੈ। ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੂਕਾਸੈਂਕੋ ਨੇ ਆਪਣੇ ਦੋਸਤ ਵਲਾਦੀਮੀਰ ਪੂਤਿਨ ਨੂੰ ਵੱਡੀ ਰਾਹਤ ਦਿੰਦਿਆਂ ਵੈਗਨਰ ਗਰੁੱਪ ਦੀ ਬਗਾਵਤ ਨੂੰ ਖਤਮ ਕਰਾ ਦਿੱਤਾ ਹੈ। ਰੂਸੀ ਮੀਡੀਆ ਆਰ ਟੀ ਦੇ ਅਨੁਸਾਰ, ਬੇਲਾਰੂਸ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਲੂਕਾਸ਼ੈਂਕੋ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਵੈਗਨਰ ਸਮੂਹ ਦੇ ਮੁਖੀ ਯੇਵਗੇਨੀ ਪ੍ਰਿਗੋਜਿਨ ਨਾਲ ਰੂਸ ਦਾ ਸਮਝੌਤਾ ਕਰਵਾਇਆ। ਇਸ ਤਹਿਤ ਵੈਗਨਰ ਗਰੁੱਪ ਦੇ ਮੁਖੀ ਯੇਵਗੇਨੀ ਪ੍ਰਿਗੋਜਿਨ ਨੇ ਆਪਣੇ ਸੈਨਿਕਾਂ ਨੂੰ ਪਿੱਛੇ ਹਟਣ ਲਈ ਕਿਹਾ ਹੈ, ਤਾਂ ਜੋ ਖ਼ੂਨ-ਖਰਾਬਾ ਰੋਕਿਆ ਜਾ ਸਕੇ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਸੱਤਾ ਵਿੱਚ ਦੋ ਦਹਾਕਿਆਂ ਤੋਂ ਵੱਧ ਸਮੇਂ ਕਾਰਜਕਾਲ ਦੌਰਾਨ ਇਹ ਸਭ ਤੋਂ ਵੱਡੀ ਚੁਣੌਤੀ ਸੀ।

ਇਸ ਸਮਝੌਤੇ ਦੇ ਨਾਲ ਹੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅੱਗੇ ਪੈਦਾ ਹੋਈ ਚੁਣੌਤੀ ਵੀ ਖ਼ਤਮ ਹੋ ਗਈ ਹੈ। ਕ੍ਰੈਮਲਿਨ (ਰੂਸੀ ਰਾਸ਼ਟਰਪਤੀ ਦੇ ਭਵਨ) ਦੇ ਤਰਜਮਾਨ ਦਮਿਤਰੀ ਪੈਸਕੋਵ ਵੱਲੋਂ ਐਲਾਨੇ ਸਮਝੌਤੇ ਮੁਤਾਬਕ ਜਲਾਵਤਨ ਹੋ ਕੇ ਪ੍ਰਿਗੋਜ਼ਿਨ ਗੁਆਂਢੀ ਮੁਲਕ ਬੇਲਾਰੂਸ ਜਾਣਗੇ। ਉਨ੍ਹਾਂ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਭੜਕਾਉਣ ਦੇ ਦੋਸ਼ ਹਟਾ ਦਿੱਤੇ ਜਾਣਗੇ ਅਤੇ ਰੂਸ ਸਰਕਾਰ ਉਸ ਨਾਲ ਬਗਾਵਤ ਵਿਚ ਸ਼ਾਮਲ ਹੋਏ ਵੈਨਗਰ ਲੜਾਕਿਆਂ 'ਤੇ ਵੀ ਕੋਈ ਮੁਕੱਦਮਾ ਨਹੀਂ ਚਲਾਵੇਗੀ। ਪੈਸਕੋਵ ਨੇ ਇਹ ਵੀ ਕਿਹਾ ਕਿ ਜਿਹੜੇ ਲੜਾਕੇ ਪ੍ਰਿਗੋਜ਼ਿਨ ਨਾਲ ਇਸ ਬਗ਼ਾਵਤ ਵਿੱਚ ਸ਼ਾਮਲ ਨਹੀਂ ਹੋਏ ਉਨ੍ਹਾਂ ਨੂੰ ਰੱਖਿਆ ਮੰਤਰਾਲੇ ਵੱਲੋਂ ਕਰਾਰ ਦੀ ਪੇਸ਼ਕਸ਼ ਕੀਤੀ ਜਾਵੇਗੀ।

ਇਸ ਸੰਖੇਪ ਬਗ਼ਾਵਤ ਨੇ ਹਾਲਾਂਕਿ ਰੂਸੀ ਸਰਕਾਰੀ ਬਲਾਂ ਵਿੱਚ ਕਮਜ਼ੋਰੀਆਂ ਨੂੰ ਨਸ਼ਰ ਕਰ ਦਿੱਤਾ ਹੈ। ਇਸ ਨਾਲ ਰੂਸ ਦਾ ਮਹਾਂਸ਼ਕਤੀ ਵਾਲਾ ਇਮੇਜ ਡਿਗਿਆ ਹੈ।

#### ਕੌਣ ਹੈ ਵੈਗਨਰ ਗਰੁਪ

ਵੈਗਨਰ ਗਰੁੱਪ ਪੂਤਿਨ ਦੇ ਹਮਾਇਤੀ ਰਹੇ ਕਾਰੋਬਾਰੀ ਯੇਵਗੇਨੀ ਪ੍ਰਿਗੋਜ਼ਿਨ ਦੁਆਰਾ ਬਣਾਈ ਨਿੱਜੀ ਫ਼ੌਜ ਹੈ ਜੋ ਰੂਸ ਦੀਆਂ ਫ਼ੌਜਾਂ ਦੇ ਨਾਲ ਨਾਲ ਯੂਕਰੇਨ ਦੀਆਂ ਫ਼ੌਜਾਂ ਵਿਰੁੱਧ ਲੜ ਰਹੀ ਹੈ। ਇਸ ਨੂੰ ਰੂਸ ਦੀ ਫ਼ੌਜ ਦੇ ਇਕ ਖ਼ਾਸ ਹਿੱਸੇ ਵਜੋਂ ਮਾਨਤਾ ਦਿੱਤੀ ਜਾਂਦੀ ਰਹੀ ਹੈ। ਇਸ ਦੇ ਲੜਾਕੇ ਸੀਰੀਆ, ਲਿਬੀਆ, ਸੂਡਾਨ, ਸੈਂਟਰਲ ਅਫਰੀਕੀ ਰਿਪਬਲਿਕ, ਮੌਜ਼ੰਬੀਕ, ਮਡਗਾਸਕਰ, ਵੈਨੇਜ਼ੁਏਲਾ ਆਦਿ ਵਿੱਚ ਤਾਇਨਾਤ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਦੇਸ਼ਾਂ ਵਿੱਚ ਚੱਲ ਰਹੇ ਗ੍ਰਹਿ ਯੁੱਧਾਂ ਤੇ ਸੱਤਾ ਲਈ ਲੜਾਈਆਂ ਵਿੱਚ ਹਿੱਸਾ ਲਿਆ ਹੈ। ਵੈਗਨਰ ਗਰੁੱਪ 2014 ਵਿਚ ਯੂਕਰੇਨ ਵਿੱਚ ਲੋਕਾਂ ਦੇ ਧਿਆਨ ਦੇ ਕੇਂਦਰ ਵਿੱਚ ਆਇਆ ਜਦੋਂ ਇਸ ਨੇ ਯੂਕਰੇਨ ਦੇ ਲੁਹਾਂਸਕ ਖਿੱਤੇ ਵਿਚ ਰੂਸ ਪੱਖੀ ਬਾਗ਼ੀਆਂ ਦੀ ਸਹਾਇਤਾ ਕੀਤੀ। ਇਸ ਵਿਚ ਸਾਬਕਾ ਰੂਸੀ ਫ਼ੌਜੀ ਵੱਡੀ ਗਿਣਤੀ ਵਿੱਚ ਭਰਤੀ ਕੀਤੇ ਗਏ ਹਨ। ਇਸ ਨੇ 2014 ਵਿੱਚ ਹੀ ਰੂਸ ਦੁਆਰਾ ਯੂਕਰੇਨ ਦੇ ਦੱਖਣੀ ਹਿੱਸੇ ਕਰੀਮੀਆ ਨੂੰ ਹਥਿਆਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਇਹ ਗਰੁੱਪ ਰੂਸੀ ਫ਼ੌਜਾਂ ਦੀ ਕਮਾਨ ਤਹਿਤ ਕੰਮ ਕਰਦਾ ਰਿਹਾ ਹੈ ਅਤੇ ਇਸ ਨੂੰ ਫ਼ੌਜੀ ਅੱਡਿਆਂ 'ਤੇ ਰਹਿਣ ਦੀ ਵੀ ਇਜਾਜ਼ਤ ਦਿੱਤੀ ਜਾਂਦੀ ਰਹੀ ਹੈ। ਰੂਸੀ ਹਵਾਈ ਫ਼ੌਜ ਦੇ ਜਹਾਜ਼ ਵੈਗਨਰ ਗਰੁੱਪ ਦੇ 'ਸੈਨਿਕਾਂ' ਨੂੰ ਢੋਂਹਦੇ ਵੀ ਰਹੇ ਹਨ ਅਤੇ ਰੂਸੀ ਫ਼ੌਜ ਆਪਣੀਆਂ ਯੋਜਨਾਵਾਂ ਇਸ ਜਥੇਬੰਦੀ ਨਾਲ ਸਾਂਝੀਆਂ ਕਰਦੀ ਰਹੀ ਹੈ। ਵੱਖ ਵੱਖ ਅਨੁਮਾਨਾਂ ਅਨੁਸਾਰ 200-250 ਲੜਾਕਿਆਂ ਦੇ ਆਧਾਰ ਤੋਂ ਸ਼ੁਰੂ ਹੋਈ ਇਸ ਕੰਪਨੀ ਵਿੱਚ ਹੁਣ 50,000 ਲੜਾਕੇ ਹਨ ਅਤੇ ਇਹ ਆਪਣੇ ਆਪ ਨੂੰ ਮਾਤ-ਭੂਮੀ ਦੀ ਰੱਖਿਆ ਕਰਨ ਵਾਲੀ ਜਥੇਬੰਦੀ ਵਜੋਂ ਪੇਸ਼ ਕਰਦੀ ਹੈ। ਵਾਗਨਰ ਗਰੁੱਪ ਦੇ ਤਿੰਨ ਲੜਾਕਿਆਂ 'ਤੇ ਯੂਕਰੇਨੀ ਵਕੀਲਾਂ ਵੱਲੋਂ ਇਲਜ਼ਾਮ ਲਗਾਇਆ ਗਿਆ ਕਿ ਉਨ੍ਹਾਂ ਨੇ ਨਿਯਮਤ ਰੂਸੀ ਫੌਜੀਆਂ ਦੇ ਨਾਲ-ਨਾਲ ਅਪ੍ਰੈਲ 2022 ਵਿੱਚ ਕੀਵ ਨੇੜੇ ਨਾਗਰਿਕਾਂ ਨੂੰ ਮਾਰਿਆ ਅਤੇ ਤਸੀਹੇ ਦਿੱਤੇ।

ਜਰਮਨ ਇੰਟੈਲੀਜੈਂਸ ਦਾ ਕਹਿਣਾ ਹੈ ਕਿ ਵਾਗਨਰ ਦੇ ਲੜਾਕਿਆਂ ਨੇ ਮਾਰਚ 2022 ਵਿੱਚ ਬੁਕਾ ਵਿੱਚ ਨਾਗਰਿਕਾਂ ਦਾ ਕਤਲੇਆਮ ਵੀ ਕੀਤਾ ਸੀ।

ਸੰਯੁਕਤ ਰਾਸ਼ਟਰ ਅਤੇ ਫਰਾਂਸ ਦੀ ਸਰਕਾਰ ਨੇ ਵਾਗਨਰ ਦੇ ਮੈਂਬਰਾਂ 'ਤੇ ਮੱਧ ਅਫਰੀਕੀ ਗਣਰਾਜ ਵਿੱਚ ਬਲਾਤਕਾਰ ਅਤੇ ਲੁੱਟ-ਖੋਹ ਕਰਨ ਦਾ ਦੋਸ਼ ਲਗਾਇਆ ਹੈ।

2020 ਵਿੱਚ ਅਮਰੀਕਾ ਦੀ ਫੌਜ ਨੇ ਵਾਗਨਰ ਦੇ ਲੜਾਕਿਆਂ 'ਤੇ ਲੀਬੀਆ ਦੀ ਰਾਜਧਾਨੀ ਤ੍ਰਿਪੋਲੀ ਅਤੇ ਇਸ ਦੇ ਆਲੇ ਦੁਆਲੇ ਬਾਰੂਦੀ ਸੁਰੰਗਾਂ ਅਤੇ ਹੋਰ ਵਿਸਫੋਟਕ ਯੰਤਰ ਲਗਾਉਣ ਦੇ ਇਲਜ਼ਾਮ ਲਗਾਏ ਸੀ।

ਪਿਛਲੇ ਕੁਝ ਸਮੇਂ ਤੋਂ ਇਸ ਦੇ ਰੂਸੀ ਫ਼ੌਜ ਨਾਲ ਮਤਭੇਦ ਹੋਏ ਸਨ। ਵੈਗਨਰ ਗਰੁੱਪ ਨੇ ਦੋਸ਼ ਲਗਾਇਆ ਸੀ ਕਿ ਰੂਸੀ ਫ਼ੌਜ ਯੂਕਰੇਨ ਵਿੱਚ ਸਹੀ ਰਣਨੀਤੀ ਤੇ ਉਸ ਨਿਸ਼ਠਾ ਨਾਲ ਨਹੀਂ ਲੜ ਰਹੀ ਜਿਹੜੀ ਇਹ ਜੰਗ ਜਿੱਤਣ ਲਈ ਲੋੜੀਂਦੀ ਹੈ। (ਬਾਕੀ ਸਫ਼ਾ 30 'ਤੇ)

# ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਰੁਝਾਨ

ਡਾ. ਰਾਜੇਸ਼




ਭਾਰਤ ਤੋਂ, ਖਾਸ ਤੌਰ 'ਤੇ ਪੰਜਾਬ ਤੋਂ, ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਵਿੱਚ ਖ਼ੁਦਕੁਸ਼ੀਆਂ ਦਾ ਹਾਲ ਹੀ ਵਿੱਚ ਹੋਇਆ ਵਾਧਾ ਇਕ ਚਿੰਤਾਜਨਕ ਮੁੱਦਾ ਹੈ, ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਬਰੈਂਪਟਨ (ਓਟਾਂਰੀਓ) ਸ਼ਹਿਰ ਵਿੱਚ ਹੀ ਨਹੀਂ, ਸਗੋਂ ਵੈਨਕੂਵਰ (ਬ੍ਰਿਟਿਸ਼ ਕੋਲੰਬੀਆ) ਵਰਗੀਆਂ ਹੋਰ ਥਾਵਾਂ 'ਤੇ ਵੀ ਪੰਜਾਬੀ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਦਾ ਰੁਝਾਨ ਵਧਿਆ ਹੈ। ਆਸਟ੍ਰੇਲੀਆ ਨੂੰ ਛੱਡ ਕੇ ਕਿਸੇ ਵੀ ਹੋਰ ਦੇਸ਼ ਨਾਲੋਂ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਭ ਤੋਂ ਜ਼ਿਆਦਾ ਸਵੀਕਾਰ ਕਰਦਾ ਹੈ। ਕੈਨੇਡਾ ਵਿੱਚ ਓਟਾਂਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਕੈਨੇਡਾ ਦੇ ਸੂਬਿਆਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਬਹੁਤ ਜ਼ਿਆਦਾ ਗਿਣਤੀ ਹੈ।

ਅਫ਼ਸੋਸਨਾਕ ਗੱਲ ਇਹ ਹੈ ਕਿ ਭਾਰਤ ਤੋਂ, ਖ਼ਾਸ ਕਰਕੇ ਪੰਜਾਬ ਤੋਂ, ਵਿਦਿਆਰਥੀ ਚੰਗੇ ਭਵਿੱਖ ਦੀ ਇੱਛਾ ਨਾਲ ਕੈਨੇਡਾ ਆਉਂਦੇ ਹਨ। ਇਸ ਰੁਝਾਨ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਪੰਜਾਬ ਵਿੱਚ ਨੌਕਰੀਆਂ ਦੀ ਕਮੀ ਹੈ। ਖੇਤੀਬਾੜੀ ਸੈਕਟਰ ਉੱਥੇ ਦੀ ਆਰਥਿਕਤਾ ਦਾ ਮੁੱਖ ਆਧਾਰ ਹੈ ਅਤੇ ਪਰ ਉਸ ਖੇਤਰ ਵਿੱਚ ਵੀ ਰੁਜ਼ਗਾਰ ਦੇ ਮੌਕੇ ਤੇਜ਼ੀ ਨਾਲ ਸੁੰਗੜ ਰਹੇ ਹਨ। ਇਸ ਤੋਂ ਇਲਾਵਾ ਨੌਜਵਾਨ ਖੇਤੀ ਕਰਨ ਲਈ ਉਤਸੁਕ ਵੀ ਨਹੀਂ ਹਨ। ਪੰਜਾਬ ਦੇ ਉਦਯੋਗਿਕ ਖੇਤਰ ਵਿੱਚ ਵੀ ਰੁਜ਼ਗਾਰ ਦੀਆਂ ਜ਼ਿਆਦਾ ਸੰਭਾਵਨਾ ਨਹੀਂ। ਅਫ਼ਸੋਸ ਦੀ ਗੱਲ ਹੈ ਕਿ ਪ੍ਰਾਂਤ ਦੇ ਆਰਥਿਕ ਇੰਜਣ ਨੂੰ ਵਧੇਰੇ ਵਿਵਹਾਰਕ ਅਤੇ ਜੀਵੰਤ ਬਣਾਉਣ ਲਈ ਕੋਈ ਵੱਡੇ ਉਦਯੋਗਿਕ ਪਲਾਂਟ ਵੀ ਨਹੀਂ ਲਗਾਏ ਗਏ।

ਇਸ ਲਈ, ਪੰਜਾਬ ਦੇ ਨੌਜਵਾਨ 12ਵੀਂ ਜਮਾਤ ਕਰਨ ਤੋਂ ਬਾਅਦ ਥੋਕ 'ਚ ਵਿਦੇਸ਼ ਨੂੰ ਕੂਚ ਕਰਨ ਲਈ ਮਜਬੂਰ ਹਨ। ਸਿੱਟੇ ਵਜੋਂ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਰੁਜ਼ਗਾਰ ਦੁਆਉਣ ਲਈ ਸਾਧਨਾਂ ਦੀ ਕਮੀ ਹੋਣ ਦੇ ਬਾਵਜੂਦ ਵੀ ਵਿਦੇਸ਼ ਭੇਜਣ ਬਾਰੇ ਸੋਚਣਾ ਪੈਂਦਾ ਹੈ। ਆਪਣੀ ਇਸ ਕੋਸ਼ਿਸ਼ ਵਿੱਚ ਉਨ੍ਹਾਂ ਲਈ ਸੁਰੱਖਿਅਤ ਤਰੀਕਾ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਵਰਗੇ ਦੇਸ਼ਾਂ ਵਿਚ ਭੇਜਣ, ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀ ਵੱਡੀ ਪੱਧਰ 'ਤੇ ਸਵੀਕਾਰ ਕੀਤੇ ਜਾਂਦੇ ਹਨ।

ਇਹ ਕੰਮ ਕਰਨ ਲਈ ਮਾਪੇ ਸਾਲਾਂ ਦੀ ਬੱਚਤ ਤੋਂ ਬਾਅਦ ਇਕੱਠੀ ਕੀਤੀ ਗਈ ਸੰਪਤੀ ਵੇਚ ਕੇ ਜਾਂ ਗਿਰਵੀ ਰੱਖ ਕੇ ਆਪਣੇ-ਆਪ ਨੂੰ ਕਰਜ਼ਿਆਂ ਨਾਲ ਲੱਦ ਲੈਂਦੇ ਹਨ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੈ ਕਿ ਉਨ੍ਹਾਂ ਦੇ ਬੱਚੇ ਜਲਦੀ ਤੋਂ ਜਲਦੀ ਕੈਨੇਡਾ ਵਰਗੇ ਦੇਸ਼ਾਂ ਵਿੱਚ ਵਸ ਜਾਣ। ਉਹ ਇਕ ਤਰ੍ਹਾਂ ਨਾਲ ਬੱਚਿਆਂ ਨੂੰ ਕੈਨੇਡਾ ਵਰਗੇ ਦੇਸ਼ਾਂ ਵਿੱਚ ਭੇਜਣ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਘੱਟ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਕਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪੰਜਾਬ ਦੇ ਵਿਦਿਆਰਥੀਆਂ ਦਾ ਇਕ ਵੱਡਾ ਬਹਾਨਾ ਇਹ ਹੈ ਕਿ ਉਥੇ ਨੌਕਰੀ ਦੇ ਮੌਕੇ ਉਪਲਬਧ ਨਹੀਂ ਹਨ ਅਤੇ ਉਨ੍ਹਾਂ ਦੇ ਸਾਥੀ ਵਿਦਿਆਰਥੀ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਇਸ ਕਰਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ, ਸੋ ਉਨ੍ਹਾਂ ਨੂੰ ਵੀ ਇਸ ਅਮਲ ਦਾ ਪਾਲਣ ਕਰਨਾ ਚਾਹੀਦਾ ਹੈ।

ਟਰੈਵਲ ਏਜੰਟ ਵੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਦੇਸ਼ਾਂ ਦੇ ਰੰਗੀਨ ਸੁਪਨੇ ਦਿਖਾਉਂਦੇ ਹਨ। ਪੰਜਾਬ ਵਿੱਚ ਫੈਲੇ ਨਸ਼ਿਆਂ ਕਾਰਨ ਵੀ ਮਾਪੇ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਫ਼ੈਸਲੇ ਲੈ ਰਹੇ ਹਨ।

ਪਰ ਵਿਦਿਆਰਥੀਆਂ ਦੇ ਇੱਥੇ ਉਤਰਨ ਤੋਂ ਬਾਅਦ ਉਨ੍ਹਾਂ ਦੀ ਕਲਪਨਾ ਦੀ ਧਰਤੀ ਬਾਰੇ ਉਨ੍ਹਾਂ ਦੇ ਗੁਲਾਬੀ ਸੁਪਨਿਆਂ ਦੀ ਬਹੁਤ ਸਾਰੀ ਚਮਕ ਖ਼ਤਮ ਹੋ ਜਾਂਦੀ ਹੈ। ਨਵੀਆਂ ਅਤੇ ਨੰਗੀਆਂ ਹਕੀਕਤਾਂ ਉਨ੍ਹਾਂ ਦੇ ਸਾਹਮਣੇ ਆ ਖੜੀਆਂ ਹੁੰਦੀਆਂ ਹਨ। ਪਰਦੇਸੀ ਸੱਭਿਆਚਾਰ, ਸਮਾਜਿਕ ਮਾਹੌਲ ਤੇ ਜੀਵਨ ਦੇ ਨਵੇਂ ਤਰੀਕਿਆਂ ਨਾਲ ਉਨ੍ਹਾਂ ਦਾ ਵਾਹ ਪੈਂਦਾ ਹੈ ਅਤੇ ਉਨ੍ਹਾਂ ਦੇ ਸਾਧਨ ਅਕਸਰ ਬਹੁਤ ਘੱਟ ਹੁੰਦੇ ਹਨ। ਉਨ੍ਹਾਂ ਦੀ ਬਹੁਤੀ ਊਰਜਾ ਇਸ ਝਟਕੇ ਨੂੰ ਦੂਰ ਕਰਨ ਵਿੱਚ ਵਿਅਰਥ ਜਾਂਦੀ ਹੈ। ਜਦੋਂ ਨੌਕਰੀਆਂ ਲੱਭਣ ਦੇ ਔਖੇ ਕੰਮ ਨਾਲ ਜੂਝਣ ਦੀ ਗੱਲ ਆਉਂਦੀ ਹੈ, ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਨਵੇਂ ਆਉਣ ਵਾਲਿਆਂ ਲਈ ਨੌਕਰੀਆਂ ਬਹੁਤ ਘੱਟ ਹਨ ਅਤੇ ਬਹੁਤ ਦੂਰ ਵੀ ਹਨ। ਜਦੋਂ ਉਹ ਲਗਾਤਾਰ ਸੰਘਰਸ਼ਾਂ ਤੋਂ ਬਾਅਦ ਕੁਝ ਨੌਕਰੀਆਂ ਪ੍ਰਾਪਤ ਕਰਦੇ ਹਨ, ਤਾਂ ਉਹ ਅਕਸਰ, ਬਰਗਰ-ਫਲਿਪਿੰਗ ਨੌਕਰੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਰੁਜ਼ਗਾਰਦਾਤਾ ਆਪਣੇ ਵਿੱਤੀ ਲਾਭ ਲਈ ਉਨ੍ਹਾਂ 'ਤੇ ਵਧ ਬੋਝ ਪਾਉਣ ਦਾ ਰੁਝਾਨ ਵੀ ਰੱਖਦੇ ਹਨ। ਉਨ੍ਹਾਂ ਨੂੰ ਘੱਟ ਤਨਖਾਹ ਦਿੰਦੇ ਹਨ, ਕਿਉਂਕਿ ਉਨ੍ਹਾਂ ਲਈ ਹਫ਼ਤੇ ਵਿੱਚ ਸਿਰਫ 40 ਘੰਟੇ ਕੰਮ ਕਰਨ ਦਾ ਕਾਨੂੰਨ ਹੈ। ਫਿਰ ਉਨ੍ਹਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਮਾਮੂਲੀ ਰਕਮ ਦਿੱਤੀ ਜਾਂਦੀ ਹੈ, ਕਿਉਂਕਿ ਮਾਲਕ ਉਨ੍ਹਾਂ ਦੀਆਂ ਕਮਜ਼ੋਰੀਆਂ 'ਤੇ ਖੇਡਦੇ ਹਨ ਅਤੇ ਬੇਰਹਿਮੀ ਨਾਲ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਉਨ੍ਹਾਂ 'ਤੇ ਦੋਹਰੀ ਮਾਰ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਰਿਹਾਇਸ਼ ਲਈ ਕਾਫ਼ੀ ਰਕਮ ਅਦਾ ਕਰਨੀ ਪੈਂਦੀ ਹੈ ਅਤੇ ਜਿਸ ਸੰਸਥਾ ਵਿੱਚ ਉਹ ਦਾਖ਼ਲ ਹੁੰਦੇ ਹਨ, ਉੱਥੇ ਦੀ ਮੋਟੀ ਟਿਊਸ਼ਨ ਫੀਸ ਦਾ ਵਾਧੂ ਦਬਾਅ ਪੈਂਦਾ ਹੈ। ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਨਾਲੋਂ ਕਿਤੇ ਜ਼ਿਆਦਾ। ਉਨ੍ਹਾਂ ਲਈ ਕਾਫ਼ੀ ਔਖਾ ਅਨੁਭਵ ਹੁੰਦਾ ਹੈ। ਆਪਣਾ ਗੁਜ਼ਾਰਾ ਚਲਾਉਣ ਲਈ, ਉਹ ਰਿਹਾਇਸ਼ ਸਾਂਝੀ ਕਰਦੇ ਹਨ ਜਿੱਥੇ ਚਾਰ ਜਾਂ ਪੰਜ ਵਿਦਿਆਰਥੀ ਕਿਰਾਏ 'ਤੇ ਬੇਸਮੈਂਟਾਂ ਵਿੱਚ ਇਕੱਠੇ ਰਹਿੰਦੇ ਹਨ, ਜਿਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਘਰ ਪਿੱਛੇ ਮਾਤਾ-ਪਿਤਾ ਉਨ੍ਹਾਂ ਦੇ ਵਿਦੇਸ਼ ਭੇਜਣ ਲਈ ਲਏ ਕਰਜ਼ੇ ਦੀ ਅਦਾਇਗੀ ਕਰਨ ਲਈ ਉਨ੍ਹਾਂ ਤੋਂ ਪੈਸੇ ਭੇਜਣ ਦੀ ਉਡੀਕ ਕਰਦੇ ਹਨ। ਉਨ੍ਹਾਂ ਵਿਚੋਂ ਕੁਝ ਰਾਤ ਦੀਆਂ ਸਿਫਟਾਂ ਵਿੱਚ ਕੰਮ ਕਰਕੇ ਮਾਮੂਲੀ ਰਕਮ ਭੇਜਦੇ ਹਨ, ਜੋ ਕਾਫੀ ਨਹੀਂ ਹੁੰਦੀ।

ਇਹ ਸਭ ਕੁਝ ਬਹੁਤ ਸਾਰੇ ਮਾਮਲਿਆਂ ਵਿੱਚ ਖ਼ੁਦਕੁਸ਼ੀਆਂ ਦੇ ਦੁਖਦਾਈ ਰੁਝਾਨ ਵੱਲ ਲੈ ਜਾਂਦਾ ਹੈ, ਕਿਉਂਕਿ ਉਹ ਆਪਣੇ-ਆਪ ਨੂੰ ਸ਼ੈਤਾਨ ਅਤੇ ਡੂੰਘੇ ਸਮੁੰਦਰ ਦੇ ਵਿਚਕਾਰ ਫਸੇ ਮਹਿਸੂਸ ਕਰਦੇ ਹਨ। ਆਪਣੇ ਰੋਜ਼ਾਨਾਂ ਦੇ ਖਰਚਿਆਂ ਨੂੰ ਪੂਰਾ ਕਰਨ ਤੋਂ ਅਸਮਰੱਥ ਤੇ ਪਿੱਛੇ ਮਾਪਿਆਂ ਦੇ ਕਰਜ਼ੇ ਦੀ ਤਲਵਾਰ ਅਤੇ ਇਸ ਵਧਦੇ ਦਬਾਅ ਤੋਂ ਪੈਦਾ ਹੋਈ ਨਿਰਾਸ਼ਾ ਵਿੱਚ ਖ਼ੁਦਕੁਸ਼ੀ ਕਰਨ ਤੋਂ ਇਲਾਵਾ ਉਹ ਹੋਰ ਕੁਝ ਨਹੀਂ ਸੋਚਦੇ। ਕਿਉਂਕਿ ਸੁਰੰਗ ਦੇ ਅੰਤ ਤੱਕ ਕੋਈ ਰੌਸ਼ਨੀ ਦੀ ਕਿਰਨ ਉਨ੍ਹਾਂ ਨੂੰ ਨਹੀਂ ਦਿਖਾਈ ਦਿੰਦੀ; ਇਸ ਲਈ ਉਹ ਆਤਮ ਹੱਤਿਆ ਕਰਨ ਦੇ ਅਤਿਅੰਤ ਨੇੜੇ ਪਹੁੰਚ ਜਾਂਦੇ ਹਨ। ਇਕ ਵਾਰ ਜਦੋਂ ਉਹ ਅਣਸੁਖਾਵੇਂ ਹਾਲਾਤ ਦਾ ਸ਼ਿਕਾਰ ਹੋ ਜਾਂਦੇ ਹਨ, ਤਾਂ ਉਹਨਾਂ ਦੀਆਂ ਸਾਰੀਆਂ ਉਮੀਦਾਂ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਉਮੀਦਾਂ ਮਿੱਟੀ ਵਿੱਚ ਮਿਲ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਇਸ ਕਾਰਨ ਦੁੱਖ ਝੱਲਣਾ ਪੈਂਦਾ ਹੈ, ਕਿਉਂਕਿ ਕੈਨੇਡਾ ਵਿੱਚ ਮਹਿੰਗੇ ਪੜ੍ਹਾਈ ਦੇ ਖ਼ਰਚਿਆਂ, ਭਾਸ਼ਾ ਦੀ ਰੁਕਾਵਟ, ਸੱਭਿਆਚਾਰਕ ਮੁਸ਼ਕਿਲਾਂ ਅਤੇ ਰਿਹਾਇਸ਼ ਦੇ ਭਾਰੀ ਖਰਚਿਆਂ ਦਾ ਸਾਹਮਣਾ ਕਰਨ ਬਾਰੇ ਸਹੀ ਜਾਣਕਾਰੀ ਤੇ ਟ੍ਰੇਨਿੰਗ ਉਨ੍ਹਾਂ ਕੋਲ ਨਹੀਂ ਹੁੰਦੀ। ਉਹ ਆਪਣੇ ਆਪ ਨੂੰ ਪ੍ਰੇਸ਼ਾਨੀ ਵਿਚ ਫਸੇ ਮਹਿਸੂਸ ਕਰਦੇ ਹਨ ਅਤੇ ਹਨੇਰੇ ਵਿਚ ਘੁੰਮਦੇ ਰਹਿੰਦੇ ਹਨ। ਕੋਈ ਸਹਾਇਤਾ ਢਾਂਚਾ ਨਹੀਂ, ਕੋਈ ਤਣਾਅ-ਮੁਕਤ ਕਰਨ ਵਾਲਾ ਨਹੀਂ ਅਤੇ ਕੋਈ ਭਾਵਨਾਤਮਕ ਜਾਂ ਵਿੱਤੀ ਸਹਾਰਾ ਨਹੀਂ। (ਬਾਕੀ ਸਫ਼ਾ 31 'ਤੇ)



# ਬੋਹੜ ਦੀ ਛਾਂ ਵਰਗੇ ਹੁੰਦੇ ਨੇ ਬਜ਼ੁਰਗ

## ਬਿਰਧ ਘਰਾਂ 'ਚ ਬਜ਼ੁਰਗਾਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ

### ਇਕੱਲਤਾ ਦਾ ਸੰਤਾਪ ਹੰਢਾ ਰਹੇ ਹਨ ਬਜ਼ੁਰਗ ਮਾਪੇ

ਬਜ਼ੁਰਗ ਬੋਹੜ ਦੀ ਠੰਡੀ ਛਾਂ ਵਰਗੇ ਹੁੰਦੇ ਹਨ, ਜਿਹਨਾਂ ਨੇ ਆਪਣੀ ਜਵਾਨੀ ਅਤੇ ਅੱਧਖੜ ਉਮਰ ਆਪਣੇ ਬੱਚਿਆਂ ਦਾ ਸਹੀ ਕੈਰੀਅਰ ਬਣਾਉਣ ਵਿੱਚ ਲਗਾ ਦਿੱਤੀ ਹੁੰਦੀ ਹੈ ਅਤੇ ਆਪਣਾ ਸਭ ਕੁਝ ਪਰਿਵਾਰ ਲਈ ਵਾਰ ਦਿੱਤਾ ਹੁੰਦਾ ਹੈ, ਪਰ ਬੁਢਾਪੇ ਵਿੱਚ ਜਦੋਂ ਇਹਨਾਂ ਬਜ਼ੁਰਗਾਂ ਨੂੰ ਖੁਦ ਦੇਖਭਾਲ ਦੀ ਲੋੜ ਹੁੰਦੀ ਹੈ ਤਾਂ ਅਕਸਰ ਨੌਜਵਾਨ ਬੱਚਿਆਂ ਵੱਲੋਂ ਬਜ਼ੁਰਗਾਂ ਦੀ ਸਹੀ ਦੇਖਭਾਲ ਕਰਨ ਦੀ ਥਾਂ ਉਹਨਾਂ ਨੂੰ ਬਿਰਧ ਘਰਾਂ 'ਚ ਛੱਡ ਦਿੱਤਾ ਜਾਂਦਾ ਹੈ ਜਾਂ ਬਜ਼ੁਰਗ ਘਰ ਦੇ ਕਿਸੇ ਨੁਕਰ 'ਚ ਪਏ ਆਪਣਾ ਅੰਤਮ ਸਮਾਂ ਉਡੀਕਦੇ ਰਹਿੰਦੇ ਹਨ।

ਅੱਜ ਸਾਡੇ ਪੰਜਾਬ ਦਾ ਇਹ ਹਾਲ ਹੋ ਗਿਆ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪੜ੍ਹਾਈ ਅਤੇ ਰੁਜ਼ਗਾਰ ਖਾਤਰ ਵਿਦੇਸ਼ ਚਲੇ ਗਏ ਹਨ ਅਤੇ ਜਾ ਰਹੇ ਹਨ। ਪਿੱਛੇ ਘਰਾਂ 'ਚ ਸਿਰਫ ਉਹਨਾਂ ਦੇ ਅੱਧਖੜ ਮਾਪੇ ਜਾਂ ਬਜ਼ੁਰਗ ਰਹਿ ਗਏ ਹਨ। ਪੁੱਤਰਾਂ ਅਤੇ ਧੀਆਂ ਦੇ ਵਿਦੇਸ਼ ਜਾਣ ਤੋਂ ਬਾਅਦ ਬਜ਼ੁਰਗ ਮਾਪੇ ਇੱਕਲਤਾ ਦਾ ਸੰਤਾਪ ਹੰਡਾ ਰਹੇ ਹਨ। ਕਈ ਬਜ਼ੁਰਗ ਤਾਂ ਇੱਕਲੇ ਰਹਿਣ ਕਰਕੇ ਚਿੜਚਿੜੇ ਵੀ ਹੋ ਰਹੇ ਹਨ।

ਆਪਣੀ ਪੜ੍ਹਾਈ ਪੂਰੀ ਕਰਨ ਅਤੇ ਆਪਣਾ ਕੈਰੀਅਰ ਬਣਾਉਣ ਵਿੱਚ ਰੁਝੇ ਹੋਏ ਨੌਜਵਾਨ ਬੱਚੇ ਆਪਣੇ ਬਜ਼ੁਰਗਾਂ ਨੂੰ ਇੱਕ ਤਰਾਂ ਭੁੱਲ ਜਾਂਦੇ ਹਨ। ਜਾਂ ਵੱਡੀ ਗਿਣਤੀ ਲੋਕ ਆਪਣੇ ਬਜ਼ੁਰਗਾਂ ਨੂੰ ਕਿਸੇ ਬਿਰਧ ਘਰ ਵਿੱਚ ਛੱਡ ਜਾਂਦੇ ਹਨ। ਇਸ ਤਰਾਂ ਬਜ਼ੁਰਗ ਆਪਣੇ ਪਰਿਵਾਰ ਤੋਂ ਦੂਰ ਜਿੰਦਗੀ ਦੀ ਸ਼ਾਮ ਨੂੰ ਅਣਮੰਨੇ ਢੰਗ ਨਾਲ ਮਾਣਦੇ ਹਨ ਅਤੇ ਆਪਣੇ ਪਰਿਵਾਰ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਹਨ।

ਪੰਜਾਬੀ ਵਿੱਚ ਕਹਾਵਤ ਹੈ ਕਿ ਜੇ ਘਰ ਦੀ ਦੇਹਲੀ 'ਤੇ ਬਜ਼ੁਰਗ ਦੀ ਜੁੱਤੀ ਪਈ ਹੋਵੇ ਤਾਂ ਕੋਈ ਕੁੱਤਾ ਬਿਲਾ ਘਰ ਵੱਲ ਵੇਖਣ ਦੀ ਹਿੰਮਤ ਨਹੀਂ ਕਰਦਾ। ਜਿਸ ਘਰ ਵਿੱਚ ਬਜ਼ੁਰਗ ਹੁੰਦੇ ਹਨ, ਉਹਨਾਂ ਨੂੰ ਕਿਸੇ ਸਿਆਣੇ ਕੋਲ ਜਾਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਬਜ਼ੁਰਗ ਵੀ ਆਪਣੀ ਉਮਰ ਅਤੇ ਤਜ਼ਰਬੇ ਕਰਕੇ ਬਹੁਤ ਸਿਆਣੇ ਹੋ ਜਾਂਦੇ ਹਨ। ਬਜ਼ੁਰਗਾਂ ਨੂੰ ਆਪਣੀ ਉਮਰ ਭਰ ਦਾ ਤਜਰਬਾ ਹੁੰਦਾ ਹੈ ਅਤੇ ਠੀਕ ਗਲਤ ਦੀ ਪੂਰੀ ਪਹਿਚਾਣ ਹੁੰਦੀ ਹੈ। ਇਸੇ ਕਾਰਨ ਜਿਹੜੇ ਘਰਾਂ ਵਿੱਚ ਬਜ਼ੁਰਗ ਹੁੰਦੇ ਹਨ, ਉਥੇ ਸ਼ਾਂਤੀ ਰਹਿੰਦੀ ਹੈ।

ਪੰਜਾਬ ਦੇ ਹਰ ਸ਼ਹਿਰ, ਕਸਬੇ ਅਤੇ ਪਿੰਡ ਵਿੱਚ ਵੱਡੀ ਗਿਣਤੀ ਘਰ ਅਜਿਹੇ ਹਨ, ਜਿਹਨਾਂ ਦੇ ਨੌਜਵਾਨ ਵਸਨੀਕ ਵਿਦੇਸ਼ ਉਡਾਰੀ ਮਾਰ ਗਏ ਹਨ ਅਤੇ ਘਰਾਂ ਵਿੱਚ ਸਿਰਫ਼ ਬਜ਼ੁਰਗ ਰਹਿ ਗਏ ਹਨ। ਭਾਵੇਂ ਕਿ ਵਿਦੇਸ਼ ਗਏ ਬੱਚਿਆਂ ਵੱਲੋਂ ਆਪਣੇ ਬਜ਼ੁਰਗਾਂ ਲਈ ਹਰ ਤਰਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਗਈਆਂ ਹਨ ਪਰ ਇਸਦੇ ਬਾਵਜੂਦ ਬਜ਼ੁਰਗਾਂ ਨੂੰ ਇੱਕਲਤਾ ਦਾ ਸੰਤਾਪ ਹੰਡਾਉਣਾ ਪੈਂਦਾ ਹੈ। ਅਕਸਰ ਨਿੱਕੇ ਮੋਟੇ ਕੰਮਾਂ ਲਈ ਵੀ ਬਜ਼ੁਰਗਾਂ ਨੂੰ ਆਂਢ ਗੁਆਂਢ ਦੇ ਬੱਚਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ।

ਰੋਡਵੇਜ਼ ਦੀ ਖਟਾਰਾ ਬੱਸ ਵਾਂਗੂ ਬਜ਼ੁਰਗਾਂ ਦੀ ਜਿੰਦਗੀ ਦਾ ਵੀ ਕੁਝ ਪਤਾ ਨਹੀਂ ਹੁੰਦਾ ਕਿ ਕਿਸ ਸਮੇਂ ਉਹਨਾਂ ਦੇ ਸਾਹ ਰੁਕ ਜਾਣੇ ਹਨ, ਇਸ ਲਈ ਬਜ਼ੁਰਗਾਂ ਨੂੰ ਵਿਸ਼ੇਸ਼ ਧਿਆਨ ਨਾਲ ਰੱਖਣ ਦੀ ਲੋੜ ਹੁੰਦੀ ਹੈ। ਬਜ਼ੁਰਗ ਆਪਣੇ ਬੱਚਿਆਂ ਦੀ ਖੁਸ਼ਹਾਲ ਜਿੰਦਗੀ ਲਈ ਬੁਢਾਪਾ ਵੀ ਕੁਰਬਾਨ ਕਰ ਦਿੰਦੇ ਹਨ, ਅਜਿਹੇ ਬਜ਼ੁਰਗਾਂ ਨੇ ਪਹਿਲਾਂ ਆਪਣੀ ਜਵਾਨੀ ਵੀ ਬੱਚਿਆਂ ਦਾ ਕੈਰੀਅਰ ਬਣਾਉਣ ਲਈ ਕੁਰਬਾਨ ਕੀਤੀ ਹੁੰਦੀ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਜਿਹੜੇ ਘਰਾਂ ਦ ਨੌਜਵਾਨ ਵਿਦੇਸ਼ ਗਏ ਹੋਏ ਹਨ, ਉਹਨਾਂ ਦੇ ਬਜ਼ੁਰਗ ਅਕਸਰ ਗੁਆਂਢੀਆਂ ਦੇ ਮੋਢਿਆਂ 'ਤੇ ਹੀ ਸ਼ਮਸ਼ਾਨ ਘਰ ਪਹੁੰਚਦੇ ਹਨ। ਇਹ ਅੱਜ ਦੇ ਪੰਜਾਬ ਦੀ ਸੱਚਾਈ ਹੈ।

ਬੁਢਾਪੇ ਨੂੰ ਜ਼ਿੰਦਗੀ ਦਾ ਆਖ਼ਰੀ ਪੜਾਅ ਮੰਨਿਆ ਜਾਂਦਾ ਹੈ। ਇਸ ਪੜਾਅ ਤਕ ਪਹੁੰਚਦਿਆਂ ਵਿਅਕਤੀ ਜੀਵਨ ਦੇ ਅਨੇਕਾਂ ਰੰਗ ਵੇਖ ਚੁੱਕਾ ਹੁੰਦਾ ਹੈ। ਹਰ ਖ਼ੁਸ਼ੀ-ਗਮੀ ਅਤੇ ਉਤਰਾਅ-ਚੜ੍ਹਾਅ ਨੂੰ ਆਪਣੇ ਪਿੰਡੇ ਉੱਤੇ ਹੰਢਾਅ ਕੇ ਤਜਰਬਿਆਂ ਦੀ ਖਾਣ ਬਣ ਚੁੱਕਾ ਹੁੰਦਾ ਹੈ। ਉਸ ਨੇ ਬੀਤੇ ਸਮੇਂ ਦੀਆਂ ਸਿਆਣਪਾਂ ਨਾਲ ਆਪਣੀ ਸੂਝ ਨੂੰ ਚਮਕਾਇਆ ਹੁੰਦਾ ਹੈ। ਜੀਵਨ ਦੇ ਇਸ ਪੜਾਅ ਉੱਤੇ ਪਹੁੰਚ ਕੇ ਵਿਅਕਤੀ ਆਪਣੇ ਪਰਿਵਾਰ ਅਤੇ ਜ਼ਮੀਨ-ਜਾਇਦਾਦ ਬਾਰੇ ਜ਼ਿਆਦਾ ਫ਼ਿਕਰਮੰਦ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਕਿਸੇ ਗ਼ਲਤੀ ਕਾਰਨ ਪਰਿਵਾਰ ਟੁੱਟ ਨਾ ਜਾਵੇ ਜਾਂ ਜਾਇਦਾਦ ਕਿਧਰੇ ਖੁੱਸ ਨਾ ਜਾਵੇ। ਦੂਜੇ ਪਾਸੇ ਪਰਿਵਾਰ ਇਸ ਨੂੰ ਵਿਅਰਥ ਦੀ ਚਿੰਤਾ ਤੇ ਟੋਕਾ-ਟਾਕੀ ਦੱਸ ਕੇ ਚੁੱਪ ਰਹਿਣ ਦੀ ਤਾਕੀਦ ਕਰਦਾ ਹੈ। ਇਸ ਕਾਰਨ ਹੀ ਦੋਵਾਂ ਧਿਰਾਂ ਦੇ ਵਿਚਾਰਾਂ ਦਾ ਟਕਰਾਓ ਹੁੰਦਾ ਹੈ। ਕਈ ਪਰਿਵਾਰਾਂ ਵਿੱਚ ਬਜ਼ੁਰਗਾਂ ਦੀ ਸੰਭਾਲ ਉਦੋਂ ਤਕ ਹੀ ਹੁੰਦੀ ਹੈ ਜਦੋਂ ਤਕ ਬਜ਼ੁਰਗ ਆਪਣੀ ਜ਼ਮੀਨ ਜਾਇਦਾਦ ਧੀਆਂ ਪੁੱਤਰਾਂ ਦੇ ਨਾਮ ਨਹੀਂ ਕਰ ਦਿੰਦੇ। ਜਦੋਂ ਜਾਇਦਾਦ ਧੀਆਂ ਪੁੱਤਰਾਂ ਦੇ ਨਾਂਅ ਹੋ ਜਾਂਦੀ ਹੈ ਤਾਂ ਅਕਸਰ ਧੀਆਂ ਪੁੱਤਰਾਂ ਨੂੰ ਆਪਣੇ ਬਜ਼ੁਰਗ ਹੀ ਬੋਝ ਲੱਗਣ ਲੱਗਦੇ ਹਨ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਘਰ ਦੀ ਵੰਡ ਵੇਲੇ ਜ਼ਮੀਨ ਜਾਇਦਾਦ ਦੇ ਨਾਲ ਪੁੱਤਰਾਂ ਵੱਲੋਂ ਬਜ਼ੁਰਗ ਮਾਪਿਆਂ ਨੂੰ ਵੀ ਵੰਡ ਲਿਆ ਜਾਂਦਾ ਹੈ। ਬਜ਼ੁਰਗ ਮਾਂ ਨੂੰ ਸ਼ਹਿਰ ਰਹਿੰਦਾ ਪੁੱਤਰ ਤੇ ਉਸਦੀ ਪਤਨੀ ਇਹ ਸੋਚ ਕੇ ਆਪਣੇ ਨਾਲ ਲੈ ਜਾਂਦੇ ਹਨ ਕਿ ਸ਼ਹਿਰ ਵਿੱਚ ਨੌਕਰਾਣੀ ਮਿਲਣੀ ਮੁਸ਼ਕਿਲ ਹੈ ਅਤੇ ਬਜ਼ੁਰਗ ਮਾਂ ਘਰ ਦੀ ਦੇਖਭਾਲ ਕਰਨ ਦੇ ਨਾਲ



ਸਫ਼ਾਈ ਆਦਿ ਵੀ ਕਰਦੀ ਰਹੇਗੀ। ਜਦੋਂ ਕਿ ਪਿੰਡ ਵਿੱਚ ਰਹਿੰਦਾ ਪੁੱਤਰ ਬਾਪੂ ਨੂੰ ਇਸ ਕਰਕੇ ਰੱਖ ਲੈਂਦਾ ਹੈ ਕਿ ਬਾਪੂ ਡੰਗਰਾਂ ਨੂੰ ਦਾਣਾ ਅਤੇ ਪੱਠੇ ਆਦਿ ਸਮੇਂ ਸਿਰ ਪਾ ਦਿਆ ਕਰੇਗਾ। ਇਸ ਤਰਾਂ ਬੁਢਾਪੇ ਵਿੱਚ ਪਤੀ ਪਤਨੀ ਵੀ ਧੀਆਂ ਪੁੱਤਰਾਂ ਦੇ ਮੁਹਤਾਜ ਬਣਕੇ ਰਹਿ ਜਾਂਦੇ ਹਨ ਅਤੇ ਇਕ ਦੂਜੇ ਨੂੰ ਮਿਲਣ ਲਈ ਤਰਸਦੇ ਹਨ।

ਅੱਜ ਦੇ ਪੰਜਾਬ ਵਿੱਚ ਹਾਲ ਇਹ ਹੋ ਗਿਆ ਹੈ ਕਿ ਜੇ ਬਜ਼ੁਰਗ ਆਪਣੇ ਜਵਾਨ ਬੱਚਿਆਂ ਨੂੰ ਜਿੰਦਗੀ ਦੀ ਸਹੀ ਸੇਧ ਦੇਣ ਲਈ ਕੁਝ ਬੋਲਦੇ ਹਨ ਤਾਂ ਬਜ਼ੁਰਗਾਂ ਦੇ ਬੋਲਾਂ ਨੂੰ 'ਕਾਂਵਾ-ਰੌਲੀ' ਦਾ ਨਾਂ ਦਿੱਤਾ ਜਾਂਦਾ ਹੈ। ਅੱਜ ਪੰਜਾਬ ਦੇ ਹਰ ਇਲਾਕੇ ਵਿੱਚ ਵੱਡੀਆਂ ਆਲੀਸ਼ਾਨ ਕੋਠੀਆਂ ਨਜ਼ਰ ਆਉਂਦੀਆਂ ਹਨ ਪਰ ਬਹੁਤ ਦੁੱਖ ਦੀ ਗੱਲ ਹੈ ਕਿ ਇਹਨਾਂ ਆਲੀਸ਼ਾਨ ਅਤੇ ਮਹੱਲਾਂ ਵਰਗੀਆਂ ਕੋਠੀਆਂ ਵਿੱਚ ਬਜ਼ੁਰਗਾਂ ਦੇ ਰਹਿਣ ਲਈ ਕੋਈ ਥਾਂ ਨਹੀਂ ਹੁੰਦੀ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਬਜ਼ੁਰਗਾਂ ਦਾ ਮੰਜਾ ਵਾਧੂ ਸਾਮਾਨ ਵਾਲੇ ਕਮਰੇ ਵਿੱਚ ਲਗਾ ਦਿੱਤਾ ਜਾਂਦਾ ਹੈ ਤਾਂ ਕਿ ਪਰਿਵਾਰ ਦੇ ਦੂਜੇ ਮੈਂਬਰ ਪ੍ਰੇਸ਼ਾਨ ਨਾ ਹੋਣ। ਇਸ ਤੋਂ ਇਲਾਵਾ ਕਈ ਆਲੀਸ਼ਾਨ ਘਰਾਂ ਵਿਚ ਬਜ਼ੁਰਗਾਂ ਦਾ ਮੰਜਾ ਬਰਾਂਡੇ ਵਿੱਚ ਲਗਾਇਆ ਹੁੰਦਾ ਹੈ, ਜਿਸ ਕਾਰਨ ਬਜ਼ੁਰਗ ਹਰ ਰੁੱਤ ਦਾ ਅਸਰ ਉਸ ਬਰਾਂਡੇ ਵਿੱਚ ਹੀ ਵੇਖਦੇ ਹਨ।

ਹੁਣ ਇਥੇ ਉਹਨਾਂ ਬਜ਼ੁਰਗਾਂ ਦੀ ਗਲ ਕਰਨੀ ਜ਼ਰੂਰੀ ਹੈ ਜਿਹੜੇ ਬਜ਼ੁਰਗਾਂ ਦੇ ਨੌਜਵਾਨ ਪੁੱਤਰ ਪੰਜਾਬ ਦੇ ਕਾਲੇ ਦੌਰ ਦਾ ਗ੍ਰਾਸ ਬਣ ਗਏ ਅਤੇ ਸ਼ਹੀਦੀ ਪਾ ਗਏ ਜਾਂ (ਬਾਕੀ ਸਫ਼ਾ 29 'ਤੇ)

# ਕਈ ਪੱਛਮੀ ਦੇਸ਼ਾਂ ਵਿੱਚ ਭਾਰਤੀ ਕਰ ਸਕਦੇ ਨੇ ਮੁਫ਼ਤ ਪੜ੍ਹਾਈ

ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦਾ ਕ੍ਰੇਜ਼ ਵੱਧ ਰਿਹਾ ਹੈ, ਖਾਸ ਕਰਕੇ ਉੱਚ ਸਿੱਖਿਆ ਲਈ ਬਹੁਤ ਸਾਰੇ ਵਿਦਿਆਰਥੀ ਦੇਸ਼ ਤੋਂ ਬਾਹਰ ਜਾਣਾ ਚਾਹੁੰਦੇ ਹਨ। ਸਭ ਤੋਂ ਵੱਧ ਮੰਗ ਯੂ.ਕੇ., ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾਣ ਦੀ ਹੈ। ਕਿਰਗਿਸਤਾਨ, ਉਜ਼ਬੇਕਿਸਤਾਨ ਅਤੇ ਰੂਸ ਜਾਣ ਵਾਲੇ ਲੋਕ ਵੀ ਘੱਟ ਨਹੀਂ ਹਨ, ਇੱਥੇ ਜਾਣ ਵਾਲੇ ਲੋਕਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਕਈ ਵਾਰ ਵਿਦਿਆਰਥੀਆਂ ਦਾ ਵੀਜ਼ਾ ਵੀ ਨਹੀਂ ਮਿਲਦਾ। ਇਸੇ ਲਈ ਵੀਜ਼ੇ ਦੇ ਨਾਂ 'ਤੇ ਉਹ ਠੱਗੀ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਅਤੇ ਮੋਟੀਆਂ ਫੀਸਾਂ ਵੀ ਭਰਦੇ ਹਨ।ਦੁਨੀਆ ਵਿੱਚ ਕੁਝ ਦੇਸ਼ ਅਜਿਹੇ ਹਨ ਜਿੱਥੇ ਭਾਰਤੀ ਵਿਦਿਆਰਥੀਆਂ ਤੋਂ ਪੜ੍ਹਾਈ ਲਈ ਕੋਈ ਫੀਸ ਨਹੀਂ ਲਈ ਜਾਂਦੀ। ਆਓ ਜਾਣਦੇ ਹਾਂ ਉਨ੍ਹਾਂ ਦੇਸ਼ਾਂ ਬਾਰੇ।

ਨਾਰਵੇ: ਇੱਕ ਅਜਿਹਾ ਦੇਸ਼ ਹੈ ਜਿਸ ਵਿੱਚ ਪੜ੍ਹਾਈ ਲਈ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਇੱਥੇ ਸਿਰਫ਼ ਭਾਰਤੀ ਹੀ ਨਹੀਂ ਸਗੋਂ ਕਿਸੇ ਹੋਰ ਦੇਸ਼ ਦੇ



ਵਿਦਿਆਰਥੀਆਂ ਨੂੰ ਫੀਸ ਨਹੀਂ ਦੇਣੀ ਪੈਂਦੀ। ਖਾਸ ਗੱਲ ਇਹ ਹੈ ਕਿ ਨਾਰਵੇ ਦੀ ਸਰਕਾਰ ਉਚੇਰੀ ਸਿੱਖਿਆ ਲਈ ਸਕਾਲਰਸ਼ਿਪ ਵੀ ਦਿੰਦੀ ਹੈ। ਓਸਲੋ ਯੂਨੀਵਰਸਿਟੀ, ਯੂਨੀਵਰਸਿਟੀ ਅਤੇ ਸਟੈਵੈਂਜਰ ਅਤੇ ਐਨਐਚਐਚ ਸਕੂਲ ਆਫ਼ ਇਕਨਾਮਿਕਸ ਸਮੇਤ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜਿੱਥੇ ਹਰ ਵਿਦਿਆਰਥੀ ਪੜ੍ਹਨਾ ਚਾਹੁੰਦਾ ਹੈ।

ਚੈੱਕ ਗਣਰਾਜ: ਯੂਰਪ ਦਾ ਦਿਲ ਕਹੇ ਜਾਣ ਵਾਲੇ ਇਸ ਦੇਸ਼ ਵਿੱਚ ਵਿਦਿਆਰਥੀਆਂ ਤੋਂ ਪੜ੍ਹਾਈ ਲਈ ਕੋਈ ਫੀਸ ਨਹੀਂ ਲਈ ਜਾਂਦੀ, ਪਰ ਇਸਦੇ ਲਈ ਇੱਥੋਂ ਦੀ ਸਥਾਨਕ ਭਾਸ਼ਾ ਨੂੰ ਸਮਝਣਾ ਜ਼ਰੂਰੀ ਹੈ। ਚੈੱਕ ਟੈਕਨੀਕਲ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਸੈਡ ਬੋਹੇਮੀਆ ਅਤੇ ਮਾਸਰਿਕ ਯੂਨੀਵਰਸਿਟੀ ਇੱਥੋਂ ਦੀਆਂ ਚੋਟੀ ਦੀਆਂ ਵਿਦਿਅਕ ਸੰਸਥਾਵਾਂ ਚੋਂ ਹਨ।ਸਵੀਡਨ: ਜੇਕਰ ਤੁਸੀਂ ਇਸ ਦੇਸ਼ ਵਿੱਚ ਪੀਐਚਡੀ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਕੋਈ ਫੀਸ ਨਹੀਂ ਦੇਣੀ ਪਵੇਗੀ, ਪਰ ਜੇਕਰ ਤੁਸੀਂ ਇੱਥੇ ਗ੍ਰੈਜੂਏਸ਼ਨ ਲਈ ਜਾਂਦੇ ਹੋ ਤਾਂ ਯੂਨੀਅਨ ਅਤੇ ਸਵਿਟਜ਼ਰਲੈਂਡ ਤੋਂ ਇਲਾਵਾ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਤੋਂ ਬਹੁਤ ਘੱਟ ਟਿਊਸ਼ਨ ਫੀਸ ਲਈ ਜਾਂਦੀ ਹੈ।

ਫਿਨਲੈਂਡ: ਇਹ ਇੱਕ ਅਜਿਹਾ ਦੇਸ਼ ਹੈ ਜੋ ਨਾ ਸਿਰਫ ਭਾਰਤੀਆਂ ਨੂੰ ਬਲਕਿ ਦੁਨੀਆ ਦੇ ਸਾਰੇ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦਿੰਦਾ ਹੈ। ਇੱਥੇ ਕੁਝ ਯੂਨੀਵਰਸਿਟੀਆਂ ਵਿਦਿਆਰਥੀ ਤੋਂ ਉਦੋਂ ਹੀ ਟਿਊਸ਼ਨ ਫੀਸ ਲੈਂਦੀਆਂ ਹਨ ਜਦੋਂ ਉਹ ਅੰਗਰੇਜ਼ੀ ਭਾਸ਼ਾ ਵਿੱਚ ਕਲਾਸਾਂ ਲੈਣਾ ਚਾਹੁੰਦਾ ਹੈ। ਡਾਇਕੋਨੀਆ ਯੂਨੀਵਰਸਿਟੀ, ਯੂਨੀਵਰਸਿਟੀ ਆਫ ਇੰਟਰਨਲ ਫਿਨਲੈਂਡ ਸਮੇਤ ਇੱਥੇ ਬਹੁਤ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਹਨ।

ਸਪੇਨ: ਆਪਣੇ ਵਿਲੱਖਣ ਸੱਭਿਆਚਾਰ ਲਈ ਦੁਨੀਆ ਭਰ ਵਿੱਚ ਜਾਣਿਆ ਜਾਣ ਵਾਲਾ ਇਹ ਦੇਸ਼ ਵੀ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੈ। ਸਪੇਨ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਕੋਈ ਫੀਸ ਨਹੀਂ ਦਿੰਦਾ ਹੈ। ਇਸ ਤੋਂ ਇਲਾਵਾ ਬਾਰਲੀਸੋਨਾ ਯੂਨੀਵਰਸਿਟੀ, ਨਵੇਰਾ ਯੂਨੀਵਰਸਿਟੀ ਸਮੇਤ ਹੋਰ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ।

ਬ੍ਰਾਜ਼ੀਲ:ਬ੍ਰਾਜ਼ੀਲ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਵੀ ਇੱਕ ਵਧੀਆ ਬਦਲ ਹੈ, ਇਹ ਦੇਸ਼ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਵੀ ਪ੍ਰਦਾਨ ਕਰਦਾ ਹੈ, ਪਰ ਇਸਦੇ ਲਈ ਪੁਰਤਗਾਲੀ ਪ੍ਰੀਖਿਆ ਵਿੱਚ ਬੈਠਣਾ ਬਹੁਤ ਜ਼ਰੂਰੀ ਹੈ। ਕੁਝ ਪ੍ਰਾਈਵੇਟ ਯੂਨੀਵਰਸਿਟੀਆਂ ਵਿਦਿਆਰਥੀਆਂ ਤੋਂ ਸਿਰਫ਼ ਰਜਿਸਟ੍ਰੇਸ਼ਨ ਫੀਸ ਵਸੂਲਦੀਆਂ ਹਨ ਜੇਕਰ ਉਹ ਪੁਰਤਗਾਲੀ ਪ੍ਰੀਖਿਆ ਪਾਸ ਕਰਦੇ ਹਨ। ਖਾਸ ਗੱਲ ਇਹ ਹੈ ਕਿ ਇਸ ਦੇਸ਼ 'ਚ ਖਾਣਾ, ਰਹਿਣ-ਸਹਿਣ ਅਤੇ ਆਵਾਜਾਈ ਸਭ ਕੁਝ ਸਸਤਾ ਹੈ।

# ਕੀ ਸੱਚਮੁੱਚ 'ਹਿਮ ਮਾਨਵ' ਰਹਿੰਦਾ ਹੈ ਹਿਮਾਲਿਆ ਪਰਬਤ 'ਤੇ ?

## ਯੇਤੀ (ਹਿਮ ਮਾਨਵ) ਬਾਰੇ ਦਾਅਵੇ, ਮਿਥ ਤੇ ਭਰਮ



ਬਲਰਾਜ ਸਿੰਘ ਸਿੱਧੂ

ਪਿਛਲੇ ਸਾਲ ਅਮਰੀਕੀ ਪਰਬਤਾਰੋਹੀਆਂ ਦੇ ਇਕ ਦਲ ਨੇ ਇੱਕ ਬਿਆਨ ਜਾਰੀ ਕਰ ਕੇ ਸਦੀਆਂ ਤੋਂ ਚਲਦੀ ਆ ਰਹੀ ਇਸ ਬਹਿਸ ਨੂੰ ਦੁਬਾਰਾ ਹਵਾ ਦੇ ਦਿੱਤੀ ਹੈ ਕਿ ਯੇਤੀ ਦੀ ਕੋਈ ਹੋਂਦ ਹੈ ਜਾਂ ਨਹੀਂ ? ਉਹਨਾਂ ਨੇ ਦਾਅਵਾ ਕੀਤਾ ਕਿ ਨੇਪਾਲ ਵਿੱਚ ਸਥਿਤ ਮਾਊਂਟ ਮਕਾਲੂ (ਹਿਮਾਲੀਆ ਪਰਬਤ) ਸਰ ਕਰਨ ਸਮੇਂ ਉਹਨਾਂ ਨੇ 9 ਅਪਰੈਲ ਨੂੰ ਚੋਟੀ ਦੇ ਨਜ਼ਦੀਕ ਯੇਤੀ ਦੇ ਪੈਰਾਂ ਦੇ ਨਿਸ਼ਾਨ ਵੇਖੇ ਹਨ ਜੋ 32 ਇੰਚ ਲੰਬੇ ਅਤੇ 15 ਇੰਚ ਚੌੜੇ ਹਨ। ਉਸ ਦਲ ਨੇ ਉਸ ਦੀਆਂ ਫੋਟੋਆਂ ਵੀ ਅਖ਼ਬਾਰਾਂ ਲਈ ਜਾਰੀ ਕੀਤੀਆਂ ਸਨ। ਖੈਰ ਜੀਵ ਵਿਗਿਆਨੀ ਅਜੇ ਇਸ ਮਾਮਲੇ ਦੀ ਘੋਖ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਅਨੇਕਾਂ ਵਾਰ ਅਜਿਹੇ ਦਾਅਵੇ ਕੀਤੇ ਗਏ ਸਨ ਪਰ ਉਹ ਨਿਸ਼ਾਨ ਪਹਾੜੀ ਹਿਰਨਾਂ, ਤੇਂਦੂਏ ਅਤੇ ਰਿੱਛਾਂ ਆਦਿ ਦੇ ਨਿਕਲੇ ਸਨ। ਆਖਰ ਕੀ ਹੈ ਯੇਤੀ ਜਿਸ ਦੇ ਹੋਣ ਜਾਂ ਨਾ ਹੋਣ ਬਾਰੇ ਲੋਕ ਐਨੇ ਭਾਵਕ ਹੋ ਜਾਂਦੇ ਹਨ ?



ਯੇਤੀ ਨੇਪਾਲੀ ਅਤੇ ਤਿੱਬਤੀ ਲੋਕ ਕਥਾਵਾਂ ਦਾ ਇੱਕ ਚਰਿੱਤਰ ਹੈ, ਜਿਸ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ ਹਿਮਾਲੀਆ ਦੀਆਂ ਹਜ਼ਾਰਾਂ ਮੀਟਰ ਉੱਚੀਆਂ ਬਰਫ਼ੀਲੀਆਂ ਵਾਦੀਆਂ-ਗੁਫਾਵਾਂ ਵਿੱਚ ਰਹਿੰਦਾ ਹੈ। ਉਸ ਦਾ ਆਕਾਰ ਗੁਰੀਲੇ ਵਰਗਾ, ਪਰ ਸਫੇਦ ਰੰਗ ਦਾ ਹੈ, ਦੋ ਪੈਰਾਂ 'ਤੇ ਚੱਲਦਾ ਹੈ, ਕਦੇ ਵੀ ਇਨਸਾਨਾਂ ਦੇ ਸਾਹਮਣੇ ਨਹੀਂ ਆਉਂਦਾ ਤੇ ਸ਼ਾਕਾਹਾਰੀ ਹੈ। ਯੇਤੀ ਬਾਰੇ ਦੰਦ ਕਥਾਵਾਂ ਹਜ਼ਾਰਾਂ ਸਾਲਾਂ ਤੋਂ ਚੱਲ ਰਹੀਆਂ ਹਨ। ਬੁੱਧ ਗ੍ਰੰਥਾਂ ਵਿੱਚ ਵੀ ਯੇਤੀ ਦਾ ਵਰਨਣ ਮਿਲਦਾ ਹੈ। ਪੱਛਮੀ ਦੇਸ਼ਾਂ ਵਿੱਚ ਯੇਤੀ ਬਾਰੇ ਕਹਾਣੀਆਂ 19ਵੀਂ ਸਦੀ ਵਿੱਚ ਮਸ਼ਹੂਰ ਹੋਈਆਂ ਸਨ। ਭਾਵੇਂ ਇਸ ਨੂੰ ਅਤੇ ਇਸ ਦੇ ਪੈਰਾਂ ਦੇ ਨਿਸ਼ਾਨਾਂ ਨੂੰ ਵੇਖਣ ਦੇ ਸੈਂਕੜੇ ਦਾਅਵੇ ਕੀਤੇ ਗਏ ਹਨ, ਪਰ ਹੁਣ ਤੱਕ ਕੋਈ ਵੀ ਠੋਸ ਸਬੂਤ ਸਾਹਮਣੇ ਨਹੀਂ ਆਇਆ। ਯੇਤੀ ਤਿੱਬਤੀ ਭਾਸ਼ਾ ਦੇ ਸ਼ਬਦ ਯੀਪੀ ਤੋਂ ਵਿਗੜ ਕੇ ਬਣਿਆ ਹੈ, ਜਿਸ ਦਾ ਅਰਥ ਹੈ ਪਹਾੜੀ ਭਾਲੂ। ਇਸ ਤੋਂ ਇਲਾਵਾ ਇਸ ਨੂੰ ਤਿੱਬਤ ਅਤੇ ਨੇਪਾਲ ਵਿੱਚ ਮਿਗੋਈ, ਬਣ ਮਾਂਚੀ, ਮਿਰਕਾ ਅਤੇ ਕਾਂਗ ਮਾਨੁਸ਼ ਵੀ ਕਿਹਾ ਜਾਂਦਾ ਹੈ। ਯੇਤੀ ਦੇ ਪੈਰਾਂ ਦੇ ਨਿਸ਼ਾਨ ਵੇਖਣ ਦਾ ਸਭ ਤੋਂ ਪਹਿਲਾ ਦਾਅਵਾ 1899 ਈਸਵੀ ਵਿੱਚ ਬ੍ਰਿਟਿਸ਼ ਜੀਵ ਵਿਗਿਆਨੀ ਲਾਰੈਂਸ ਵੈਡਲ ਨੇ ਕੀਤਾ ਸੀ। ਉਸ ਨੇ ਹਿਮਾਲੀਆ ਵਿੱਚ ਬਹੁਤ ਵੱਡੇ ਪੈਰਾਂ ਦੇ ਨਿਸ਼ਾਨ ਵੇਖੇ ਜੋ ਉਸ ਨੇ ਭਾਲੂ ਦੇ ਸਮਝੇ ਪਰ ਉਸ ਦੇ ਨੇਪਾਲੀ ਗਾਈਡ ਨੇ ਦੱਸਿਆ ਕਿ ਇਹ ਹਿਮ ਮਾਨਵ ਯੇਤੀ ਦੇ ਹਨ। 1921 ਵਿੱਚ ਬ੍ਰਿਟਿਸ਼ ਮਿਲਟਰੀ ਅਫਸਰ ਲੈਫਟੀਨੈਂਟ ਕਰਨਲ ਚਾਰਲਸ ਹਾਵਰਡ ਬਰੀ ਨੇ ਵੀ ਆਪਣੀ ਰਿਪੋਰਟ ਵਿੱਚ 21000 ਫੁੱਟ ਦੀ ਉਚਾਈ 'ਤੇ ਲਾਪਕਾ ਲਾ ਦੱਰੇ ਨੇੜੇ ਯੇਤੀ ਪੈਰਾਂ ਦੇ ਨਿਸ਼ਾਨ ਵੇਖਣ ਬਾਰੇ ਦਾਅਵਾ ਕੀਤਾ।

20ਵੀਂ ਸਦੀ ਵਿੱਚ ਯੂਰਪੀਅਨਾਂ ਵੱਲੋਂ ਮਾਊਂਟ ਐਵਰੈਸਟ ਸਮੇਤ ਹਿਮਾਲੀਆ ਦੀਆਂ ਅਨੇਕਾਂ ਚੋਟੀਆਂ ਨੂੰ ਸਰ ਕਰਨ ਲਈ ਮੁਹਿੰਮਾਂ ਭੇਜੀਆਂ ਜਾਣ ਲੱਗੀਆਂ। ਇਸ ਨਾਲ ਯੇਤੀ ਨੂੰ ਵੇਖਣ ਦੇ ਦਾਅਵਿਆਂ ਵਿੱਚ ਵੀ ਹੜ੍ਹ ਆ ਗਿਆ। 1925 ਵਿੱਚ ਬ੍ਰਿਟਿਸ਼ ਜੀਵ ਵਿਗਿਆਨੀ ਐਨ.ਏ. ਟਾਮਬਾਜ਼ੀ ਨੇ ਲਿਖਿਆ ਕਿ ਉਸ ਨੇ ਜੈਅਮੂ ਗਲੇਸ਼ੀਅਰ ਨੇੜੇ 15000 ਫੁੱਟ ਦੀ ਉਚਾਈ 'ਤੇ, ਸਿਰਫ਼ 200-300 ਗਜ਼ ਦੀ ਦੂਰੀ ਤੋਂ ਕਰੀਬ ਇੱਕ ਮਿੰਟ ਤੱਕ ਯੇਤੀ ਨੂੰ ਵੇਖਿਆ। ਉਸ ਦੇ ਸਰੀਰ 'ਤੇ ਸੰਘਣੇ ਸਫ਼ੈਦ ਵਾਲ ਸਨ ਤੇ ਉਹ ਇਨਸਾਨਾਂ ਵਾਂਗ ਬਿਲਕੁਲ ਸਿੱਧਾ ਚੱਲ ਰਿਹਾ ਸੀ। ਕੁਝ ਦੇਰ ਬਾਅਦ ਟਾਮਬਾਜ਼ੀ ਨੇ ਉਸ ਦੇ ਪੈਰਾਂ ਦੇ ਨਿਸ਼ਾਨ ਵੇਖੇ ਜੋ ਇਨਸਾਨਾਂ ਵਰਗੇ ਹੀ ਸਨ ਤੇ ਕਰੀਬ 7 ਇੰਚ ਲੰਬੇ ਤੇ 4 ਇੰਚ ਚੌੜੇ ਸਨ। ਯੇਤੀ ਦੇ ਪੈਰਾਂ ਦੇ ਨਿਸ਼ਾਨਾਂ ਦੀਆਂ ਬਿਲਕੁਲ ਸਾਫ ਫੋਟੋਆਂ 1951 ਵਿੱਚ ਸਭ ਤੋਂ ਪਹਿਲਾਂ ਅਮਰੀਕੀ ਖੋਜੀ ਐਰਿਕ ਸ਼ਿਪਟਨ ਨੇ 20000 ਫੁੱਟ ਦੀ ਉਚਾਈ 'ਤੇ ਖਿੱਚੀਆਂ ਸਨ। ਇਹਨਾਂ ਫੋਟੋਆਂ ਬਾਰੇ ਵਿਗਿਆਨੀਆਂ ਵਿੱਚ ਸਭ ਤੋਂ ਜਿਆਦਾ ਬਹਿਸ ਹੋਈ ਹੈ। ਕਈ ਲੋਕ ਇਸ ਨੂੰ ਯੇਤੀ ਦੇ ਪੈਰਾਂ ਦੇ ਅਸਲੀ ਨਿਸ਼ਾਨ ਮੰਨਦੇ ਹਨ ਤੇ ਅਨੇਕਾਂ ਬਹੁਤ ਵੱਡਾ ਫਰਾਡ ਸਮਝਦੇ ਹਨ। 1953 ਵਿੱਚ ਸਰ ਐਡਮੰਡ ਹਿਲੇਰੀ ਅਤੇ ਸ਼ੇਰਪਾ ਤੇਨਜ਼ਿੰਗ ਨੋਰਗੇ ਨੇ ਮਾਊਂਟ ਐਵਰੈਸਟ ਦੀ ਚੜ੍ਹਾਈ ਦੌਰਾਨ ਯੇਤੀ ਦੇ ਪੈਰਾਂ ਵਰਗੇ ਵੱਡੇ ਨਿਸ਼ਾਨ ਵੇਖਣ ਦਾ ਦਾਅਵਾ ਕੀਤਾ ਸੀ।

ਤਿੱਬਤ ਦੇ ਖਾਮਜੰਗ ਮੱਠ ਵਿੱਚ ਇੱਕ ਪੁਰਾਣੀ ਖੋਪੜੀ ਪਈ ਹੈ ਜਿਸ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਯੇਤੀ ਦੀ ਹੈ। ਪਰ ਮੱਠ ਵਾਲੇ ਉਸ ਖੋਪੜੀ ਦਾ ਵਿਗਿਆਨਕ ਵਿਸ਼ਲੇਸ਼ਣ ਕਰਾਉਣ ਤੋਂ ਇਨਕਾਰ ਕਰਦੇ ਹਨ। ਇਸ ਤੋਂ ਇਲਾਵਾ ਹੁਣ ਤੱਕ ਅਨੇਕਾਂ ਲੋਕਾਂ ਨੇ ਯੇਤੀ ਦੀਆਂ ਖੋਪੜੀਆਂ, ਹੱਡੀਆਂ, ਵਾਲ, ਮਲ ਅਤੇ ਖੱਲ ਆਦਿ ਮਿਲਣ ਦਾ ਦਾਅਵਾ ਕੀਤਾ ਹੈ। ਪਰ ਵਿਗਿਆਨਕ ਪ੍ਰੀਖਣਾਂ ਵਿੱਚ ਇਹ ਯਾਕ, ਭਾਲੂ, ਗਾਵਾਂ ਅਤੇ ਬੱਕਰੀਆਂ-ਭੇਡਾਂ ਆਦਿ ਦੇ ਪਾਏ ਗਏ ਹਨ। ਅਸਲ ਵਿੱਚ ਯੇਤੀ ਦੀ ਕਹਾਣੀ ਇੱਕ ਲੋਕ ਕਥਾ ਹੀ ਹੈ ਜਿਸ ਨੂੰ ਬਹੁਤ ਹੀ ਵਧਾ ਚੜ੍ਹਾ ਕੇ ਦਰਸਾਇਆ ਗਿਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਸ ਦਾ ਨਿਵਾਸ ਸਥਾਨ ਹਿਮਾਲੀਆ ਹੋਣਾ ਹੈ। ਹਿਮਾਲੀਆ ਪਰਬਤ ਹਜ਼ਾਰਾਂ ਕਿ.ਮੀ. ਲੰਬਾ ਚੌੜਾ ਹੈ। ਇਸ ਲਈ ਇਹ ਵਿਸ਼ਵਾਸ ਕਰਨਾ ਸੌਖਾ ਹੋ ਜਾਂਦਾ ਹੈ ਕਿ ਯੇਤੀ ਇਸ ਦੀਆਂ ਵਿਸ਼ਾਲ ਵਾਦੀਆਂ ਅਤੇ ਗੁਫਾਵਾਂ ਵਿੱਚ ਕਿਤੇ ਵੀ ਛਿਪ ਸਕਦਾ ਹੈ। ਸੰਸਾਰ ਵਿੱਚ ਇਕੱਲਾ ਯੇਤੀ ਹੀ ਰਹੱਸਮਈ ਜੀਵ ਨਹੀਂ ਹੈ। ਅਨੇਕਾਂ ਦੇਸ਼ਾਂ ਵਿੱਚ ਅਜਿਹੇ ਜੀਵਾਂ ਬਾਰੇ ਕਹਾਣੀਆਂ ਪ੍ਰਚੱਲਿਤ ਹਨ ਜੋ ਕਦੇ ਵੀ ਵੇਖੇ ਨਹੀਂ ਗਏ। ਅਮਰੀਕਾ ਦਾ 9 ਫੁੱਟ ਉੱਚਾ ਗੁਰੀਲੇ ਵਰਗਾ ਜੀਵ ਬਿੱਗਫੁੱਟ, ਮੈਕਸੀਕੋ ਦਾ ਭੇਡਾਂ ਦਾ ਖ਼ੂਨ ਪੀਣ ਵਾਲਾ ਚੁਪਾਕਾਬਰਾ ਅਤੇ ਸਕਾਟਲੈਂਡ ਦਾ ਸਮੁੰਦਰੀ ਦਾਨਵ ਆਦਿ। ਇਹ ਠੀਕ ਹੈ ਧਰਤੀ ਅਤੇ ਸਮੁੰਦਰ ਦੇ ਅਨੇਕ ਜੀਵ ਅਜੇ ਲੱਭੇ ਜਾਣੇ ਬਾਕੀ ਹਨ, ਪਰ ਇਹ ਵੀ ਸੰਭਵ ਨਹੀਂ ਕਿ ਹਜ਼ਾਰਾਂ ਸਾਲ ਪੁਰਾਣਾ ਜੀਵ ਯੇਤੀ ਨਾ ਲੱਭੇ। ਇਸ ਲਈ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਅਜਿਹੇ ਗੈਰ ਵਿਗਿਆਨਕ, ਕਾਲਪਨਿਕ ਅਤੇ ਥੋਥੇ ਦਾਅਵੇ ਬਿਨਾਂ ਕਿਸੇ ਠੋਸ ਸਬੂਤ ਦੇ ਨਹੀਂ ਕਰਨੇ ਚਾਹੀਦੇ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਗੁਰੂ ਗ੍ਰੰਥ ਸਾਹਿਬ ਤੇ ਕੀਰਤਨ ਦੇ ਸਤਿਕਾਰ ਦਾ ਮਸਲਾ ਤੇ ਕਪਟੀ ਰਾਜਨੀਤੀ



ਤਲਵਿੰਦਰ ਸਿੰਘ ਬੁੱਟਰ

ਵੀਹਵੀ ਸਦੀ ਦੇ ਸ਼ੁਰੂ ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਛਾਪੇਖਾਨਿਆਂ ਵਿੱਚ ਹੋਣੀ ਨਵੀਂ-ਨਵੀਂ ਸ਼ੁਰੂ ਹੋਈ ਤਾਂ ਉਸ ਵੇਲੇ ਪੰਥ ਦੇ ਦਿਬਦ੍ਰਿਸ਼ਟ ਤੇ ਦੂਰਅੰਦੇਸ਼ ਗੁਰਮੁਖ ਜਨਾਂ ਨੇ ਇਸ ਦਾ ਵਿਰੋਧ ਕੀਤਾ ਸੀ ਕਿ ਭਵਿੱਖ ਵਿੱਚ ਇਸ ਵਰਤਾਰੇ ਨੇ ਸਿੱਖਾਂ ਦੇ ਜਾਗਤ-ਜੋਤ ਗੁਰੂ ਦਾ ਸਤਿਕਾਰ ਖ਼ਤਮ ਕਰ ਦੇਣਾ ਹੈ ਅਤੇ ਬੇਅਦਬੀਆਂ ਦਾ ਰਾਹ ਖੋਲ੍ਹ ਦੇਣਾ ਹੈ। ਕਿਉਂਕਿ ਇਸ ਤੋਂ ਪਹਿਲਾਂ ਪੰਥ ਵਿੱਚ ਹੱਥਲਿਖਤ ਸਰੂਪ ਹੀ ਉਪਲਬਧ ਸਨ ਅਤੇ ਹੱਥ-ਲਿਖਤ ਸਰੂਪ ਬੇਹੱਦ ਮਿਹਨਤ ਦੇ ਨਾਲ ਤਿਆਰ ਹੋਣ ਕਾਰਨ ਪੰਥ ਵਿੱਚ ਇਨ੍ਹਾਂ ਨੂੰ ਬੇਹੱਦ ਸਤਿਕਾਰ ਤੇ ਸੁਰੱਖਿਆ ਦੇ ਨਾਲ ਸੰਭਾਲਿਆ ਜਾਂਦਾ ਸੀ। ਆਧੁਨਿਕ ਵਿਚਾਰਾਂ ਵਾਲੇ ਨਵੀਨ ਸਿੱਖ ਵਿਚਾਰਕਾਂ ਅੱਗੇ ਪੁਰਾਤਨਤਾ ਦੇ ਮੁਦਈ ਗੁਰਮੁਖਾਂ ਦੀ ਇਕ ਨਾ ਚੱਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀ ਛਾਪੇਖਾਨਿਆਂ ਵਿੱਚ ਖੁੱਲ੍ਹਮ-ਖੁੱਲ੍ਹੀ ਛਪਾਈ ਦਾ ਰੁਝਾਨ ਸ਼ੁਰੂ ਹੋ ਗਿਆ। 1952 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸੰਗਤ ਵਿੱਚ ਮੰਗ ਵਧਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਛਾਪਣ ਦਾ ਸਿਲਸਿਲਾ ਆਰੰਭ ਕਰ ਦਿੱਤਾ।

ਵੀਹਵੀਂ ਸਦੀ ਦੇ ਅੱਧ ਦੌਰਾਨ ਹੀ ਨਿੱਜੀ ਅਤੇ ਵਪਾਰਕ ਛਾਪੇਖ਼ਾਨਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ (ਜੁੜਵੇਂ ਅੱਖਰਾਂ ਵਾਲੀ) ਗੁਰਬਾਣੀ ਦੇ ਸ਼ਬਦ-ਜੋੜਾਂ ਨੂੰ ਨਿਖੇੜ ਕੇ ਪਦ-ਛੇਦ ਸਰੂਪ ਛਾਪਣੇ ਸ਼ੁਰੂ ਕਰ ਦਿੱਤੇ ਗਏ, ਜਿਸ ਦਾ ਉਸ ਸਮੇਂ ਪ੍ਰਮੁੱਖ ਧਾਰਮਿਕ ਜਥੇਬੰਦੀਆਂ ਚੀਫ਼ ਖ਼ਾਲਸਾ ਦੀਵਾਨ (1945 ਵਿੱਚ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ (1950 ਵਿੱਚ) ਆਪਣੇ ਮਤਿਆਂ ਰਾਹੀਂ ਵਿਰੋਧ ਕੀਤਾ ਤੇ ਇਸ ਨੂੰ ਮਨਮਤਿ ਦਾ ਦਰਜਾ ਦਿੱਤਾ ਸੀ। ਪਰ ਇਸ ਰੁਝਾਨ ਨੂੰ ਠੱਲ੍ਹਿਆ ਨਹੀਂ ਜਾ ਸਕਿਆ ਅਤੇ ਵੱਖ-ਵੱਖ ਨਿੱਜੀ ਪ੍ਰਿੰਟਿੰਗ ਪ੍ਰੈੱਸਾਂ ਵਿੱਚ ਗੁਰਬਾਣੀ ਦੇ ਸ਼ਬਦਾਂ ਨੂੰ ਮਨਮਰਜ਼ੀ ਦੇ ਨਾਲ ਪਦ-ਛੇਦ ਕਰਨ ਦੇ ਨਾਲ ਹੀ ਵੱਖ-ਵੱਖ ਥਾਵਾਂ 'ਤੇ ਛਪੇ ਪਾਵਨ ਸਰੂਪਾਂ ਵਿੱਚ ਅਣਗਹਿਲੀ ਕਾਰਨ ਲਗਾ-ਮਾਤਰਾਂ, ਬਿੰਦੀਆਂ ਅਤੇ ਹੋਰ ਕਈ ਤਰ੍ਹਾਂ ਦੇ ਭਿੰਨ-ਭੇਦ ਉਜਾਗਰ ਹੋਣ ਲੱਗ ਪਏ। ਦੂਰਅੰਦੇਸ਼ ਗੁਰਮੁਖ ਜਨਾਂ ਦਾ ਪ੍ਰਗਟਾਇਆ ਤੌਖਲਾ ਸੱਚ ਹੋਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ ਫਰਕ ਅਤੇ ਮੌਲਿਕਤਾ ਨਾਲ ਛੇੜਛਾੜ ਦਾ ਮੁੱਢ ਇੱਥੋਂ ਹੀ ਬੱਝ ਗਿਆ। ਅੱਜ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ-ਬੇਅਦਬੀ ਦਾ ਅਸਹਿਣਯੋਗ ਵਰਤਾਰਾ ਚੱਲ ਰਿਹਾ ਹੈ, ਇਸ ਦਾ ਵੱਡਾ ਕਾਰਨ ਵੀ ਛਾਪੇਖਾਨਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਾਰਨ ਸਰੂਪਾਂ ਦੀ ਸਹਿਜੇ ਹੀ ਉਪਲਬਧਤਾ ਹੈ। ਜੇਕਰ ਅੱਜ ਹੀ ਛਪਾਈ ਬੰਦ ਕਰਕੇ ਹੱਥ-ਲਿਖਤ ਸਰੂਪਾਂ ਦੀ ਰੀਤ ਪਾ ਦਿੱਤੀ ਜਾਵੇ ਤਾਂ ਕਿਤੇ ਵੀ ਬੇਅਦਬੀ ਨਾ ਹੋਵੇ।

ਸੰਨ੍ਹ 2000 ਦੇ ਆਸਪਾਸ ਜਦੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਹੀ ਅਖੰਡ ਕੀਰਤਨ ਦਾ ਟੈਲੀਵਿਜ਼ਨ 'ਤੇ ਪ੍ਰਸਾਰਣ ਸ਼ੁਰੂ ਕਰਨ ਦੀਆਂ ਗੱਲਾਂ ਹੋਣ ਲੱਗੀਆਂ ਤਾਂ ਉਸ ਵੇਲੇ ਵੀ ਅੰਤਰਮੁਖੀ ਤੇ ਨਾਮ-ਰਸੀਏ ਗੁਰਸਿੱਖਾਂ ਨੇ ਇਸ ਨੂੰ ਅਯੋਗ ਕਰਾਰ ਦਿੰਦਿਆਂ ਭਵਿੱਖ ਬਾਰੇ ਅਗਾਹ ਕਰ ਦਿੱਤਾ ਸੀ ਕਿ ਇਸ ਨਾਲ ਗੁਰਬਾਣੀ ਦੇ ਕੀਰਤਨ ਦਾ ਨਿਰਾਦਰ ਹੋਵੇਗਾ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਦੁਨੀਆ ਵਿੱਚ ਇਕ ਸੈਰਗਾਹ ਵਜੋਂ ਵੇਖਿਆ ਜਾਣ ਲੱਗੇਗਾ। ਪਰ ਪੰਥ ਦਾ ਬਹੁਤਾ ਹਿੱਸਾ ਵਕਤੀ ਜਜ਼ਬਾਤ ਦੇ ਵੇਗ ਵਿੱਚ ਬੜੀ ਬੇਸਬਰੀ ਨਾਲ ਇਸ ਉਡੀਕ ਵਿੱਚ ਸੀ ਕਿ ਕਿਹੜਾ ਭਾਗਾਂਵਾਲਾ ਵੇਲਾ ਹੋਵੇਗਾ ਜਦ ਅਸੀਂ ਘਰ ਬੈਠੇ ਸ਼ੀਸ਼ੇ ਵਿੱਚ ਦੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਤੇ ਕੀਰਤਨ ਸਰਵਣ ਕਰ ਸਕਾਂਗੇ।



ਪਰ ਬਹੁਤੀ ਸੰਗਤ ਇਸ ਰੂਹਾਨੀ ਅਹਿਸਾਸ ਤੋਂ ਅਣਭਿੱਜ ਸੀ ਕਿ ਕੀਰਤਨ ਸੁਣਨ ਤੱਕ ਹੀ ਕੀਰਤਨ ਹੈ। ਤੇ ਜਦੋਂ ਸਿੱਖਾਂ ਦੇ ਅੱਧ ਮੁੰਦੇ ਨੈਣਾਂ ਵਾਲੇ ਸਿਰ ਜਗਦੇ ਹੋਏ ਸ਼ੀਸ਼ੇ ਦੇ ਰੰਗਾਂ ਸਾਹਮਣੇ ਦਰਬਾਰ ਸਾਹਿਬ ਵਾਂਗ ਝੁਕ ਗਏ ਤਾਂ ਵੱਡਾ ਇਤਿਹਾਸਕ ਛਲਾਵਾ ਹੋਇਆ ਜੋ ਪੂਰੇ ਪੰਥ ਨੂੰ ਮਹਿਸੂਸ ਨਾ ਹੋਇਆ। ਸਭ ਨੇ ਨਵੀਂ ਤਕਨੀਕ ਦਾ ਸ਼ੁਕਰ ਕੀਤਾ ਕਿ ਘਰ ਬੈਠੇ ਦਰਬਾਰ ਸਾਹਿਬ ਦੇ ਦਰਸ਼ਨ, ਹਰ ਰੋਜ ਉਹ ਵੀ ਅੰਮ੍ਰਿਤ ਵੇਲੇ ਹੋ ਰਹੇ ਹਨ। ਜੋ ਦਰਸ਼ਨ ਸਿੱਖਾਂ ਦੀ ਜ਼ਿੰਦਗੀ ਦੀ ਵੱਡੀ ਲੋਚਾ ਹੁੰਦੀ ਹੈ ਉਹ ਦਰਸ਼ਨ ਸ਼ੀਸ਼ੇ ਨੇ ਲੁੱਟ ਲਏ ਤੇ ਪਰਛਾਂਵਾ ਸੱਚ ਹੋ ਗਿਆ। ਜੋ ਦਰਸ਼ਨ ਸਿੱਖ ਨੇ ਅਰਦਾਸ ਰੂਪ ਵਿੱਚ ਮੰਗਿਆ ਸੀ ਉਹ ਬਿਜਲਈ ਸਾਧਨ ਨੇ ਬੋਤਲ ਵਿੱਚ ਸਮੁੰਦਰ ਵਿਖਾਉਣ ਵਾਂਗ ਪਰਛਾਵੇਂ ਰੂਪ ਵਿੱਚ ਹਾਜ਼ਰ ਕਰਕੇ ਸਿੱਖ ਨੂੰ ਠੱਗ ਲਿਆ। ਭੋਲੇ ਪਾਤਸ਼ਾਹ ਲੁਟਾ ਹੋ ਕੇ ਵੀ ਸ਼ੁਕਰਾਨੇ ਨਾਲ ਭਰੇ ਹੋਏ ਹਨ। ਜਿਹੜੇ ਲੋਕ ਕਦੇ ਅੰਮ੍ਰਿਤਸਰ ਦੇ ਰਾਹ ਪਿਆਂ ਵੀ ਸਤਿਕਾਰ ਨਾਲ ਭਰ ਜਾਂਦੇ ਸਨ ਹੁਣ ਓਹੀ ਲੋਕ ਜਗਦੇ ਸ਼ੀਸੇ ਦੇ ਕੀਰਤਨ ਸਾਹਮਣੇ ਬੈਠ ਕੇ ਗੱਲਾਂ ਕਰਦੇ ਰਹਿੰਦੇ ਹਨ। ਇਹ ਜਗਦੇ ਸ਼ੀਸ਼ੇ ਨੂੰ ਸੀਸ ਝੁਕਾਉਣ ਦੀ ਸਜ਼ਾ ਹੈ ਕਿ ਮੰਜੀ ਸਾਹਿਬ ਦੀਵਾਨ ਹਾਲ ਸਮੇਤ ਸਭ ਵੱਡੇ ਗੁਰਦੁਆਰੇ ਬਿਜਲਮੰਡੀ ਦੀ ਮੁਕਾਬਲੇਬਾਜੀ ਦੇ ਅੱਡੇ ਬਣਦੇ ਜਾ ਰਹੇ ਹਨ। ਕਥਾਵਾਚਕ ਅਤੇ ਪਰਚਾਰਕ ਇਨ੍ਹਾਂ ਥਾਂਵਾਂ ਤੋਂ ਆਪਣੀ ਭਰਵੀਂ ਹਾਜ਼ਰੀ ਲਵਾਉਣ ਲਈ ਮੰਡੀ ਦੇ ਅਣਦਿਸਦੇ ਭਾਰ ਹੇਠ ਪਿਸ ਰਹੇ ਹਨ। ਉਹ ਸਿੱਖ ਹੋਣ ਨਾਲੋਂ ਚੰਗੇ ਵਿਦਵਾਨ ਬੁਲਾਰੇ ਹੋਣ ਦੇ ਸਾਂਚੇ ਵਿਚ ਫਸਦੇ ਜਾ ਰਹੇ ਹਨ। ਪੰਥ ਅੰਦਰ ਬਿਜਲ ਪਰਛਾਂਵਿਆਂ ਦੇ ਚਲਣ ਦੀ ਤਤਕਾਲੀ ਜੜ੍ਹ ਇਥੇ ਪਈ ਹੈ।

ਇਸੇ ਸੰਦਰਭ ਵਿੱਚ ਜ਼ਿਕਰਯੋਗ ਹੈ ਕਿ ਧਰਮ ਦਾ ਨਿਆਰਾਪਣ ਦੁਨੀਆ ਦੀ ਚਾਲ ਵਿੱਚ ਰਲ ਕੇ ਨਾ ਪ੍ਰਚਾਰਿਆ ਜਾ ਸਕਦਾ ਹੈ ਨਾ ਬਚਾਇਆ ਜਾ ਸਕਦਾ ਹੈ। ਪਰਛਾਂਵਿਆਂ ਦਾ ਆਸਰਾ ਲੈਣ ਦੀ ਇੱਛਾ, ਜ਼ਿੰਦਗੀ ਛੱਡ ਕੇ ਕਲਪਨਾ ਵਿੱਚ ਜੀਣ ਦੀ ਕਸਰਤ ਹੈ। ਹਰੇਕ ਧਿਰ ਆਪਣੀ ਬਿਮਾਰੀ ਦੀ ਪਛਾਣ, ਇਲਾਜ ਅਤੇ ਪਰਹੇਜ਼ ਆਪ ਕਰੇ ਤਾਂ ਹੀ ਸਾਵੀਂ ਰਹਿ ਸਕਦੀ ਹੈ। ਧਰਮ ਅਤੇ ਚੰਗਿਆਈ ਮਨੁੱਖੀ ਅਮਲ ਨਾਲ ਹੀ ਫੈਲ਼ਦੇ ਹਨ। ਪ੍ਰਚਾਰ ਨਾਲ ਤਾਂ ਲੋਕ ਆਵਾਜਾਈ ਦੇ ਨੇਮ ਨਹੀਂ ਵੀ ਮੰਨਦੇ ਜਿਹੜੇ ਹਰ ਬੰਦੇ ਨੂੰ ਰਟਾਏ ਜਾਂਦੇ ਹਨ ਅਤੇ ਥਾਂ-ਥਾਂ ਲਿਖ ਕੇ ਲਾਏ ਜਾਂਦੇ ਹਨ।

ਦਰ-ਹਕੀਕਤ ਧਰਮ ਸੱਚ ਰੂਪ ਹੈ ਜਿਸਨੂੰ ਗੁਰੂ ਸਾਹਿਬ ਵੀ ਅਕਹਿ ਆਖ ਸਮਝਾਉਂਦੇ ਹਨ। ਅਸੀਂ ਉਸਨੂੰ ਆਪਣੀ ਕਲਪਨਾ ਨਾਲ ਪਰਛਾਵੇਂ ਵਿੱਚ ਬੰਨ੍ਹ ਕੇ ਪੇਸ਼ ਕਰਨ ਦੀ ਗੁਸਤਾਖੀ ਕਰਨਾ ਚਾਹੁੰਦੇ ਹਾਂ ਉਹ ਵੀ ਧਰਮ ਸੇਵਾ ਦੇ ਰੂਪ ਵਿੱਚ। ਸ੍ਰੀ ਹਰਿਮੰਦਰ ਸਾਹਿਬ ਨਾਲ ਸਿੱਖ ਦੇ ਰੂਹ ਵਾਲੇ ਅਕਹਿ ਰਿਸ਼ਤੇ ਦੀ ਕਿੰਨੀ ਵਚਿੱਤਰ ਸ਼ਾਹਦੀ ਭਰਦਿਆਂ ਇਤਿਹਾਸ ਲਿਖਦਾ ਹੈ,

ਹਾਲੇ ਪਹੁ ਦਾ ਹੀ ਵੇਲਾ ਸੀ ਜਦੋਂ ਇਕ ਸਿੱਖ ਮਾਂ ਇਕ ਪਾਸਿਓਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਨੂੰ ਜਾਂਦੀ ਦਿਸੀ।

ਕਿੱਧਰ ਨੂੰ ਜਾ ਰਹੇ ਹੋ ਮਾਤਾ? ਲਾਹੌਰ ਦੇ ਮੁਗਲ ਹੁਕਮਰਾਨ ਦੇ ਵਜ਼ੀਰ ਦੀਵਾਨ ਕੌੜਾਮੱਲ ਨੇ ਕਿਹਾ। ਮਾਤਾ ਬੋਲੀ, ਗੁਰੂ ਘਰ ਵੱਲ, ਅੱਜ ਉੱਥੇ ਗੁਰੂ ਕੇ ਖਾਲਸੇ ਦਾ ਇਕੱਠ ਹੋਣਾ ਹੈ, ਖਾਲਸਿਆਂ ਦਾ, ਤੇ ਮੈਂ ਆਪਣੇ ਬਾਲ ਨਾਲ

(ਬਾਕੀ ਸਫ਼ਾ 31 'ਤੇ)

# ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਪ੍ਰਤੀ 'ਸਤਿਕਾਰ-ਬਹਾਲੀ' ਦੀ ਲੋੜ

ਹਰਮੀਤ ਸਿੰਘ ਮਹਿਰਾਜ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਬਰਕਰਾਰ ਰੱਖਣ ਲਈ ਖੁਦ ਆਪਣੇ ਹੱਥੀਂ ਰੱਖੀ ਸੀ। 17ਵੀਂ ਅਤੇ 18ਵੀਂ ਸਦੀ ਵਿੱਚ ਭਾਵੇਂ ਸਿੱਖ ਕੌਮ ਜੰਗਲਾਂ ਬੇਲਿਆਂ ਵਿੱਚ ਅਤੇ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਰਹੀ ਪਰ ਉਨ੍ਹਾਂ ਦੀ ਦਿਲੀ ਸਾਂਝ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਹੀ ਇਸੇ ਦੌਰਾਨ ਰਹੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਫੂਲਾ ਸਿੰਘ ਨੂੰ ਕੌਮ ਅੱਜ ਵੀ ਬੜੇ ਸਤਿਕਾਰ ਨਾਲ ਯਾਦ ਕਰਦੀ ਹੈ 17ਵੀਂ 18 ਵੀਂ ਸਦੀ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਚੋਣ ਸਰਬੱਤ ਖਾਲਸਾ ਰਾਹੀਂ ਕੀਤੀ ਜਾਂਦੀ ਸੀ ਭਾਵ ਪੰਥਕ ਜਥੇਬੰਦੀਆਂ, ਟਕਸਾਲਾਂ ਅਤੇ ਪੰਥਕ ਦਲਾਂ ਵੱਲੋਂ ਆਪਣੇ ਨਿੱਜੀ ਮੱਤਭੇਦਾਂ ਨੂੰ ਭੁਲਾ ਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਸਰਬ ਸੰਮਤੀ ਨਾਲ ਕੀਤੀ ਜਾਂਦੀ ਸੀ ਅਤੇ ਕੌਮ ਦੇ ਜਥੇਦਾਰ ਵਜੋਂ ਉਸ ਦੇ ਆਦੇਸ਼ਾਂ ਦੀ ਪਾਲਣਾ ਕੀਤੀ ਜਾਂਦੀ ਸੀ।

ਪ੍ਰੰਤੂ ਗੁਰਦੁਆਰਾ ਐਕਟ ਬਣਨ ਤੋਂ ਬਾਅਦ ਅੰਗਰੇਜ਼ਾਂ ਨੇ ਬੜੀ ਸੋਚੀ ਸਮਝੀ ਸਾਜ਼ਿਸ਼ ਅਧੀਨ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਨੂੰ ਦੇ ਦਿੱਤਾ। ਸ਼ੁਰੂ ਵਿੱਚ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵੀ ਪੰਥ ਦੀਆਂ ਬਾਕੀ ਸੰਪਰਦਾਵਾਂ ਦੇ ਸਹਿਯੋਗ ਨਾਲ ਇਹ ਚੋਣ ਕਰਦੀ ਰਹੀ ਪ੍ਰੰਤੂ ਹੁਣ ਪਿਛਲੇ 25-30 ਸਾਲ ਤੋਂ ਜਦੋਂ ਤੋਂ ਸ਼੍ਰੋਮਣੀ ਕਮੇਟੀ ਉੱਪਰ ਬਾਦਲ ਪਰਿਵਾਰ ਦਾ ਕਬਜ਼ਾ ਹੋ ਗਿਆ ਹੈ ਇਸ ਪਰਿਵਾਰ ਨੇ ਆਪਣੇ ਜੀ ਹਜ਼ੂਰੀਆਂ ਰਾਹੀਂ ਸਾਰੀਆਂ ਹੀ ਪੰਥਕ ਮਰਿਆਦਾਵਾਂ ਨੂੰ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ ਹੈ ਜਿਸ ਦੀ ਸ਼ੁਰੂਆਤ ਇਸ ਪਰਿਵਾਰ ਨੇ ਪੰਥ ਪ੍ਰਮਾਣਿਤ ਅਤੇ ਕੁਰਬਾਨੀ ਦੇ ਪੁੰਜ ਭਾਈ ਰਣਜੀਤ ਸਿੰਘ ਨੂੰ 1999 ਵਿੱਚ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਤੋਂ ਲਾਂਭੇ ਕਰਕੇ ਕੀਤੀ ਸੀ।

ਇਸ ਪਰਿਵਾਰ ਨੂੰ ਪੰਥ ਨਾਲ ਕੋਈ ਵਾਸਤਾ ਨਹੀਂ ਇੰਨਾਂ ਨੂੰ ਸਿਰਫ਼ ਆਪਣੇ ਜੀ ਹਜ਼ੂਰੀਏ ਚਾਹੀਦੇ ਹਨ ਪਹਿਲਾਂ ਇਹ ਆਪਣੇ ਜੀ ਹਜ਼ੂਰੀਆਂ ਨੂੰ ਕਾਰਜਕਾਰਨੀ ਦੇ ਮੈਂਬਰ ਬਣਾਉਂਦੇ ਹਨ ਫੇਰ ਉਨ੍ਹਾਂ ਤੋਂ ਆਪਣੀ ਮਰਜ਼ੀ ਦਾ ਜਥੇਦਾਰ ਨਿਯੁਕਤ ਕਰਵਾਉਂਦੇ ਹਨ। ਕੋਈ ਸਮਾਂ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਪੰਥ ਦੀਆਂ ਤਿੰਨ ਪੰਥਕ ਸੰਸਥਾਵਾਂ ਸਨ ਪ੍ਰੰਤੂ ਹੁਣ ਪਿਛਲੇ 35-40 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਉੱਪਰ ਇਹ ਪਰਿਵਾਰ ਅਮਰਵੇਲ ਦੀ ਤਰ੍ਹਾਂ ਛਾਇਆ ਹੋਇਆ ਹੈ ਅਤੇ ਅੱਜ ਸ਼੍ਰੋਮਣੀ ਅਕਾਲੀ ਦਲ, ਪ੍ਰਾਈਵੇਟ ਲਿਮਟਿਡ ਕੰਪਨੀ ਬਣ ਕੇ ਰਹਿ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ ਵਰਗੇ ਪੰਥਕ ਨੇਤਾ ਜਿੰਨਾਂ ਨੇ ਆਪਣੀ ਨਿੱਜੀ ਜਾਇਦਾਦ ਵਧਾਉਣ ਦੀ ਥਾਂ ਉਸ ਵਿੱਚੋਂ ਕੁਝ ਹਿੱਸਾ ਪੰਥਕ ਕਾਰਜਾਂ ਦੇ ਲੇਖੇ ਲਾ ਦਿੱਤੀ ਸੀ ਇਸੇ ਕਰਕੇ ਕੌਮ ਅੱਜ ਵੀ ਉਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਦੀ ਹੈ।




ਦੂਸਰੇ ਪਾਸੇ ਸੁਖਬੀਰ ਸਿੰਘ ਬਾਦਲ ਇਹ ਆਪਣੇ ਆਪ ਨੂੰ ਭਾਵੇਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਅਖਵਾ ਰਿਹਾ ਹੈ ਪਰ ਇਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਾਲਾ ਭਾਵੇਂ ਇੱਕ ਵੀ ਗੁਣ ਨਹੀਂ ਹੈ। ਹਾਂ ਇਹ ਇੱਕ ਸਫ਼ਲ ਵਪਾਰੀ ਜ਼ਰੂਰ ਹੋ ਸਕਦਾ ਹੈ ਕਿਉਂਕਿ ਇਸ ਨੇ ਆਪਣੇ ਰਾਜ ਭਾਗ ਦੌਰਾਨ ਸੈਂਕੜਿਆਂ ਤੋਂ ਹਜ਼ਾਰਾਂ ਬੱਸਾਂ ਵੀ ਬਣਾਈਆਂ ਹਨ, ਹੋਟਲਾਂ ਦੀ ਗਿਣਤੀ ਵਿੱਚ ਵੀ ਵੱਡੀ ਪੱਧਰ 'ਤੇ ਵਾਧਾ ਹੋਇਆ ਹੈ, ਕੇਬਲ ਟੀਵੀ ਦਾ ਕਾਰੋਬਾਰ ਵੀ ਵੱਡੀ ਪੱਧਰ 'ਤੇ ਵਧਾਇਆ ਹੈ ਪਤਾ ਨਹੀਂ ਹੋਰ ਕਿਹੜੇ ਕਿਹੜੇ ਕਾਰੋਬਾਰਾਂ ਨੂੰ ਕਿੰਨਾਂ ਵਧਾਇਆ ਹੈ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪੰਥਕ ਮੁੱਦਿਆਂ ਦਾ ਭੋਗ ਪਾ ਦਿੱਤਾ ਹੈ ਅਤੇ ਨਾਗਪੁਰੀ ਸੋਚ ਨੂੰ ਸ਼੍ਰੋਮਣੀ ਕਮੇਟੀ ਅਤੇ ਸਿੱਖ ਕੌਮ ਦੇ ਅਹਿਮ ਮੁੱਦਿਆਂ ਵਿੱਚ ਪ੍ਰਮੁੱਖਤਾ ਨਾਲ ਲਾਗੂ ਕੀਤਾ ਹੈ ਇਸੇ ਸੋਚ ਕਾਰਨ ਹੀ ਮੂਲ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਵਾ ਦਿੱਤਾ ਹੈ ਕਿਉਂਕਿ ਇਸ ਪਰਿਵਾਰ ਨੂੰ ਸਿਰਫ਼ ਗੱਦੀ ਚਾਹੀਦੀ ਹੈ ਭਾਵੇਂ ਸਾਰੀ ਕੌਮ ਢੱਠੇ ਖੂਹ ਵਿੱਚ ਪਵੇ। ਹੁਣ ਦੀਆਂ ਤਾਜ਼ਾ ਘਟਨਾਵਾਂ ਵਿੱਚ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਭਾਈ ਹਰਪ੍ਰੀਤ ਸਿੰਘ ਨੂੰ ਹਟਾਕੇ ਨਵੇਂ ਜਥੇਦਾਰ ਨੂੰ ਨਿਯੁਕਤ ਕਰਨਾ ਪੰਥ ਦੀ ਇਸ ਵੱਡੀ ਪਦਵੀ ਦਾ ਘੋਰ ਨਿਰਾਦਰ ਕਰਨਾ ਹੀ ਹੈ ਕਿਉਂਕਿ ਪਹਿਲਾਂ ਤਾਂ ਕਾਰਜ਼ਕਾਰੀ ਜਥੇਦਾਰ ਨਿਯੁਕਤ ਕਰਨਾ ਹੀ ਕਿਹੜੇ ਸਿਧਾਂਤ ਵਿੱਚ ਦਰਜ਼ ਹੈ। ਕੀ ਗੱਲ ਕੌਮ ਵਿੱਚ ਸਥਾਈ ਜਥੇਦਾਰ ਲੱਗਣ ਲਈ ਚੰਗੇ ਵਿਦਵਾਨਾਂ ਦੀ ਘਾਟ ਹੈ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਿਸ ਬੇਸ਼ਰਮੀ ਨਾਲ ਪ੍ਰੈਸ ਨਾਲ ਗੱਲਬਾਤ ਕੀਤੀ ਗਈ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸਵੈ ਇੱਛਾ ਨਾਲ ਅਕਾਲ ਤਖ਼ਤ ਦੀ ਜਥੇਦਾਰੀ ਛੱਡ ਦਿੱਤੀ ਹੈ ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਕੌਣ ਹੈ ਜੋ ਥਾਣੇਦਾਰੀ ਛੱਡ ਕੇ ਹੌਲਦਾਰੀ ਕਰਨਾ ਪਸੰਦ ਕਰੇਗਾ? ਪ੍ਰੰਤੂ ਅਸਲੀਅਤ ਤਾਂ ਇਹ ਹੈ ਕਿ ਜਿੰਨਾਂ ਸਮਾਂ ਗਿਆਨੀ ਹਰਪ੍ਰੀਤ ਸਿੰਘ ਇਸ ਪਰਿਵਾਰ ਦਾ ਹੁਕਮ ਮੰਨਦਾ ਰਿਹਾ ਠੀਕ ਰਿਹਾ ਪ੍ਰੰਤੂ ਹੁਣ ਜਦੋਂ ਇਸ ਜਥੇਦਾਰ ਦੀ ਪੰਥਕ ਸੋਚ ਜਾਗੀ ਅਤੇ ਇਹ ਪੰਥਕ ਮੁੱਦਿਆਂ ਦੀ ਗੱਲ ਕਰਨ ਲੱਗਾ ਤਾਂ ਐਮਰਜੈਂਸੀ ਮੀਟਿੰਗ ਜੋ ਕਿ 72 ਘੰਟਿਆਂ ਦੇ ਵਕਫੇ 'ਤੇ ਬੁਲਾਈ ਗਈ ਉਹ ਵੀ ਉਦੋਂ ਜਦੋਂ ਗਿਆਨੀ ਹਰਪ੍ਰੀਤ ਸਿੰਘ ਵਿਦੇਸ਼ ਗਿਆ ਹੋਇਆ ਸੀ, ਰਾਹੀਂ ਜਥੇਦਾਰ ਨੂੰ ਆਪਣੇ ਜੀ ਹਜ਼ੂਰੀਆਂ ਰਾਹੀਂ ਹਟਾਉਣਾ ਹੀ ਬਿਹਤਰ ਸਮਝਿਆ। ਇਸ ਤਰ੍ਹਾਂ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਹਟਾਉਣਾ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਾਦਰ ਨਹੀਂ ਤਾਂ ਹੋਰ ਕੀ ਹੈ। ਇੰਨ੍ਹਾਂ ਸਾਰੇ ਪੰਥਕ ਮਸਲਿਆਂ ਬਾਰੇ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਨੂੰ ਸਿਰ ਜੋੜ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਇਸ ਪਰਿਵਾਰ ਦੀਆਂ ਅਤੇ ਇੰਨ੍ਹਾਂ ਦੇ ਜੀ ਹਜ਼ੂਰੀਆਂ ਦੀਆਂ ਆਪ ਹੁਦਰੀਆਂ ਨੂੰ ਕਦੋਂ ਤੱਕ ਬਰਦਾਸ਼ਤ ਕੀਤਾ ਜਾਂਦਾ ਰਹੇਗਾ।

# ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ, ਬਾਗੇਸ਼ਵਰ

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਲਮੋੜਾ ਤੋਂ ਲਗ-ਪਗ 75 ਕਿਲੋਮੀਟਰ ਦੀ ਦੂਰੀ 'ਤੇ ਸਰਜੂ ਅਤੇ ਗੋਮਤੀ ਨਦੀ ਦੇ ਸੰਗਮ ਅਸਥਾਨ ਦੇ ਕੰਢੇ 'ਤੇ ਬਾਗੇਸ਼ਵਰ ਨਗਰ ਵਸਿਆ ਹੋਇਆ ਹੈ। ਇੱਥੇ ਸ਼ਿਵ ਜੀ ਦਾ ਇਕ ਪੁਰਾਤਨ ਮੰਦਰ ਬਹੁਤ ਪ੍ਰਸਿੱਧ ਹੈ ਜਿਸ ਨਾਲ ਇਕ ਪੌਰਾਣਿਕ ਕਥਾ ਜੁੜੀ ਹੋਈ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਮਾਰਕੰਡੇ ਰਿਸ਼ੀ ਨੇ ਇਸ ਅਸਥਾਨ 'ਤੇ ਸਰਜੂ ਨਦੀ ਵਿੱਚ ਬੈਠ ਕੇ ਕਠਿਨ ਤਪੱਸਿਆ ਕੀਤੀ ਸੀ। ਲੰਮੇ ਸਮੇਂ ਤੱਕ ਸਾਧਨਾ ਕਰਨ ਨਾਲ ਨਦੀ ਦਾ ਕੁਦਰਤੀ ਵਹਾਅ ਰੁਕਣਾ ਸ਼ੁਰੂ ਹੋ ਗਿਆ ਜਿਸ ਨੂੰ ਦੂਰ ਕਰਨ ਲਈ ਸ਼ਿਵ ਜੀ ਅਤੇ ਪਾਰਬਤੀ ਨੇ ਇਕ ਕੌਤਕ ਰਚਿਆ ਸੀ। ਪਾਰਬਤੀ ਗਾਂ ਦਾ ਰੂਪ ਧਾਰਨ ਕਰਕੇ ਨਦੀ ਦੇ ਕੰਢੇ 'ਤੇ ਆਈ ਤਾਂ ਸ਼ਿਵ ਜੀ ਨੇ ਸ਼ੇਰ ਦਾ ਰੂਪ ਧਾਰਨ ਕਰਕੇ ਉਸ 'ਤੇ ਹਮਲਾ ਕਰ ਦਿੱਤਾ ਜਿਸ ਨੂੰ ਛੁਡਾਉਣ ਲਈ ਮਾਰਕੰਡੇ ਰਿਸ਼ੀ ਨੇ ਆਪਣੀ ਸਮਾਧੀ ਤੋੜ ਦਿੱਤੀ ਅਤੇ ਨਦੀ ਦਾ ਪਾਣੀ ਆਪਣੇ ਕੁਦਰਤੀ ਵਹਾਅ ਅਨੁਸਾਰ ਵਹਿਣਾ ਸ਼ੁਰੂ ਹੋ ਗਿਆ ਸੀ। ਸ਼ਿਵ ਜੀ ਦੁਆਰਾ ਬਾਘ (ਸ਼ੇਰ) ਦਾ ਰੂਪ ਧਾਰਨ ਕਰਕੇ ਇਸ ਨਗਰ ਦਾ ਨਾਂ ਬਾਗੇਸ਼ਵਰ ਪ੍ਰਸਿੱਧ ਹੋ ਗਿਆ। ਇੱਥੇ ਹੀ ਸ਼ਿਵ ਜੀ ਦੀ ਯਾਦ ਵਿੱਚ 'ਸ੍ਰੀ ਬਾਗਨਾਥ ਮੰਦਿਰ' ਮੌਜੂਦ ਹੈ।

ਬਾਗੇਸ਼ਵਰ ਦੇ ਇਸ ਪ੍ਰਸਿੱਧ ਮੰਦਰ ਤੋਂ ਲਗ-ਪਗ 100 ਮੀਟਰ ਦੀ ਦੂਰੀ 'ਤੇ 'ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ' ਸੁਸ਼ੋਭਿਤ ਹੈ। ਪੁਰਾਣੇ ਬਜ਼ਾਰਾਂ ਵਿਚੋਂ ਹੁੰਦੇ ਹੋਏ ਜਦੋਂ ਮੰਦਰ ਕੋਲ ਖੜੇ ਹੋ ਕੇ ਸਰਜੂ ਨਦੀ ਤੋਂ ਆਉਣ ਵਾਲੇ ਵਹਾਅ ਵੱਲ ਨਜ਼ਰ ਮਾਰੀਏ ਤਾਂ ਗੁਰਦੁਆਰਾ ਸਾਹਿਬ ਦਾ ਨਿਸ਼ਾਨ ਸਾਹਿਬ ਨਜ਼ਰੀਂ ਪੈ ਜਾਂਦਾ ਹੈ। ਮੁੱਢਲੇ ਰੂਪ ਵਿੱਚ ਇਹ ਗੁਰਧਾਮ ਕਦੋਂ ਹੋਂਦ ਵਿੱਚ ਆਇਆ ? ਜਾਂ ਦੇਸ਼-ਵੰਡ ਤੋਂ ਪਹਿਲਾਂ ਇਸ ਦਾ ਕੀ ਰੂਪ ਸੀ ? ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਕਿਹਾ ਜਾਂਦਾ ਹੈ ਕਿ ਪੁਰਾਤਨ ਸਮੇਂ ਵਿੱਚ ਇਕ ਥੜ੍ਹੇ ਕੋਲ ਨਿਸ਼ਾਨ ਸਾਹਿਬ ਮੌਜੂਦ ਸੀ ਅਤੇ ਉੱਥੇ ਰਹਿਣ ਵਾਲੇ ਪੰਜਾਬੀ ਪਰਿਵਾਰ ਇਸ ਦੇ ਦਰਸ਼ਨ ਕਰਨ ਲਈ ਆਉਂਦੇ ਸਨ। ਉੱਥੋਂ ਦੇ ਲੋਕਾਂ ਨਾਲ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਇਹ ਇਕ ਅਬਾਦ ਅਸਥਾਨ ਸੀ ਅਤੇ ਮਹੰਤ ਇਸ ਦੀ ਸੇਵਾ-ਸੰਭਾਲ ਕਰਦੇ ਸਨ ਪਰ ਸਮੇਂ ਦੇ ਨਾਲ ਇਸ ਦੇ ਆਲੇ-ਦੁਆਲੇ ਸਥਾਨਕ ਲੋਕਾਂ ਵੱਲੋਂ ਕਬਜ਼ੇ ਹੋ ਗਏ ਸਨ ਪਰ ਫਿਰ ਵੀ 'ਸ੍ਰੀ ਥੜ੍ਹਾ ਸਾਹਿਬ' ਵਾਲਾ ਅਸਥਾਨ ਬਚਿਆ ਰਿਹਾ ਸੀ।

ਇਸ ਅਸਥਾਨ ਸੰਬੰਧੀ ਸਭ ਤੋਂ ਮਹੱਤਵਪੂਰਨ ਜਾਣਕਾਰੀ 'ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ' ਦੇ ਸਾਬਕਾ ਮੈਨੇਜਰ ਗਿਆਨੀ ਹਰਚਰਨ ਸਿੰਘ ਰਾਹੀਂ ਸਾਹਮਣੇ ਆਉਂਦੀ ਹੈ। ਆਪਣੀ ਇਕ ਲਿਖਤ ਵਿੱਚ ਇਹ ਦੱਸਦੇ ਹਨ ਕਿ ਅਪ੍ਰੈਲ 1969 ਵਿੱਚ ਬਾਗੇਸ਼ਵਰ ਦੇ ਸ੍ਰੀ ਭਗਵਾਨ ਦਾਸ ਕੱਕੜ ਦੀ ਚਿੱਠੀ ਗੁਰਦੁਆਰਾ ਸ੍ਰੀ ਨਾਨਕ ਮਤਾ ਦੇ ਪ੍ਰਧਾਨ ਕਰਨਲ ਲਾਲ ਸਿੰਘ ਜੀ ਨੂੰ ਆਈ ਜਿਸ ਵਿੱਚ ਦੱਸਿਆ ਗਿਆ ਸੀ ਕਿ ਇਹ ਅਸਥਾਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਹੈ ਅਤੇ ਬਹੁਤ ਸਾਰੀ ਜਗੀਰ ਗੁਰ-ਅਸਥਾਨ ਦੇ ਨਾਂ ਸੀ ਪਰ ਹੁਣ ਕੇਵਲ ਇਕ ਥੜ੍ਹਾ ਸਾਹਿਬ ਬਚਿਆ ਹੈ ਜਿਸ 'ਤੇ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਆਪ ਇਸ ਅਸਥਾਨ ਦੀ ਸੇਵਾ-ਸੰਭਾਲ ਕਰਨ ਦੀ ਕਿਰਪਾ ਕਰੋ। ਪ੍ਰਧਾਨ ਸਾਹਿਬ ਨੇ ਉੱਥੇ ਜਾ ਕੇ ਸਮੁੱਚੀ ਜਾਣਕਾਰੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਤਾਂ ਸ੍ਰੀ ਵਿਸਾਖੀ ਰਾਮ ਅਤੇ ਸ. ਆਸਾ ਸਿੰਘ ਨਾਲ ਉੱਥੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

ਉਸ ਸਮੇਂ ਇਹ ਨਗਰ ਅਲਮੋੜਾ ਜ਼ਿਲ੍ਹੇ ਵਿੱਚ ਪੈਂਦਾ ਸੀ ਅਤੇ ਉੱਥੋਂ ਦੇ ਮਾਲ ਵਿਭਾਗ ਵਿਚੋਂ ਇਸ ਗੁਰਧਾਮ ਦੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ ਵਾਲੇ ਕਾਗ਼ਜ਼ ਨਜ਼ਰੀਂ ਪਏ ਜਿਹੜੇ ਉੱਥੋਂ ਦੇ ਰਾਜੇ ਬਾਜ਼ ਬਹਾਦਰ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਨਾਂ ਜ਼ਮੀਨ ਭੇਟ ਕਰਨ ਦੀ ਸ਼ਾਹਦੀ ਭਰਦੇ ਸਨ। ਸਰਕਾਰੀ ਰਿਕਾਰਡ ਵਿੱਚ ਇਹ ਜਾਣਕਾਰੀ ਦਰਜ ਕੀਤੀ ਮਿਲਦੀ ਹੈ :

1835 ਈਸਵੀ ਮਹਾਰਾਜ ਅਧੀਰਾਜ ਬਾਜ਼ ਬਹਾਦੁਰ ਚੰਦ ਕਤਯੂਰ ਭੂਮੀ ਚੜਾਈ। ਬਾਮੂਜਬ ਹੁਕਮ ਅਧਿਕਾਰੀ ਗੁਰੂ ਨਾਨਕ ਬਾਲਾ ਜ਼ਮੀਨ ਸ਼ਾਮਲ ਖਾਲਸਾ ਮੰਡਲ ਸ਼ੇਰਾ ਕੇ ਹੂਆ।

ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬ ਨੂੰ 400 ਨਾਲੀ ਜ਼ਮੀਨ ਭੇਟ ਕਰਨ ਦਾ ਵੇਰਵਾ ਵੀ ਮਿਲਦਾ ਹੈ। 20 ਨਾਲੀ ਦਾ ਇਕ ਏਕੜ ਮੰਨਿਆ ਜਾਂਦਾ ਹੈ, ਇਸ ਹਿਸਾਬ ਨਾਲ 20 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਗਾਈ ਗਈ ਸੀ। ਉਸ ਇਲਾਕੇ ਵਿੱਚ ਰਾਜਿਆਂ ਮਹਾਰਾਜਿਆਂ ਦੁਆਰਾ ਧਰਮ ਅਰਥ ਦਾਨ ਕੀਤੀ ਜਾਣ ਵਾਲੀ ਜ਼ਮੀਨ ਨੂੰ 'ਗੂੰਠ' ਕਿਹਾ ਜਾਂਦਾ ਹੈ। ਗਿਆਨੀ ਜੀ ਦੱਸਦੇ ਹਨ ਮਹਾਰਾਜਾ ਬਾਜ਼ ਬਹਾਦਰ ਚੰਦ ਕਤਿਊਰ ਨੇ ਇਹ ਜ਼ਮੀਨ ਗੁਰੂ ਸਾਹਿਬ ਦੇ ਨਾਂ ਭੇਟ ਕੀਤੀ ਸੀ। ਮਾਲ ਵਿਭਾਗ ਦੇ ਕਾਗ਼ਜ਼ਾਂ ਵਿੱਚ ਦਰਜ ਇਸ ਜ਼ਮੀਨ 'ਤੇ ਹੁਣ ਕਬਜ਼ੇ ਹੋ ਗਏ ਹਨ ਜਿਸ ਵਿੱਚ ਇਸ ਅਸਥਾਨ ਦੇ ਪੁਜਾਰੀਆਂ ਦਾ ਬਹੁਤ ਕਸੂਰ ਦੱਸਿਆ ਜਾਂਦਾ ਹੈ ਜਿਨ੍ਹਾਂ ਨੇ 'ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ' ਅਤੇ ਨਿਸ਼ਾਨ ਸਾਹਿਬ ਨੂੰ ਛੱਡ ਕੇ ਹੌਲੀ-ਹੌਲੀ ਸਾਰੀ ਜ਼ਮੀਨ ਬਾਹਰਲੇ ਲੋਕਾਂ ਨੂੰ ਵੇਚ ਦਿੱਤੀ ਸੀ। ਜਦੋਂ ਗਿਆਨੀ ਹਰਚਰਨ ਸਿੰਘ ਉੱਥੇ ਗਏ ਸਨ ਤਾਂ ਸ਼ੰਕਰ ਲਾਲ ਪੁਜਾਰੀ ਉਸ ਅਸਥਾਨ ਦੀ ਸੇਵਾ-ਸੰਭਾਲ ਕਰਦਾ ਸੀ ਅਤੇ ਆਪਣਾ ਗੁਜਾਰਾ ਕਰਨ ਲਈ ਉਸ ਨੇ ਇਕ ਛੋਟਾ ਜਿਹਾ ਹੋਟਲ ਖੋਲ ਰੱਖਿਆ ਸੀ। ਗੁਰਦੁਆਰਾ ਨਾਨਕ ਮਤਾ ਦੀ ਕਮੇਟੀ ਨੇ ਇੱਥੋਂ ਦੇ ਇਕ ਪ੍ਰਚਾਰਕ ਗਿਆਨੀ ਪ੍ਰੀਤਮ ਸਿੰਘ ਜਬੋਵਾਲ ਨੂੰ ਬਾਗੇਸ਼ਵਰ ਭੇਜਿਆ ਸੀ ਜਿਸ ਨੇ ਉੱਥੋਂ ਦੇ ਪੰਜਾਬੀ ਪਰਿਵਾਰਾਂ ਨਾਲ ਮਿਲ ਕੇ ਇਸ ਗੁਰਧਾਮ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਯਤਨ ਅਰੰਭ ਕਰ ਦਿੱਤੇ ਸਨ। ਛੇਤੀ ਹੀ ਥੜ੍ਹਾ ਸਾਹਿਬ ਦੇ ਨਾਲ ਦੋ ਕਮਰੇ ਲੈ ਕੇ ਇਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ ਅਤੇ ਦੂਜਾ ਗ੍ਰੰਥੀ ਸਿੰਘ ਦੀ ਰਿਹਾਇਸ਼ ਲਈ ਵਰਤਿਆ ਜਾਣ ਲੱਗਿਆ ਸੀ।



1975 ਵਿੱਚ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੇ ਘਰਾਂ ਦੇ ਲਗ-ਪਗ ਸਮੂਹ ਕਮਰਿਆਂ ਦਾ ਕਬਜ਼ਾ ਛੁਡਾ ਕੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਦਾ ਯਤਨ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿੱਚ ਬਾਗੇਸ਼ਵਰ ਦੇ ਪੰਜਾਬੀ ਪਰਿਵਾਰਾਂ ਦਾ ਵਿਸ਼ੇਸ਼ ਯੋਗਦਾਨ ਸੀ। ਇਸ ਲਈ ਜਦੋਂ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਲਈ ਇਕ ਸਥਾਨਕ ਕਮੇਟੀ ਦਾ ਗਠਨ ਕੀਤਾ ਗਿਆ ਤਾਂ ਸ੍ਰੀ ਭਗਵਾਨ ਦਾਸ ਕੱਕੜ ਨੂੰ ਪ੍ਰਧਾਨ ਅਤੇ ਸ. ਜੁਗਿੰਦਰ ਸਿੰਘ ਨੂੰ ਸੈਕਟਰੀ ਬਣਾਇਆ ਗਿਆ। ਬੈਂਕ ਵਿੱਚ ਗੁਰਦੁਆਰਾ ਸਾਹਿਬ ਦੇ ਨਾਂ ਖਾਤਾ ਖੋਲ੍ਹਿਆ ਗਿਆ ਜਿਸ ਵਿੱਚ ਦਾਨੀ ਸੱਜਣਾਂ ਦੁਆਰਾ ਦਿੱਤੀ ਗਈ ਮਾਇਆ ਨਾਲ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਕਾਬਜ਼ ਲੋਕਾਂ ਨੂੰ ਹਟਾਇਆ ਗਿਆ ਅਤੇ ਪ੍ਰਬੰਧ ਵਿੱਚ ਨਿਰੰਤਰ ਸੁਧਾਰ ਹੋਣ ਲੱਗਿਆ।



ਉੱਤਰਾਖੰਡ ਦੀ ਯਾਤਰਾ ਕਰਦੇ ਹੋਏ 4 ਮਈ 2023 ਨੂੰ ਜਦੋਂ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਪੁੱਜੇ ਤਾਂ ਸ੍ਰੀ ਕ੍ਰਿਸ਼ਨ ਕੁਮਾਰ ਸੋਨੀ ਨਾਲ ਮੁਲਾਕਾਤ ਹੋਈ। ਇਹਨਾਂ ਨੂੰ ਸੋਨੀ ਪ੍ਰਧਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਮੌਜੂਦਾ ਸਮੇਂ ਵਿੱਚ ਇਹੀ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿੱਚ ਵਿਸ਼ੇਸ਼ ਰੁਚੀ ਲੈ ਰਹੇ ਹਨ। ਇਹ ਸ੍ਰੀ ਪਰਸ਼ੂ ਰਾਮ ਸੋਨੀ ਦੇ ਸਪੁੱਤਰ ਹਨ ਜਿਹੜੇ ਕਿ ਦੇਸ਼-ਵੰਡ ਉਪਰੰਤ ਪਾਕਿਸਤਾਨ ਤੋਂ ਇੱਥੇ ਆ ਕੇ ਵੱਸ ਗਏ ਸਨ। ਇਹਨਾਂ ਦੇ ਨਾਲ ਹੀ ਕੁੱਝ ਹੋਰ ਪੰਜਾਬੀ ਸਹਿਜਧਾਰੀ ਪਰਿਵਾਰ ਵੀ ਇੱਥੇ ਆ ਕੇ ਵੱਸ ਗਏ ਸਨ। ਇਹਨਾਂ ਨੇ ਦੱਸਿਆ ਕਿ ਇੱਥੇ ਮੌਜੂਦ ਪੰਜਾਬੀ ਸਹਿਜਧਾਰੀ ਪਰਿਵਾਰਾਂ ਨੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਤਾਂ ਅਰੰਭ ਕਰ ਦਿੱਤੀ ਪਰ ਇਹ ਜਗ੍ਹਾ ਬਹੁਤ ਥੋੜ੍ਹੀ ਸੀ। ਪਿਤਾ ਜੀ ਅਤੇ ਕੁੱਝ ਹੋਰ ਪੰਜਾਬੀ ਸਹਿਜਧਾਰੀ ਪਰਿਵਾਰਾਂ ਨੇ ਰਲ ਕੇ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਜ਼ਮੀਨ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਪੱਥਰਾਂ ਵਾਲੇ ਇਕ ਛੋਟੇ ਜਿਹੇ ਦੋ ਮੰਜ਼ਲਾ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਲਈ ਸੀ।

1984 ਦੇ ਘਟਨਾਕ੍ਰਮ ਦੌਰਾਨ ਇਹਨਾਂ ਦੀ ਉਮਰ ਲਗ-ਪਗ 16 ਸਾਲ ਦੀ ਸੀ ਉਸ ਸਮੇਂ ਇਸ ਗੁਰਦੁਆਰਾ ਸਾਹਿਬ ਦਾ ਭਾਰੀ ਨੁਕਸਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਗੁਰਦੁਆਰਾ ਸਾਹਿਬ ਨਾਲ ਲਗਾਉ ਸੀ ਅਤੇ ਇਸ ਦੀ ਪੁਨਰ-ਉਸਾਰੀ ਅਤੇ ਮਾਣ-ਮਰਿਆਦਾ ਬਹਾਲ ਕਰਨ ਦੀ ਮਨ ਵਿੱਚ ਬਹੁਤ ਇੱਛਾ ਸੀ। ਉਸ ਸਮੇਂ ਇਹ ਕਾਸ਼ੀਪੁਰ ਵਿੱਚ ਪੜ੍ਹ ਰਹੇ ਸਨ ਅਤੇ ਗੁਰਦੁਆਰਾ ਨਾਨਕ ਮਤਾ ਦਰਸ਼ਨ ਕਰਨ ਲਈ ਗਏ ਤਾਂ ਉੱਥੇ ਬਾਬਾ ਫ਼ੌਜਾ ਸਿੰਘ ਕਾਰ ਸੇਵਾ ਵਾਲਿਆਂ ਨਾਲ ਮੁਲਾਕਾਤ ਹੋਈ। ਉਹਨਾਂ ਨੇ ਪੁੱਛਿਆ ਕਿਥੋਂ ਆਏ ਹੋ ਤਾਂ ਦੱਸਿਆ ਕਿ ਬਾਗੇਸ਼ਵਰ ਦਾ ਰਹਿਣ ਵਾਲਾ ਹਾਂ। ਉਹਨਾਂ ਨੂੰ 1984 ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਬਾਗੇਸ਼ਵਰ ਦੇ ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਦਿੱਤੀ ਤਾਂ ਉਹ ਉੱਥੇ ਗੁਰਦੁਆਰਾ ਸਾਹਿਬ ਦੀ ਪੁਨਰ-ਉਸਾਰੀ ਲਈ ਯਤਨਸ਼ੀਲ ਹੋ ਗਏ। ਇਹਨਾਂ ਦੇ ਸਮੇਂ ਗੁਰਦੁਆਰਾ ਸਾਹਿਬ ਦੀ ਨਵ-ਉਸਾਰੀ ਹੋਈ ਸੀ ਅਤੇ ਇਹਨਾਂ ਤੋਂ ਬਾਅਦ ਬਾਬਾ ਤਰਸੇਮ ਸਿੰਘ ਜੀ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਹੇ ਹਨ। ਲੰਗਰ ਦੀ ਇਮਾਰਤ ਅਤੇ ਰਿਹਾਇਸ਼ ਲਈ ਕਮਰਿਆਂ ਦੀ ਉਸਾਰੀ ਵਿੱਚ ਇਹਨਾਂ ਦਾ ਹੀ ਵਿਸ਼ੇਸ਼ ਯੋਗਦਾਨ ਹੈ।

ਸੋਨੀ ਪ੍ਰਧਾਨ ਨੇ ਦੱਸਿਆ ਕਿ ਇਹ ਰਸਤਾ ਕੈਲਾਸ਼ ਪਰਬਤ ਵੱਲ ਜਾਂਦਾ ਹੈ ਅਤੇ 1984 ਤੋਂ ਪਹਿਲਾਂ ਹੇਮਕੁੰਟ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਵਾਪਸੀ ਸਮੇਂ ਕਰਨ-ਪ੍ਰਯਾਗ, ਥਰੈਲੀ, ਗੁਆਲਦਮ, ਬੈਜਨਾਥ ਆਦਿ ਨਗਰਾਂ ਵਿਚੋਂ ਹੁੰਦੇ ਹੋਈ ਬਾਗੇਸ਼ਵਰ ਵਿਖੇ ਗੁਰੂ ਜੀ ਦੇ ਇਸ ਅਸਥਾਨ 'ਤੇ ਦਰਸ਼ਨ ਕਰਨ ਲਈ ਆਉਂਦੀ ਸੀ ਅਤੇ ਇੱਥੋਂ ਅੱਗੇ ਰੀਠਾ ਸਾਹਿਬ ਅਤੇ ਨਾਨਕ ਮਤਾ ਦੇ ਦਰਸ਼ਨ ਕਰਨ ਲਈ ਚਲੀ ਜਾਂਦੀ ਸੀ।

ਮੌਜੂਦਾ ਸਮੇਂ ਵਿੱਚ ਲਗ-ਪਗ 3500 ਸੁਕੇਅਰ ਫੁੱਟ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ ਅਤੇ ਰਿਹਾਇਸ਼ ਲਈ ਕਮਰੇ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿੱਚ ਭਾਵੇਂ ਕਿ ਰੀਠਾ ਸਾਹਿਬ ਵਿਖੇ ਕਾਰ ਸੇਵਾ ਕਰ ਰਹੇ ਬਾਬਾ ਤਰਸੇਮ ਸਿੰਘ ਅਤੇ ਬਾਬਾ ਸ਼ਾਮ ਸਿੰਘ ਦਾ ਵਡਮੁੱਲਾ ਯੋਗਦਾਨ ਹੈ ਪਰ ਇਸ ਨੂੰ ਹੋਰ ਵਧੇਰੇ ਸੁਚੱਜੇ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਹਨਾਂ ਨੇ ਇਕ ਪਿੱਪਲ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਿਹੜਾ ਕਿ ਗੁਰਦੁਆਰਾ ਸਾਹਿਬ ਤੋਂ ਲਗ-ਪਗ 2 ਕਿਲੋਮੀਟਰ ਦੂਰ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਸਭ ਤੋਂ ਪਹਿਲਾਂ ਇਸ ਪਿੱਪਲ ਹੇਠਾਂ ਆ ਕੇ ਬਿਰਾਜਮਾਨ ਹੋਏ ਸਨ। ਇਹ ਪਿੱਪਲ ਸੁਕਾ ਹੋਇਆ ਸੀ ਅਤੇ ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਨਾਲ ਇਹ ਹਰਾ ਹੋ ਗਿਆ ਸੀ। ਇਸ ਪਿੱਪਲ ਦੀ ਇਲਾਕੇ ਦੇ ਲੋਕਾਂ ਵਿੱਚ ਬਹੁਤ ਮਾਨਤਾ ਹੈ। ਜਦੋਂ ਇਸ ਪਿੱਪਲ ਨੂੰ ਦੇਖਣ ਗਏ ਤਾਂ ਪਤਾ ਲੱਗਿਆ ਕਿ ਸਥਾਨਕ ਲੋਕਾਂ ਨੇ ਆਪਣੇ ਵਿਸ਼ਵਾਸ ਅਨੁਸਾਰ ਇਸ ਦੇ ਆਲੇ ਦੁਆਲੇ ਛੋਟੀਆਂ-ਛੋਟੀਆਂ ਮੂਰਤੀਆਂ ਰੱਖ ਲਈਆਂ ਹਨ। ਅਖ਼ੀਰ ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਕਾਰਜ ਕਰਨੇ ਬਾਕੀ ਹਨ ਜਿਨ੍ਹਾਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਪੈਂਦੀ ਹੈ। ਥੋੜ੍ਹੇ ਬਹੁਤ ਕਾਰਜ ਤਾਂ ਆਪ ਹੀ ਕਰ ਲਏ ਜਾਂਦੇ ਹਨ ਪਰ ਵੱਡੇ ਕਾਰਜ ਕਰਨ ਲਈ ਕੁੱਝ ਔਖ ਹੋ ਜਾਂਦੀ ਹੈ। ਜੇਕਰ ਸਿੱਖ ਸੰਗਤ ਦੁਬਾਰਾ ਇਸ ਇਲਾਕੇ ਵਿੱਚ ਆਉਣੀ ਸ਼ੁਰੂ ਹੋ ਜਾਵੇ ਤਾਂ 1984 ਤੋਂ ਪਹਿਲਾਂ ਵਾਲੀ ਰੌਣਕ ਵਾਪਸ ਪਰਤ ਸਕਦੀ ਹੈ।



# ਮੀਰੀ ਪੀਰੀ ਦਿਵਸ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਗੁਰਿਆਈ ਦੀ ਰਸਮ: ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਡੀ ਦੇ ਪੱਛਮ ਵਿੱਚ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਦੀ ਮਿੱਟੀ ਇੱਥੇ ਸੁੱਟਣ ਨਾਲ ਇਕ ਕੱਚਾ ਥੜਾ ਬਣ ਗਿਆ ਸੀ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਰ ਸੇਵਾ ਅਤੇ ਸਰੋਵਰ ਪੱਕਾ ਕਰਨ ਲਈ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਅਰਾਮ ਲਈ ਇਸ ਜਗ੍ਹਾ ਕੋਠੜੀ ਬਣਵਾਈ ਜਿਸ ਨੂੰ ਅੱਜ ਕੱਲ ਕੋਠਾ ਸਾਹਿਬ ਕਹਿੰਦੇ ਹਨ।

ਸੰਮਤ 1661 ਦੀ ਭਾਦਰੋਂ ਸੁਦੀ ਏਕਮ ਵਾਲੇ ਦਿਨ 1604 ਈ: ਨੂੰ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ।ਬਾਬਾ ਬੁੱਢਾ ਜੀ ਨੇ ਸਤਿਗੁਰਾਂ ਤੋਂ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਿੱਥੇ ਕੀਤਾ ਜਾਵੇ ਤਾਂ ਸਤਿਗੁਰਾਂ ਨੇ ਕਿਹਾ ਇਸ ਕੋਠਾ ਸਾਹਿਬ ਅੰਦਰ ਕਰ ਦੇਵੋ।ਨਵੇਂ ਪਲੰਘ ਉਪਰ ਸੁੰਦਰ ਗੱਦੇ ਤੇ ਕੀਮਤੀ ਜਰੀ ਦਾ ਵਸਤਰ ਸਜਾ ਕੇ ਉੱਪਰ ਚਾਨਣੀ ਤਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕੀਤਾ ਗਿਆ।ਉਸ ਦਿਨ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਪਲੰਘ ਦੇ ਥੱਲੇ ਦਰੀ 'ਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਸਮੇਂ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਸੰਮਤ 1663 ਦੀ ਜੇਠ ਵਦੀ 8 ਮੁਤਾਬਕ 1606 ਈ: ਨੂੰ ਕੋਠਾ ਸਾਹਿਬ ਵਾਲੇ ਕਮਰੇ ਵਿੱਚ ਆ ਗਏ।ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 15 ਜੂਨ 1595 ਨੂੰ ਹੋਇਆ ਉਸ ਟਾਇਮ ਇਹਨਾਂ ਦੀ ਉਮਰ 11 ਕੁ ਸਾਲ ਸੀ।ਇਹਨਾਂ ਦੇ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾਂ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੱਥਾ ਟੇਕ ਕੇ ਕਿਹਾ ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਣਗੇ।ਸਤਿਗੁਰਾਂ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਯਾਦਾ ਅਨੁਸਾਰ ਕੇਸਰ ਦਾ ਅਤੇ ਚੰਦਨ ਦਾ ਗੁਰਤਾ ਗੱਦੀ ਦਾ ਤਿਲਕ ਕਰ ਦਿੱਤਾ।ਸੰਮਤ 1663 ਜੇਠ ਸੁਦੀ 4 ਮੁਤਾਬਿਕ 30 ਮਈ 1606 ਈ: ਲਾਹੌਰ ਵਿਖੇ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ ਰੀਤਾਂ ਅਨੁਸਾਰ ਸਤਿਗੁਰੂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰ ਦਿੱਤਾ। ਸਾਰਾ ਪਾਠ ਬਾਬਾ ਬੁੱਢਾ ਜੀ ਨੇ ਕੀਤਾ ਤੇਰਵੇਂ ਦਿਨ ਹਾੜ ਵਦੀ 1 ਦੀ ਸੰਗਰਾਦ ਬੁੱਧਵਾਰ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿੱਚ ਬਾਬਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਤੇ ਮੰਜੀ ਲੈ ਆਏ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਸਾਨੂੰ ਦਸਤਾਰ ਪਹਿਨਾਓ ,ਅਸੀਂ ਸ਼ਸ਼ਤਰ ਪਹਿਨ ਕੇ ਜੰਗ ਕਰਨੇ ਹਨ। ਸਤਿਗੁਰਾਂ ਦੇ ਹੁਕਮ ਅਨੁਸਾਰ ਇਹ ਵਸਤੂਆਂ ਨੂੰ ਤੋਸ਼ੇਖਾਨੇ ਭੇਜ ਦਿੱਤਾ ਗਿਆ।ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਪੱਗ ਬਨਾ ਕੇ ਦਸਤਾਰ ਬੰਦੀ ਦੀ ਰਸਮ ਕੀਤੀ।ਫਿਰ ਬੇਦੀਆਂ, ਤਰੇਹਣਾ, ਭਲਿਆਂ, ਸੋਢੀਆਂ, ਮਸੰਦਾ, ਮੁਖੀ ਸਿੱਖਾਂ, ਸ਼ਹਿਰ ਦੇ ਪਤਵੰਤਿਆਂ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ : ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾ ਚਹੁੰਦੇ ਸਨ।ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀਂ ਦਾ ਦਿਨ ਮੁਕੱਰਰ ਕਰਕੇ ਥਾਂ ਪੱਧਰਾ ਕਰਨ ਇੱਟਾ ਅਤੇ ਚੂਨਾ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਕੀਤਾ।

ਨੀਯਤ ਸਮੇਂ ਹਾੜ ਵਦੀ ਪੰਚਮੀਂ ਵਾਲੇ ਦਿਨ ਕੋਠਾ ਸਾਹਿਬ ਦੇ ਖੱਬੇ ਪਾਸੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਰਦਾਸ ਉਪਰੰਤ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਕਰ ਕਮਲਾਂ ਨਾਲ ਰੱਖੀ ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ।

ਥੋੜੇ ਹੀ ਦਿਨਾਂ ਵਿੱਚ ਪੱਕਾ ਥੜਾ ਤਿਆਰ ਹੋ ਗਿਆ।ਗੁਰੂ ਸਾਹਿਬ ਜੀ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਨਾਮ ਦੇ ਕੇ 1609 ਈ: ਨੂੰ ਪ੍ਰਗਟ ਕਰ ਦਿੱਤਾ ਅਤੇ ਕਿਹਾ ਉਸ ਅਕਾਲ ਪੁਰਖ ਦਾ ਸਦਾ ਰਹਿਣ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਹੈ।

ਮੀਰੀ ਪੀਰੀ ਦੀ ਰਸਮ : ਤਖ਼ਤ ਨਸ਼ੀਨੀ ਦੇ ਤਿਲਕ ਸਮਾਗਮ ਦੀ ਤਰੀਕ ਹਾੜ ਸੁਦੀ ਦਸਵੀਂ ਮਿਥ ਕੇ ਸਤਿਗੁਰਾਂ ਨੇ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਨੂੰ ਇਸ ਸਮਾਗਮ 'ਤੇ ਹੁਮ ਹੁਮਾ ਕੇ ਪੁੱਜਣ ਹਿਤ ਹੁਕਮਨਾਵੇਂ ਭੇਜ ਦਿੱਤੇ ਤੇ ਨਾਲ ਹੀ ਲਿਖ ਭੇਜਿਆ ਕਿ ਇਸ ਸਮੇਂ ਸੋਨੇ ਚਾਦੀ ਗਹਿਣਿਆਂ ਤੇ ਕੀਮਤੀ ਕਪੜਿਆਂ ਦੀ ਥਾਂ ਤੇ ਚੰਗੇ ਸ਼ਸ਼ਤਰਾਂ ਅਤੇ ਘੋੜਿਆਂ ਦੀ ਭੇਟਾ ਲੈ ਕੇ ਆਓ।

26 ਹਾੜ ਸੁਦੀ ਦਸਵੀਂ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਤਿਗੁਰਾਂ ਦੇ ਬੈਠਣ ਲਈ ਸ਼ਾਹੀ ਸਿੰਘਾਸਣ ਸਜਾਇਆ ਗਿਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਇਸ ਸਿੰਘਾਸਣ 'ਤੇ ਬਿਰਾਜਮਾਨ ਹੋ ਗਏ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਾਂ ਸਾਰਾ ਪੰਡਾਲ ਸੰਗਤਾਂ ਨਾਲ ਭਰਿਆ ਹੋਈਆ ਸੀ।ਸਤਿਗੁਰਾਂ ਨੇ ਪੀਲੇ ਰੰਗ ਦੀ ਬਹੁਤ ਕੀਮਤੀ ਪੁਸ਼ਾਕ ਪਹਿਨੀ ਹੋਈ ਸੀ ਤੇ ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ।ਬਾਹਾਂ ਵਿੱਚ ਅੰਗਦ ਸੋਭ ਰਹੇ ਸਨ।ਪਿੱਠ ਉੱਤੇ ਢਾਲ ਸਜਾਈ ਫਬ ਰਹੀ ਸੀ।ਸਤਿਗੁਰਾਂ ਨੇ ਹੁਕਮ ਕੀਤਾ ਉਹ ਸ਼ਸ਼ਤਰ ਲਿਆਓ ਜੋ ਅਸੀਂ ਬਣਵਾਏ ਹਨ।

ਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋਹੀ ਪਾਸੀ ਦੋ ਸ੍ਰੀ ਸਾਹਿਬ ਮੀਰੀ ਪੀਰੀ ਦੇ ਸਤਿ ਗੁਰਾਂ ਜੀ ਨੂੰ ਪਹਿਨਾਏ।ਜਿੰਨਾਂ ਦਾ ਅਰਥ ਹੈ ਭਗਤੀ ਅਤੇ ਸ਼ਕਤੀ(ਧਰਮ ਅਤੇ ਰਾਜਨੀਤੀ),ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ, ਖੱਬੇ ਹੱਥ ਵਿੱਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿੱਚ ਤੀਰ ਪਕੜ ਕੇ ਘੁਮਾਇਆ।ਗੁਰੂ ਜੀ ਦੀ ਭੇਟਾ ਵਿੱਚ ਤਲਵਾਰਾਂ,ਢਾਲਾਂ ਤੇਜ ਰਫ਼ਤਾਰ ਘੋੜੇ, ਨੇਜੇ, ਬਰਛੀਆਂ ਬਰਛੇ ,ਕਟਾਰਾਂ ਖੰਡੇ ,ਧਨੁੱਖ, ਕਮਾਣਾ,ਤਿੱਖੇ ਤੀਰ ਤੇ ਤੀਰਾਂ ਦੇ ਭੱਥੇ, ਜੰਗੀ ਕੁਹਾੜੇ ਸਫਾਜੰਗ ਆਦਿ ਸ਼ਸਤਰਾਂ ਦੇ ਢੇਰ ਲਗ ਗਏ ਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ।

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

(1780-1839)

ਅੰਤਿਮ ਕਿਸ਼ਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਕਸ਼ਮੀਰ ਦੀ ਜਿੱਤ ਤੋਂ ਬਾਅਦ ਮਹਾਰਾਜਾ ਨੇ ਪਿੰਡ ਭਟੀਆ ਚਨਯੋਟੇ ਮੁਲਤਾਨ ਵਿਖੇ ਖੁੱਲੇ ਦਰਬਾਰ ਲਗਾਏ।ਪਰਜਾ ਦੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਦੇ ਗਏ। ਜਦੋਂ ਮਹਾਰਾਜਾ ਨੂੰ ਪਤਾ ਲੱਗਿਆ ਕਿ ਮੁਲਤਾਨ ਦਾ ਹਾਕਮ ਸ਼ਾਮ ਸਿੰਘ ਪਿਸ਼ੌਰੀਏ ਦੇ ਹੱਥੋਂ ਪਰਜਾ ਦੁਖੀ ਹੈ ਤਾਂ ਉਸ ਨੂੰ ਤੁਰੰਤ ਪਦਵੀ ਤੋਂ ਲਾਹ ਦਿੱਤਾ ।ਜਥੇਦਾਰ ਖੁਸ਼ਹਾਲ ਸਿੰਘ ਨੂੰ ਫ਼ੌਜ ਦੇ ਕੇ ਡੇਰਾ ਗਾਜੀ ਖਾਂ 'ਤੇ ਕਬਜ਼ਾ ਕਰਨ ਲਈ ਭੇਜਿਆ ।ਹਾਕਮ ਜਮਾਨ ਖਾਂ ਭੱਜ ਗਿਆ।

ਸੰਨ 1820 ਵਿੱਚ ਸੈਨਾਪਤੀ ਫਤਹਿ ਸਿੰਘ ਆਹਲੂਵਾਲੀਆ, ਸ਼ਾਮ ਸਿੰਘ ਅਟਾਰੀ ਤੇ ਦੀਵਾਨ ਰਾਮ ਦਿਆਲ ਦੇ ਨਾਲ ਫ਼ੌਜ ਹਜਾਰੇ ਭੇਜੀ।ਸੈਨਾਪਤੀ ਰਾਮ ਦਿਆਲ ਪਠਾਣਾਂ ਹੱਥੋਂ ਮਾਰਿਆ ਗਿਆ।ਸਿੰਘਾਂ ਨੇ ਪਠਾਣਾਂ ਦੇ ਆਹੂ ਲਾਹ ਦਿੱਤੇ।ਉਹ ਭੱਜ ਗਏ।ਹਜ਼ਾਰੇ ਦਾ ਇਲਾਕਾ ਫਤਹਿ ਹੋ ਗਿਆ।

ਸੰਨ 1821 ਵਿਚ ਸਿੱਖ ਫ਼ੌਜਾਂ ਨੇ ਮਨਕੇਰਾ ਦਾਖਲ ਹੁੰਦਿਆਂ ਭਖਰ ਦਾ ਕਿਲਾ ਸਰ ਕੀਤਾ। ਫਿਰ ਡੇਹਰਾ ਇਸਮਾਈਲ ਖਾਂ, ਖਾਨਗੜ ਦੇ ਕਿਲੇ ਸਰ ਕੀਤੇ।ਮਨਕੇਰਾਂ ਨਵਾਬ ਅਹਿਮਦ ਖਾਂ ਨੇ ਟਾਕਰਾ ਕੀਤਾ।ਪਰ ਛੇਤੀ ਹੀ ਹਾਰ ਮੰਨ ਗਿਆ ਪਰ ਨਵਾਬ ਅਹਿਮਦ ਖਾਂ ਨੂੰ ਡੇਰਾ ਇਸਮਾਈਲ ਖਾਂ ਜਾਗੀਰ ਵਿਚ ਦੇ ਦਿੱਤਾ।ਇਸ ਮੁਹਿੰਮ ਵਿੱਚ ਦਸ ਲੱਖ ਰੁਪਏ ਸਲਾਨਾ ਆਮਦਨ ਦਾ ਇਲਾਕਾ ਸਿੱਖ ਰਾਜ ਵਿੱਚ ਆ ਗਿਆ।

ਵਜ਼ੀਰ ਮੁਹੰਮਦ ਖਾਂ ਨੇ 1823 ਵਿੱਚ ਪਿਸ਼ੌਰ 'ਤੇ ਚੜ੍ਹਾਈ ਕੀਤੀ।ਉਸ ਦਾ ਭਰਾ ਮੁਹੰਮਦ ਯਾਰ ਖਾਂ ਪਿਸ਼ੌਰ ਦਾ ਹਾਕਮ ਸੀ।ਪਰ ਉਸ ਦੇ ਨਾਲ ਰਲਿਆ ਹੋਇਆ ਸੀ। ਤਦ ਹੀ ਤਾਂ ਉਹ ਇਲਾਕਾ ਛੱਡ ਕੇ ਭੱਜ ਗਿਆ।ਅਮੀਨ ਖਾਂ ਨੇ ਬਿਨਾਂ ਕਿਸੇ ਟਾਕਰੇ ਦੇ ਪਿਸ਼ੌਰ ਤੇ ਕਬਜ਼ਾ ਕਰ ਲਿਆ।ਉਹਨਾਂ ਜਹਾਦ ਦਾ ਨਾਅਰਾ ਦੇ ਕੇ ਹੋਰ ਪਠਾਣ ਵੀ ਨਾਲ ਰਲਾ ਲਏ। ਉਹਨਾਂ ਨੇ ਨੌਸ਼ਹਿਰਾਂ ਅਤੇ ਹਸਤ ਨਗਰ ਮੁਕਾਬਲੇ ਲਈ ਚੁਣ ਲਏ। ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅ ਗਵਾਈ ਹੇਠ ਖ਼ਾਲਸਾ ਫ਼ੌਜ ਪਿਸ਼ੌਰ ਵੱਲ ਤੁਰੀ। ਸ੍ਰ. ਹਰੀ ਸਿੰਘ ਨਲੂਆ ਵੀ ਪਹੁੰਚ ਗਿਆ। ਮਹਾਰਾਜਾ ਨਾਲ ਅਕਾਲੀ ਫੂਲਾ ਸਿੰਘ, ਦੇਸਾ ਸਿੰਘ ਅਤੇ ਫਤਹਿ ਸਿੰਘ ਆਹਲੂਵਾਲੀਆਂ ਸਨ। ਅਜੀਮ ਖਾਂ ਦੇ ਭਤੀਜੇ ਮੁਹੰਮਦ ਜਮਾਨ ਨੇ ਜਹਾਂਗੀਰੇ ਦਾ ਕਿਲਾ ਸਰ ਕਰ ਲਿਆ। ਜਦੋਂ ਸਿੱਖ ਫ਼ੌਜਾਂ ਪਹੁੰਚੀਆਂ ਤਾਂ ਉਹਨਾਂ ਨੇ ਜਹਾਗੀਰੇ 'ਤੇ ਕਬਜ਼ਾ ਕਰ ਲਿਆ।

ਦੋਸਤ ਮੁਹੰਮਦ ਖਾਂ ਨੇ ਜਬਾਰ ਖਾਨ ਨਾਲ ਜਹਾਗੀਰੇ ਦੇ ਨੇੜੇ ਖ਼ੂਨੀ ਜੰਗ ਹੋਈ।ਸਿੰਘਾਂ ਨੇ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ।ਪਠਾਣਾ ਨੇ ਅਟਕ ਪਾਰ ਗਏ ਸਿੰਘਾਂ ਤੇ ਅਟਕ ਦਾ ਪੁਲ ਤੋੜ ਦਿੱਤਾ।ਮਹਾਰਾਜਾ ਨੇ ਆਪਣਾ ਘੋੜਾ ਅਟਕ ਦਰਿਆ ਵਿੱਚ ਠੇਲ੍ਹ ਦਿੱਤਾ, ਨਾਲ ਹੀ ਸੂਰਬੀਰ ਖ਼ਾਲਸਾ ਅਟਕ ਦਰਿਆ ਪਾਰ ਹੋ ਗਿਆ।ਪਾਠਣ ਜਹਾਗੀਰੇ ਤੋਂ ਨੌਸ਼ਹਿਰਾਂ ਵੱਡੀ ਫ਼ੌਜ ਨਾਲ ਇਕੱਠੇ ਹੋ ਗਏ।ਜਹਾਗੀਰ ਵਿਖੇ ਨਾਰਾਜ਼ ਸਰਦਾਰ ਜੈ ਸਿੰਘ ਅਟਾਰੀ, ਨਜੀਮ ਖਾਂ ਤੋਂ ਵੱਖ ਹੋ ਕੇ ਮਹਾਰਾਜਾ ਨਾਲ ਆਣ ਰਲਿਆ।ਮਾਰਚ 14, 1824 ਨੂੰ ਅਕਾਲੀ ਫੂਲਾ ਸਿੰਘ ਵੈਰੀਆਂ ਦੇ ਦਲ ਤੇ ਜਾ ਪਏ।ਮਹਾਰਾਜਾ ਨੇ ਹੋਰ ਫ਼ੌਜ ਭੇਜੀ।ਅਕਾਲੀ ਜੀ ਨੇ ਰਣ ਤੱਤੇ ਵਿੱਚ ਬੜੀ ਬਹਾਦਰੀ ਦੇ ਜੌਹਰ ਵਿਖਾਏ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ।ਸਿੱਖ ਫ਼ੌਜਾਂ ਨੇ ਰੋਹ ਵਿੱਚ ਆ ਕੇ ਪਠਾਣਾਂ ਦੇ ਪੈਰ ਉਖਾੜ ਦਿੱਤੇ।ਪਠਾਣ ਭੱਜ ਗਏ।ਖ਼ਾਲਸਾ ਫ਼ੌਜ ਦੇ ਹੱਥ ਬਹੁਤ ਸਾਰਾ ਜੰਗੀ ਸਮਾਨ ਆਇਆ। ਇਸ ਜੰਗ ਵਿੱਚ ਖ਼ਾਲਸਾ ਫ਼ੌਜ ਦਾ ਵੀ ਵੱਡਾ ਨੁਕਸਾਨ ਹੋਇਆ ਪਰ ਬਹੁਤ ਸਾਰਾ ਪਠਾਣੀ ਇਲਾਕਾ ਮਹਾਰਾਜਾ ਦੇ ਕਬਜ਼ੇ ਵਿੱਚ ਆ ਗਿਆ।ਮਾਰਚ 17, 1824 ਨੂੰ ਮਹਾਰਾਜਾ ਬੜੀ ਸ਼ਾਨ ਨਾਲ ਪਿਸ਼ੌਰ ਵਿੱਚ ਦਾਖਲ ਹੋਏ।ਯਾਰ ਮੁਹੰਮਦ ਖਾਂ ਤੇ ਦੋਸਤ ਮੁਹੰਮਦ ਖਾਂ ਨੇ 50 ਵਧੀਆ ਘੋੜੇ ਅਤੇ ਹੋਰ ਕੀਮਤੀ ਤੋਹਫ਼ੇ ਮਹਾਰਾਜ ਨੂੰ ਭੇਂਟ ਕੀਤੇ। ਯਾਰ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ।



ਸਯਦ ਅਹਿਮਦ ਨੇ 50 ਹਜਾਰ ਪਠਾਣਾ ਨੂੰ ਜਹਾਦ ਦ ਨਾਉਂ ਹੇਠ ਇਕੱਠਾ ਕਰ ਲਿਆ। ਮਹਾਰਾਜ ਨੇ ਬਗਾਵਤ ਨੂੰ ਦਬਾਉਣ ਲਈ ਸਰਦਾਰ ਬੁੱਧ ਸਿੰਘ ਸੰਧਾਵਾਲੀਆ ਨੂੰ ਪਿਸ਼ੌਰ ਭੇਜਿਆ। ਦੋ ਤਗੜੀਆਂ ਜੰਗਾਂ ਵਿੱਚ ਸਯਦ ਅਹਿਮਦ ਹਾਰ ਗਿਆ। ਉਹ ਫਿਰ ਅਟਕ ਦੇ ਇਲਾਕੇ ਵਿੱਚ ਆ ਨਿਕਲਿਆ। ਮਹਾਰਾਜਾ ਖੜਕ ਸਿੰਘ ਨੂੰ ਭੇਜਿਆ।ਪਠਾਣਾ ਅਤੇ ਸਿੰਘਾਂ ਵਿਚਕਾਰ ਤਗੜਾ ਜੰਗ ਹੋਇਆ। ਪਠਾਣ ਮੈਦਾਨ ਛੱਡ ਕੇ ਭੱਜ ਗਏ।ਮਹਾਰਾਜਾ ਨੇ ਫਿਰ ਵੀ ਤਿਆਰੀ ਨਾਲ ਪਿਸ਼ੌਰ 'ਤੇ ਹਮਲਾ ਕਰ ਕੀਤਾ।ਉਸਨੇ ਔਰਤਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ।

ਕੰਵਰ ਸ਼ੇਰ ਸਿੰਘ ਤੇ ਵਨਤੂਰਾ ਦੀ ਅਗਵਾਈ ਹੇਠ ਫ਼ੌਜ ਭੇਜੀ ਗਈ। ਸਯਦ ਅਹਿਮਦ ਦੀ ਹਾਰ ਹੋਈ।ਪਿਸ਼ੌਰ ਤੇ ਮਹਾਰਾਜਾ ਦਾ ਕਬਜ਼ਾ ਹੋ ਗਿਆ।ਸੁਲਤਾਨ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਦਮ ਨਿਯੁਕਤ ਕੀਤਾ।ਉਸਨੇ ਪ੍ਰਸਿੱਧ ਘੋੜਾ ਮਹਾਰਾਜਾ ਨੂੰ ਭੇਂਟ ਕੀਤਾ।ਸਯਦ ਅਹਿਮਦ ਨੇ ਸੁਲਤਾਨ ਮੁਹੰਮਦ ਨਾਲ ਕਈ ਵਾਰ ਲੜਾਂਈਆਂ ਲੜੀਆਂ।ਅੰਤ ਵਿੱਚ ਪਠਾਣ ਉਸ ਦਾ ਸਾਥ ਛੱਡ ਗਏ।ਉਹ ਮੁਜਫਰਾਬਾਦ ਚਲਾ ਗਿਆ। ਖ਼ਾਲਸਾ ਫ਼ੌਜ ਨੇ ਮੁਜਫਰਾ ਬਾਦ ਦੇ ਕਿਲੇ ਨੂੰ ਘੇਰਾ ਪਾ ਲਿਆ।ਸਯਦ ਅਹਿਮਦ ਮਾਰਿਆ ਗਿਆ।

ਅੰਗਰੇਜ਼ਾਂ ਨਾਲ ਪ੍ਰਬੰਧਕਾਂ ਦੀਆਂ ਮੁਲਾਕਾਤਾਂ ਹੋਈਆਂ। ਮਹਾਰਾਜਾ ਨਾਲ ਵੀ ਅਕਤੂਬਰ 1831 ਨੂੰ ਮੁਲਾਕਾਤ ਹੋਈ, ਜੋ ਏਕਤਾ ਦ ਸਬੂਤ ਸਨ। ਸੰਨ 1834 ਵਿੱਚ ਮਹਾਰਾਜਾ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਅਤੇ ਹਰੀ ਸਿੰਘ ਨਲੂਆ ਅਧੀਨ ਫ਼ੌਜ ਪਿਸ਼ਾਵਰ ਭੇਜੀ। ਪਠਾਣਾਂ ਨੇ ਸ਼ਹਿਰ ਦੀ ਕਿਲ੍ਹੇਬੰਦੀ ਕਰਕੇ ਖ਼ਾਲਸੇ ਦਾ ਟਾਕਰਾ ਕੀਤਾ ਪਰ ਖ਼ਾਲਸੇ ਦੀ ਜਿੱਤ ਹੋਈ। ਪਿਸ਼ਾਵਰ ਦਾ ਹਾਕਮ ਨੌਂ ਨਿਹਾਲ ਨੂੰ ਨਿਯੁਕਤ ਕੀਤਾ।

ਮਹਾਰਾਜਾ ਨੇ ਹੋਰ ਵੀ ਕਿਲੇ ਬਣਾ ਲਏ। ਕਾਬਲ ਦੇ ਬਾਦਸ਼ਾਹ ਮੁਹੰਮਦ ਖਾਂ ਨੇ 1835 ਵਿਚ ਪਿਸ਼ਾਵਰ 'ਤੇ ਚੜ੍ਹਾਈ ਕਰ ਦਿੱਤੀ ਪਰ ਛੇਤੀ ਹੀ ਜਿੱਤਣ ਦੀ ਉਮੀਦ ਛੱਡ ਦਿੱਤੀ। ਕੰਵਰ ਸ਼ੇਰ ਸਿੰਘ ਕਸ਼ਮੀਰ ਦਾ ਹਾਕਮ ਸੀ। ਉਸਨੇ ਲਦਾਖ ਤੇ ਜ਼ੋਰਾਵਰ ਸਿੰਘ ਹੇਠ 8 ਫੌਜ ਭੇਜੀ।ਪਹਾੜੀਆਂ ਦੀ ਦੋ ਮਹੀਨੇ ਦੀ ਲੜਾਈ ਵਿਚੋਂ ਲਦਾਖੀ ਭੱਜ ਪਏ।ਲਦਾਖ ਸਿੱਖ ਰਾਜ ਵਿੱਚ ਸ਼ਾਮਲ ਹੋ ਗਿਆ।ਸ੍ਰ. ਹਰੀ ਸਿੰਘ ਨਲੂਆ ਨੇ ਕਾਬਲ ਤੋਂ ਆਉਣ ਵਾਲੇ ਦੁਸ਼ਮਣਾਂ ਦੇ ਵੱਡੇ ਰਾਹ ਦੱਰਾ ਖ਼ੈਬਰ ਨੂੰ ਰੋਕਣ ਦਾ ਫੈਸਲਾ ਕੀਤਾ।ਇਸ ਲਈ ਦੱਰਾ ਖ਼ੈਬਰ ਦੇ ਅੱਗੇ ਜਮਰੋਂਦ ਤੇ ਕਬਜ਼ਾ ਕਰ ਲਿਆ।ਪਿਸ਼ੌਰ ਤੋਂ ਜਮਰੌਦ ਦੇ ਰਾਹ ਬੁਰਜ ਹਰੀ ਸਿੰਘ ਕਿਲਾ ਬਣਵਾਇਆ।ਇਕ ਕਿਲਾ ਬਾੜਾ ਨਦੀ ਦ ਕੰਢੇ ਅਤੇ ਹਸਤਨਗਰ, ਬਿੱਜਰ ਤੇ ਗੰਧਾਰ ਤੇ ਰਾਹ ਰੋਕਣ ਲਈ ਸੰਕਰ ਗੜਾ ਕਿਲਾ ਬਣਾਇਆ।ਉਸ ਪਠਾਣੀ ਇਲਾਕੇ ਵਿੱਚ ਵੱਡੀ ਫ਼ੌਜ ਰਖ ਕੇ ਅਮਨ ਕਾਇਮ ਕੀਤਾ। ਅਪ੍ਰੈਲ 1837 ਨੂੰ ਦੋਸਤ ਮੁਹੰਮਦ ਖਾਂ ਨੇ ਸਿੱਖ ਰਾਜ ਵਿਰੁਧ ਜਹਾਦ ਦਾ ਐਲਾਨ ਕਰ ਦਿੱਤਾ।ਆਪਣੇ ਪੁੱਤਰ ਮੁਹੰਮਦ ਅਕਬਰ ਦੇ ਹੇਠ ਫ਼ੌਜ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜੀ। ਉਸ ਵੇਲੇ ਸ੍ਰ. ਮਹਾ ਸਿੰਘ ਦੇ ਕੋਲ 800 ਫੌਜੀ ਸਨ ਤੇ ਉਹ ਬਿਮਾਰ ਸੀ।ਸ੍ਰ. ਹਰੀ ਸਿੰਘ ਨਲੂਆ ਵੀ ਮੌਜੂਦ ਨਹੀਂ ਸੀ।ਦੁਸ਼ਮਣ ਦੀ ਫ਼ੌਜ ਨੇ ਜਮਰੌਦ ਕਿਲੇ ਦੀਆਂ ਕੰਧਾਂ ਤੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਸ੍ਰ. ਮਹਾ ਸਿੰਘ ਨੇ ਮੁਕਾਬਲਾ ਕੀਤਾ।ਪਠਾਣਾਂ ਨੇ ਕਿਲੇ ਦੀ ਕੰਧ ਢਾਹ ਲਈ ਪਰ ਡਰਦੇ ਕਿਲੇ ਅੰਦਰ ਨਾ ਵੜੇ।ਸ੍ਰ. ਹਰੀ ਸਿੰਘ ਨਲੂਆ ਵੱਲ ਚਿੱਠੀ ਭੇਜੀ ਗਈ।ਸ੍ਰ. ਨਲੂਆ 10 ਹਜਾਰ ਦੀ ਫ਼ੌਜ ਲੈ ਕੇ ਜਮਰੌਦ ਪੁੱਜਾ।ਸਿੰਘਾਂ ਅਤੇ ਪਠਾਣਾਂ ਦੀ ਭਿਆਨਕ ਲੜਾਈ ਹੋਈ। ਸਿੰਘਾਂ ਨੇ ਪਠਾਣਾਂ ਨੂੰ ਮਾਰ ਢੇਰ ਲਗਾ ਦਿੱਤੇ।ਪਠਾਣੀ ਫ਼ੌਜ ਭੱਜ ਪਈ।ਉਹ 14 ਤੋਪਾਂ ਤੇ ਜੰਗੀ ਸਮਾਨ ਵੀ ਛੱਡ ਗਏ।ਸ੍ਰ. ਨਿਧਾਨ ਸਿੰਘ ਪਿੱਛਾ ਕਰਦਾ ਪਠਾਣੀ ਫ਼ੌਜ ਦੇ ਘੇਰੇ ਵਿੱਚ ਆ ਗਿਆ।ਸ੍ਰ. ਨਲੂਆ ਉਸ ਦੀ ਮਦਦ ਲਈ ਦੌੜੇ।ਪਠਾਣ ਲੁਕੇ ਹੋਏ ਵੀ ਸਨ।ਉਹਨਾਂ ਸ੍ਰ. ਨਲੂਆ ਤੇ ਗੋਲੀਆਂ ਚਲਾ ਦਿੱਤੀਆਂ।ਸਖ਼ਤ ਫੱਟੜ ਖ਼ਾਲਸੇ ਨੇ ਲੁਕ ਹੋਏ ਪਠਾਣਾ ਨੂੰ ਮਾਰ ਮੁਕਾਇਆ।ਸ੍ਰ. ਨਲੂਆ ਜਮਰੌਦ ਦੇ ਕਿਲੇ ਵਿੱਚ ਲਿਜਾਇਆ ਗਿਆ।ਜ਼ਖ਼ਮਾਂ ਦਾ ਇਲਾਜ ਕੀਤਾ ਪਰ ਉਹ ਸ਼ਹੀਦੀ ਪਾ ਗਏ।ਮਹਾਰਾਜ ਆਪ ਪਿਸ਼ੌਰ ਗਏ ਤੇ ਬਹਾਦਰ ਜਰਨੈਲ ਨੂੰ ਸ਼ਰਧਾਂਜਲੀ ਦਿੱਤੀ।

ਅਫ਼ਗਾਨ ਤੇ ਕਬਜ਼ਾ ਕਰਨ ਲਈ ਮਹਾਰਾਜਾ ਨੇ ਕੰਵਰ ਨੌਂ ਨਿਹਾਲ ਸਿੰਘ ਹੇਠ ਫ਼ੌਜ ਭੇਜੀ।ਇਸ ਜੰਗ ਵਿੱਚ ਸਿੱਖ ਅਤੇ ਅੰਗਰੇਜ਼ ਰਲ ਕ ਲੜੇ।ਦੋਸਤ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ।ਸ਼ਾਹ ਸੁਜਾਹ ਨੂੰ ਕਾਬਲ ਦਾ ਹਾਕਮ ਬਣਾਇਆ।

ਮਈ 1839 ਨੂੰ ਮਹਾਰਾਜਾ ਨੂੰ ਅਧਰੰਗ ਦਾ ਸਖ਼ਤ ਦੌਰਾ ਪਿਆ।ਰੋਗ ਵਧਦਾ ਹੀ ਗਿਆ। ਮਹਾਰਾਜਾ ਨੇ ਸਭ ਮੁਹਤਬਰਾਂ ਅਹਿਲਕਾਰਾਂ ਨੂੰ ਬੁਲਾ ਕੇ ਹਜ਼ੂਰੀ ਬਾਗ ਵਿੱਚ ਆਖਰੀ ਦਰਬਾਰ ਕੀਤਾ।ਸ਼ਾਹਜਾਦਾ ਖੜਕ ਸਿੰਘ ਨੂੰ ਰਾਜ ਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ।ਮੁੱਖ ਵਜ਼ੀਰ ਰਾਜਾ ਧਿਆਨ ਸਿੰਘ ਨੂੰ ਬਣਾਇਆ।ਮਹਾਰਾਜਾ ਦੇ ਬੋਲ ਸਨ ਕਿ ਖ਼ਾਲਸਾ ਜੀ ਸਿੱਖ ਰਜ ਦੀ ਵਾੜੀ ਨੂੰ ਬੜੀ ਮਿਹਨਤ ਅਤੇ ਮੁਸ਼ਕਿਲ ਨਾਲ ਸਤਿਗੁਰੂ ਦੀ ਬਖਸ਼ਿਸ਼ ਨਾਲ ਲਾਇਆ ਹੈ।ਵੇਖਣਾ, ਕੋਈ ਐਸਾ ਕੰਮ ਨਾ ਕਰਨਾ ਕਿ ਖ਼ਾਲਸਾ ਰਾਜ ਨੂੰ ਨੁਕਸਾਨ ਪੁੱਜ।ਖ਼ਾਲਸਾਈ ਨਿਸ਼ਾਨ ਨੂੰ ਉੱਚਾ ਰੱਖਣ ਲਈ ਜੋਰ ਲਾਉਣਾ।ਮਹਾਰਾਜਾ ਦਾ ਅਕਾਲ ਚਲਾਣਾ 27 ਜੂਨ ਨੂੰ ਹੋਇਆ।ਲੋਕ ਮਹਾਰਾਜਾ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ।ਮਹਾਰਾਜਾ ਦਾ ਸਸਕਾਰ ਛੋਟੀ ਰਾਵੀ ਦੇ ਕੰਢੇ ਲਾਹੌਰ ਕਿਲੇ ਦੇ ਬਾਹਰ ਗੁਰਦੁਆਰਾ ਡੇਹਰਾ ਸਾਹਿਬ ਸਾਹਮਣੇ ਕੀਤਾ ਗਿਆ।ਇਸ ਦੀ ਯਾਦਗਾਰ ਪੱਛਮੀ ਪਾਕਿਸਤਾਨ ਵਿੱਚ ਰਹਿ ਗਈ ਹੈ। ਮਹਾਰਾਜਾ ਨੇ ਇਕ ਵਿਸ਼ਾਲ ਖ਼ਾਲਸਾ ਰਾਜ ਸਥਾਪਿਤ ਕੀਤਾ। ਜਿਸ ਦੇ ਚਾਰ ਸੂਬੇ ਲਾਹੌਰ , ਮੁਲਤਾਨ , ਪਿਸ਼ਾਵਰ ਤੇ ਕਸ਼ਮੀਰ ਸਨ।

**ਅਜੀਬੋ ਗ਼ਰੀਬ ਦੁਨੀਆਂ**

# ਦੁਨੀਆਂ ਦੇ ਅਜੀਬੋ-ਗ਼ਰੀਬ ਧਾਰਮਿਕ ਰੀਤੀ-ਰਿਵਾਜ







ਸੰਸਾਰ ਵਿੱਚ ਵੱਖ-ਵੱਖ ਜਾਤਾਂ ਅਤੇ ਫਿਰਕਿਆਂ ਦੇ ਲੋਕ ਰਹਿੰਦੇ ਹਨ। ਵੱਖ-ਵੱਖ ਜਾਤਾਂ ਅਤੇ ਫਿਰਕਿਆਂ ਦੇ ਵੱਖੋ-ਵੱਖਰੇ ਗੀਤੀ-ਰਿਵਾਜ ਅਤੇ ਵਿਸ਼ਵਾਸ ਹਨ। ਵਿਆਹਾਂ ਵਿੱਚ ਵੀ ਕਈ ਤਰ੍ਹਾਂ ਦੀਆਂ ਗੀਤੀ-ਰਿਵਾਜਾਂ ਦਾ ਪਾਲਣ ਕੀਤਾ ਜਾਂਦਾ ਹੈ। ਇਨ੍ਹਾਂ ਗੀਤੀ-ਰਿਵਾਜਾਂ ਦਾ ਵੱਖਰਾ ਮਹੱਤਵ ਹੈ ਪਰ ਕਈ ਗੀਤੀ-ਰਿਵਾਜਾਂ ਬਾਰੇ ਜਾਣ ਕੇ ਹੈਰਾਨੀ ਹੁੰਦੀ ਹੈ।

**ਲਾਸ਼ ਨਾਲ ਡਾਂਸ ਕਰਨਾ**



ਮੈਡਾਗਾਸਕਰ ਵਿੱਚ ਰਹਿਣ ਵਾਲੇ ਮੈਲਾਗਾਸੀ ਕਬੀਲੇ ਵਿੱਚ ਫਮਾਦੀਹਾਨਾ ਨਾਮ ਦੀ ਇੱਕ ਪਰੰਪਰਾ ਦਾ ਪਾਲਣ ਕੀਤਾ ਜਾਂਦਾ ਹੈ। ਇਹ ਰਸਮ ਹਰ ਸੱਤ ਸਾਲ ਬਾਅਦ ਕੀਤੀ ਜਾਂਦੀ ਹੈ। ਇਸ ਰਿਵਾਜ ਵਿੱਚ, ਕਬੀਲੇ ਦੇ ਲੋਕ ਆਪਣੇ ਪੁਰਖਿਆਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਦੇ ਹਨ ਅਤੇ ਫਿਰ ਉਨ੍ਹਾਂ ਨੂੰ ਨਵੇਂ ਕੱਪੜੇ ਵਿੱਚ ਲਪੇਟਦੇ ਹਨ। ਇਸ ਤੋਂ ਬਾਅਦ ਉਹ ਗੀਤ ਗਾਉਂਦੇ ਹਨ ਅਤੇ ਕਬਰ ਦੇ ਦੁਆਲੇ ਨੱਚਦੇ ਹਨ। ਅਜਿਹਾ ਮੰਨਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੇ ਪੂਰਵਜ ਉਨ੍ਹਾਂ ਨੂੰ ਖ਼ੁਸ਼ਹਾਲ ਅਤੇ ਖ਼ੁਸ਼ਹਾਲ ਰਹਿਣ ਦਾ ਆਸ਼ੀਰਵਾਦ ਦਿੰਦੇ ਹਨ।

**ਸ਼ਾਕਾਹਾਰੀ ਤਿਉਹਾਰ**

ਸ਼ਾਕਾਹਾਰੀ ਤਿਉਹਾਰ ਹਰ ਸਾਲ ਫੂਕੇਟ, ਥਾਈਲੈਂਡ ਵਿੱਚ ਮਨਾਇਆ ਜਾਂਦਾ ਹੈ। ਇਸ ਦੌਰਾਨ ਅਨੇਕਾਂ ਗਤੀਵਿਧੀਆਂ ਦੇਖਣ ਨੂੰ ਮਿਲਦੀਆਂ ਹਨ। ਲੋਕ ਇਸ ਤਿਉਹਾਰ ਤੋਂ 9 ਦਿਨ ਪਹਿਲਾਂ ਮੀਟ ਖਾਣਾ ਬੰਦ ਕਰ ਦਿੰਦੇ ਹਨ ਪਰ ਇਸ ਤਿਉਹਾਰ 'ਚ ਬਹੁਤ ਹੀ ਅਜੀਬ ਪਰੰਪਰਾ ਦਾ ਪਾਲਣ ਕੀਤਾ ਜਾਂਦਾ ਹੈ। ਇੱਥੇ ਲੋਕ ਤਿੱਖੇ ਚਾਕੂਆਂ ਜਾਂ ਤਲਵਾਰਾਂ ਨਾਲ ਆਪਣੀਆਂ ਗੱਲ੍ਹਾਂ ਅਤੇ ਬੁੱਲ੍ਹਾਂ ਨੂੰ ਕੱਟ ਦਿੰਦੇ ਹਨ। ਲੋਕਾਂ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਭਗਵਾਨ ਉਨ੍ਹਾਂ ਦੀ ਰੱਖਿਆ ਕਰਦੇ ਹਨ।

**ਲੂਣ ਮੰਗਣਾ ਅਪਰਾਧ**

ਮਿਸਰ ਵਿੱਚ ਲੂਣ ਮੰਗਣਾ ਅਪਰਾਧ ਮੰਨਿਆ ਜਾਂਦਾ ਹੈ। ਇੱਥੇ, ਜਦੋਂ ਤੁਸੀਂ ਕਿਸੇ ਦੇ ਘਰ ਮਹਿਮਾਨ ਬਣ ਕੇ ਜਾਂਦੇ ਹੋ, ਤਾਂ ਗਲਤੀ ਨਾਲ ਵੀ ਖਾਣੇ ਵਿੱਚ ਨਮਕ ਦੀ ਮੰਗ ਨਾ ਕਰੋ। ਮਿਸਰ ਵਿੱਚ ਲੂਣ ਮੰਗਣਾ ਮੇਜ਼ਬਾਨ ਦਾ ਅਪਮਾਨ ਮੰਨਿਆ ਜਾਂਦਾ ਹੈ।

**ਉਂਗਲੀ ਕੱਟਣੀ**

ਇੰਡੋਨੇਸ਼ੀਆ ਦੇ ਦਾਨੀ ਕਬੀਲੇ ਵਿੱਚ ਇੱਕ ਅਜੀਬ ਪਰੰਪਰਾ ਦਾ ਪਾਲਣ ਕੀਤਾ ਜਾਂਦਾ ਹੈ। ਇੱਥੇ ਪਰਿਵਾਰ 'ਚ ਕਿਸੇ ਦੀ ਮੌਤ ਹੋਣ 'ਤੇ ਔਰਤਾਂ ਨੂੰ ਆਪਣੀਆਂ ਉਂਗਲਾਂ ਕੱਟਣੀਆਂ ਪੈਂਦੀਆਂ ਹਨ। ਹਾਲਾਂਕਿ ਇਸ ਪਰੰਪਰਾ 'ਤੇ ਕੁਝ ਸਮੇਂ ਤੋਂ ਪਾਬੰਦੀ ਲੱਗੀ ਹੋਈ ਹੈ। ਪਰ ਕੁਝ ਬਜ਼ੁਰਗ ਅਜੇ ਵੀ ਇਸ ਪਰੰਪਰਾ ਦਾ ਪਾਲਣ ਕਰਦੇ ਹਨ।

**ਅੱਗ 'ਤੇ ਤੁਰਨਾ**

ਚੀਨ ਵਿੱਚ ਵੀ ਲੋਕ ਇੱਕ ਅਜੀਬ ਗੀਤ ਦਾ ਪਾਲਣ ਕਰਦੇ ਹਨ। ਇੱਥੇ ਪਤੀ ਨੂੰ ਗਰਭਵਤੀ ਪਤਨੀ ਨਾਲ ਬਲਦੀ ਅੱਗ 'ਤੇ ਨੰਗੇ ਪੈਰੀਂ ਤੁਰਨਾ ਪੈਂਦਾ ਹੈ। ਮੰਨਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਡਿਲੀਵਰੀ ਆਸਾਨ ਹੋ ਜਾਂਦੀ ਹੈ।





TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035






# ਬੱਚਿਆਂ ਲਈ ਨੁਕਸਾਨਦੇਹ ਹਨ ਮੋਬਾਇਲ ਗੇਮਾਂ

## ਦਿਮਾਗ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਗੰਭੀਰ ਪ੍ਰਭਾਵ ਪਾ ਸਕਦੀ ਹੈ ਮੋਬਾਈਲ ਦੀ ਜ਼ਿਆਦਾ ਵਰਤੋਂ



ਬਚਪਨ ਵਿੱਚ ਜਿਸ ਤਰ੍ਹਾਂ ਦੀਆਂ ਗੱਲਾਂ ਅਸੀਂ ਬਹੁਤ ਦੇਖਦੇ, ਸੁਣਦੇ ਅਤੇ ਪੜ੍ਹਦੇ ਹਾਂ, ਉਸ ਦਾ ਸਿੱਧਾ ਅਸਰ ਮਨ 'ਤੇ ਪੈਂਦਾ ਹੈ। ਸਿਹਤ ਮਾਹਿਰ ਬੱਚਿਆਂ ਦੀ ਮੋਬਾਈਲ 'ਤੇ ਜ਼ਿਆਦਾ ਸਮਾਂ ਬਿਤਾਉਣ ਦੀ ਆਦਤ ਨੂੰ ਕਈ ਤਰੀਕਿਆਂ ਨਾਲ ਨੁਕਸਾਨਦੇਹ ਮੰਨਦੇ ਹਨ। ਮੋਬਾਈਲ ਦੀ ਜ਼ਿਆਦਾ ਵਰਤੋਂ ਦਿਮਾਗ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਗੰਭੀਰ ਪ੍ਰਭਾਵ ਪਾ ਸਕਦੀ ਹੈ।

ਬੱਚਿਆਂ ਵਿੱਚ ਨਵੀਆਂ ਚੀਜ਼ਾਂ ਸਿੱਖਣ ਦੀ ਸਮਰੱਥਾ ਵੱਧ ਹੁੰਦੀ ਹੈ। ਬੱਚੇ ਕੁਦਰਤੀ ਤੌਰ 'ਤੇ ਕਿਸੇ ਚੀਜ਼ ਨੂੰ ਸਮਝਣ ਨਾਲੋਂ ਚੀਜ਼ਾਂ ਨੂੰ ਵੇਖਣ ਵਿੱਚ ਵਧੇਰੇ ਮਾਹਰ ਹੁੰਦੇ ਹਨ। ਅਜਿਹੇ 'ਚ ਜੇਕਰ ਬੱਚਾ ਮੋਬਾਇਲ ਫੋਨ 'ਤੇ ਜ਼ਿਆਦਾ ਸਮਾਂ ਬਿਤਾਉਣ ਦੇ ਨਾਲ-ਨਾਲ ਗੇਮਾਂ 'ਤੇ ਜ਼ਿਆਦਾ ਸਮਾਂ ਬਿਤਾਉਂਦਾ ਹੈ ਤਾਂ ਇਸ ਦਾ ਸਿੱਧਾ ਅਸਰ ਦਿਮਾਗ 'ਤੇ ਪੈਂਦਾ ਹੈ।ਮੋਬਾਈਲ-ਵੀਡੀਓ ਗੇਮਾਂ ਦਾ ਸੁਭਾਅ ਬੱਚਿਆਂ 'ਤੇ ਜ਼ਿਆਦਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਗੇਮ ਖੇਡਦੇ ਸਮੇਂ ਤੁਹਾਡਾ ਪੂਰਾ ਧਿਆਨ ਕੰਮ 'ਤੇ ਹੁੰਦਾ ਹੈ। ਅਜਿਹੇ 'ਚ ਜੇਕਰ ਇਸ ਦਾ ਰੁਝਾਨ ਹਿੰਸਕ, ਕੁੱਟਮਾਰ, ਗੋਲੀ ਚਲਾਉਣ ਦਾ ਹੋਵੇ ਤਾਂ ਇਹ ਬੱਚੇ ਦੇ ਮਨ ਨੂੰ ਉਸ ਅਨੁਸਾਰ ਬਦਲਣ ਲੱਗਦਾ ਹੈ।

ਹਰ ਰੋਜ਼ ਮੋਬਾਈਲ 'ਤੇ ਅਜਿਹੀਆਂ ਗੇਮਾਂ 'ਤੇ ਘੰਟੇ ਬਿਤਾਉਣ ਨਾਲ ਬੱਚੇ ਇਸ ਦੇ ਆਦੀ ਹੋ ਜਾਂਦੇ ਹਨ। ਉਹ ਉਸ ਖੇਡ ਤੋਂ ਬਿਨਾਂ ਨਹੀਂ ਰਹਿ ਸਕਦੇ, ਜਿਸ ਦੌਰਾਨ ਜੋ ਕੋਈ ਉਨ੍ਹਾਂ ਨੂੰ ਉਸ ਖੇਡ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਬੱਚਿਆਂ ਦਾ ਦੁਸ਼ਮਣ ਬਣ ਜਾਂਦਾ ਹੈ। ਬੱਚਿਆਂ ਨੂੰ ਅਜਿਹੀਆਂ ਬਿਮਾਰੀਆਂ ਤੋਂ ਮੁਕਤ ਰੱਖਣ ਲਈ ਜ਼ਰੂਰੀ ਹੈ ਕਿ ਮਾਪੇ ਬੱਚਿਆਂ ਦੀ ਨਿਗਰਾਨੀ ਕਰਦੇ ਰਹਿਣ। ਤੁਸੀਂ ਦੇਖਦੇ ਹੋ ਕਿ ਬੱਚੇ ਕਿਵੇਂ ਵਿਹਾਰ ਕਰ ਰਹੇ ਹਨ, ਉਹ ਕਿਸ ਤਰ੍ਹਾਂ ਦੀਆਂ ਖੇਡਾਂ ਖੇਡ ਰਹੇ ਹਨ, ਉਹ ਦੂਜਿਆਂ ਨਾਲ ਕਿਵੇਂ ਪੇਸ਼ ਆਉਂਦੇ ਹਨ।

ਇਸ ਤੋਂ ਇਲਾਵਾ ਮੋਬਾਈਲ 'ਤੇ ਜ਼ਿਆਦਾ ਸਮਾਂ ਬਿਤਾਉਣ ਵਾਲੇ ਬੱਚਿਆਂ 'ਚ ਨੀਂਦ ਦੀ ਕਮੀ ਅਤੇ ਨੀਂਦ ਦੀ ਗੁਣਵੱਤਾ 'ਚ ਗਿਰਾਵਟ ਵਰਗੀਆਂ ਸਮੱਸਿਆਵਾਂ ਜ਼ਿਆਦਾ ਦੇਖਣ ਨੂੰ ਮਿਲਦੀਆਂ ਹਨ। ਸੈੱਲ ਫੋਨਾਂ ਤੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਮੇਲੇਟੋਨਿਨ ਦੇ ਉਤਪਾਦਨ ਵਿੱਚ ਦਖਲ ਦਿੰਦੀ ਹੈ। ਮੇਲਾਟੋਨਿਨ ਇੱਕ ਹਾਰਮੋਨ ਹੈ ਜੋ ਨੀਂਦ-ਜਾਗਣ ਦੇ ਚੱਕਰ ਨੂੰ ਨਿਯੰਤ੍ਰਿਤ ਕਰਦਾ ਹੈ। ਜਦੋਂ ਇਹ ਹਾਰਮੋਨ ਅਸੰਤੁਲਿਤ ਹੋ ਜਾਂਦਾ ਹੈ, ਤਾਂ ਇਹ ਨੀਂਦ ਵਿਕਾਰ ਦੀ ਸ਼ਿਕਾਇਤ ਨੂੰ ਵਧਾ ਦਿੰਦਾ ਹੈ। ਨੀਂਦ ਦੀ ਕਮੀ ਕਈ ਗੰਭੀਰ ਬਿਮਾਰੀਆਂ ਦਾ ਕਾਰਕ ਹੈ।ਬੱਚਿਆਂ ਸਮੇਤ ਹਰ ਉਮਰ ਵਰਗ ਦੇ ਲੋਕਾਂ ਵਿੱਚ ਮੋਬਾਈਲ ਦੀ ਵੱਧਦੀ ਵਰਤੋਂ ਮਾਨਸਿਕ ਸਿਹਤ ਦੇ ਲਿਹਾਜ਼ ਨਾਲ ਬਹੁਤ ਨੁਕਸਾਨਦੇਹ ਮੰਨੀ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਬੱਚੇ ਬਾਹਰ ਖੇਡਦੇ ਸਨ, ਕੁਦਰਤ ਨਾਲ ਜੁੜੇ ਹੁੰਦੇ ਸਨ, ਇੱਕ ਦੂਜੇ ਨੂੰ ਮਿਲਦੇ ਸਨ। ਇਸ ਦੇ ਨਾਲ ਹੀ ਮੋਬਾਈਲ ਨੇ ਇਨ੍ਹਾਂ ਸਾਰੀਆਂ ਆਦਤਾਂ ਨੂੰ ਸੀਮਤ ਕਰ ਦਿੱਤਾ ਹੈ, ਅਜਿਹੇ ਵਿੱਚ ਬੱਚਿਆਂ ਵਿੱਚ ਕਈ ਤਰ੍ਹਾਂ ਦੀਆਂ ਮਾਨਸਿਕ ਸਿਹਤ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਹਨ। ਇਹੀ ਕਾਰਨ ਹੈ ਕਿ ਅੱਜ ਦੇ ਬੱਚੇ ਇੱਕ ਦਹਾਕਾ ਪਹਿਲਾਂ ਦੇ ਬੱਚਿਆਂ ਨਾਲੋਂ ਜ਼ਿਆਦਾ ਹਮਲਾਵਰ, ਝਗੜਾਲੂ, ਸੁਸਤ ਅਤੇ ਬੋਲਚਾਲ ਵਾਲੇ ਅਤੇ ਚਿੜਚਿੜੇ ਹੁੰਦੇ ਜਾ ਰਹੇ ਹਨ। ਮਾਪੇ ਕੁਝ ਆਰਾਮ ਕਰਨ, ਬੱਚਿਆਂ ਨੂੰ ਖਾਣ ਲਈ ਜਾਂ ਬੱਚਿਆਂ ਨੂੰ ਵਿਅਸਤ ਰੱਖਣ ਲਈ ਮੋਬਾਈਲ ਦਿੰਦੇ ਹਨ। ਇਹ ਹੌਲੀ-ਹੌਲੀ ਬੱਚਿਆਂ ਲਈ ਇੱਕ ਨਸ਼ਾ ਬਣ ਜਾਂਦਾ ਹੈ, ਇੱਕ ਨਸ਼ਾ ਜਿਸ ਤੋਂ ਬਿਨਾਂ ਬੱਚੇ ਨਹੀਂ ਰਹਿ ਸਕਦੇ। ਉਨ੍ਹਾਂ ਨੂੰ ਇਹ ਅਹਿਸਾਸ ਵੀ ਨਹੀਂ ਹੁੰਦਾ ਕਿ ਵਿਨਾਸ਼ ਦੀ ਚਾਬੀ ਆਰਾਮ ਲਈ ਬੱਚਿਆਂ ਦੇ ਹੱਥਾਂ ਵਿੱਚ ਦਿੱਤੀ ਗਈ ਹੈ। ਮੋਬਾਈਲ ਨੇ ਬੱਚਿਆਂ ਦੇ ਸੁਭਾਅ ਨੂੰ ਤਬਾਹ ਕਰ ਦਿੱਤਾ ਹੈ। ਬੱਚੇ, ਬੱਚੇ ਘੱਟ ਸਿਆਣੇ ਹੁੰਦੇ ਜਾ ਰਹੇ ਹਨ। ਮਿਸਾਲ ਦੇ ਤੌਰ 'ਤੇ ਆਪਣੇ ਨਿੱਕੇ-ਨਿੱਕੇ ਸੁੱਖ ਦੀ ਭਾਲ ਵਿੱਚ ਅਸੀਂ ਬੱਚਿਆਂ ਤੋਂ ਬਚਪਨ ਖੋਹ ਲਿਆ ਹੈ, ਇਸ ਦੇ ਨਤੀਜੇ ਸਾਹਮਣੇ ਆਉਂਦੇ ਰਹਿੰਦੇ ਹਨ।



# ਬੱਚਿਆਂ ਦੀ ਪੜ੍ਹਾਈ ਦਾ ਵਿਸ਼ੇਸ਼ ਧਿਆਨ ਰੱਖਣ ਮਾਪੇ

ਅਕਸਰ ਹਰ ਮਾਤਾ-ਪਿਤਾ ਨੂੰ ਇਹ ਸ਼ਿਕਾਇਤ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈ ਰਿਹਾ ਹੈ। ਬਹੁਤ ਸਾਰੇ ਮਾਪੇ ਸਾਰਾ ਦਿਨ ਬੱਚਿਆਂ ਦੇ ਪਿੱਛੇ ਲੱਗਦੇ ਰਹਿੰਦੇ ਹਨ, ਫਿਰ ਵੀ ਉਨ੍ਹਾਂ ਦਾ ਧਿਆਨ ਪੜ੍ਹਾਈ ਵੱਲ ਨਹੀਂ ਜਾਂਦਾ। ਇਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਲੌਕਡਾਊਨ ਦੌਰਾਨ ਸਕੂਲ ਦਾ ਲੰਬੇ ਸਮੇਂ ਤੱਕ ਬੰਦ ਹੋਣਾ ਹੈ। ਇਸ ਤੋਂ ਇਲਾਵਾ ਇਸ ਦੇ ਪਿੱਛੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ ਜਿਵੇਂ ਤਣਾਅ 'ਚ ਰਹਿਣਾ, ਜ਼ਿਆਦਾ ਸੋਚਣਾ, ਇਕਾਗਰਤਾ ਦੀ ਕਮੀ, ਥਕਾਵਟ ਮਹਿਸੂਸ ਕਰਨਾ ਆਦਿ... ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਅਸੀਂ ਤੁਹਾਨੂੰ ਕੁਝ ਟਿਪਸ ਦੱਸ ਰਹੇ ਹਾਂ, ਜਿਨ੍ਹਾਂ ਨੂੰ ਤੁਸੀਂ ਅਪਣਾਓਗੇ ਤਾਂ ਤੁਹਾਡਾ ਬੱਚਾ ਪੜ੍ਹਾਈ ਦੇ ਨਾਲ-ਨਾਲ ਉਸ ਦੀ ਦਿਮਾਗੀ ਸ਼ਕਤੀ ਵੀ ਵਧੇਗੀ।

**ਦਿਮਾਗੀ ਖੇਡਾਂ ਖੇਡਣ ਦਿਓ**

ਤੁਸੀਂ ਆਪਣੇ ਬੱਚੇ ਨੂੰ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਲਈ ਦਿਮਾਗੀ ਖੇਡਾਂ ਦੀ ਮਦਦ ਲੈ ਸਕਦੇ ਹੋ। ਅਜਿਹਾ ਕਰਨ ਨਾਲ ਉਨ੍ਹਾਂ ਦਾ ਧਿਆਨ ਫ਼ੋਨ ਤੋਂ ਹਟ ਜਾਵੇਗਾ ਅਤੇ ਇਹ ਬੱਚੇ ਦੀ ਪੜ੍ਹਾਈ ਦੇ ਨਾਲ-ਨਾਲ ਇਕਾਗਰਤਾ ਵਧਾਉਣ 'ਚ ਵੀ ਮਦਦ ਕਰਦਾ ਹੈ। ਹਾਲਾਂਕਿ, ਖੇਡਣ ਦੇ ਸਮੇਂ ਨੂੰ ਧਿਆਨ ਵਿੱਚ ਰੱਖੋ। 2015 ਦੇ ਇੱਕ ਅਧਿਐਨ ਅਨੁਸਾਰ, 4715 ਲੋਕਾਂ ਨੂੰ ਦਿਨ ਵਿੱਚ 15 ਮਿੰਟ ਅਤੇ ਹਫ਼ਤੇ ਵਿੱਚ 5 ਦਿਨ ਦਿਮਾਗੀ ਖੇਡਾਂ ਖੇਡਣ ਲਈ ਕਿਹਾ ਗਿਆ ਸੀ। ਰਿਸਰਚ 'ਚ ਪਾਇਆ ਗਿਆ ਹੈ ਕਿ ਇਸ ਨਾਲ ਉਨ੍ਹਾਂ ਲੋਕਾਂ ਦੇ ਦਿਮਾਗ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਅਜਿਹੀ ਸਥਿਤੀ 'ਚ ਆਪਣੇ ਬੱਚਿਆਂ ਨੂੰ ਸ਼ਤਰੰਜ, ਸੁਡੋਕੋ, ਪਹੇਲੀ, ਸਕ੍ਰੈਬਲ ਵਰਗੀਆਂ ਖੇਡਾਂ ਖਿਡਾਓ।

**ਯੋਗਾ ਕਰਵਾਓ**

ਬੱਚੇ ਵਿੱਚ ਇਕਾਗਰਤਾ ਵਧਾਉਣ ਲਈ ਤੁਸੀਂ ਯੋਗਾ ਦਾ ਸਹਾਰਾ ਵੀ ਲੈ ਸਕਦੇ ਹੋ। ਯੋਗਾ ਨੂੰ ਕਰਨ ਨਾਲ ਮਨ ਦੀ ਇਕਾਗਰਤਾ ਵਧਾਉਣ ਵਿੱਚ ਮਦਦ ਮਿਲਦੀ ਹੈ। ਇਕ ਲੱਤ 'ਤੇ ਸੰਤੁਲਨ ਰੱਖਣ ਨਾਲ ਮਨ ਨੂੰ ਸੰਤੁਲਨ ਅਤੇ ਸਥਿਰਤਾ ਮਿਲਦੀ ਹੈ। ਜਦੋਂ ਮਨ ਵਿਚ ਸੰਤੁਲਨ ਅਤੇ ਇਕਾਗਰਤਾ ਵਧੇਗੀ ਤਾਂ ਪੜ੍ਹਾਈ ਵਿੱਚ ਕਾਫੀ ਮਦਦ ਮਿਲੇਗੀ।

**ਸਰੀਰਕ ਸ਼ਕਤੀ ਨਾਲ ਖੇਡਾਂ ਖੇਡਣ ਦਿਓ**

ਅਜਿਹਾ ਨਾ ਹੋਵੇ ਕਿ ਬੱਚੇ ਦਿਨ ਭਰ ਮੋਬਾਈਲ ਫੋਨ 'ਚ ਹੀ ਡੁੱਬੇ ਰਹਿਣ, ਇਸ ਨਾਲ ਉਨ੍ਹਾਂ ਦੀ ਇਕਾਗਰਤਾ 'ਤੇ ਵੀ ਅਸਰ ਪੈਂਦਾ ਹੈ। ਤੁਸੀਂ ਬੱਚੇ ਨੂੰ ਇੱਕ ਘੰਟੇ ਲਈ ਬਾਹਰ ਲੈ ਜਾਓ ਅਤੇ ਉਸ ਨੂੰ ਮੈਦਾਨ ਵਿੱਚ ਖੇਡਣ ਦਿਓ, ਜਾਂ ਤਾਂ ਬੱਚਾ ਸਾਈਕਲ ਚਲਾਵੇ ਜਾਂ ਕੋਈ ਬਾਹਰੀ ਖੇਡ ਖੇਡੇ, ਜਿਸ ਨਾਲ ਸਰੀਰਕ ਵਿਕਾਸ ਹੁੰਦਾ ਹੈ।

**ਪੋਸ਼ਕ ਤੱਤਾਂ ਦੀ ਕਮੀ ਨਾ ਹੋਣ ਦਿਓ**

ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਬੱਚੇ ਦੇ ਖਾਣੇ ਦੀ ਪਲੇਟ ਵਿੱਚ ਪੋਸ਼ਕ ਤੱਤਾਂ ਦੀ ਕਮੀ ਨਾ ਹੋਵੇ। ਇਸ ਨਾਲ ਧਿਆਨ ਲਗਾਉਣ ਵਿੱਚ ਵੀ ਮੁਸ਼ਕਲ ਆਉਂਦੀ ਹੈ। ਬੱਚਿਆਂ ਦੀ ਖੁਰਾਕ ਵਿੱਚ ਫਲ, ਸਬਜ਼ੀਆਂ, ਅੰਡੇ, ਦੁੱਧ ਆਦਿ ਨੂੰ ਸ਼ਾਮਲ ਕਰੋ। ਇਸ ਤੋਂ ਇਲਾਵਾ ਬੱਚੇ ਦੀ ਖੁਰਾਕ ਵਿਚ ਟਮਾਟਰ, ਸ਼ਕਰਕੰਦੀ, ਕੱਦੂ, ਗਾਜਰ, ਪਾਲਕ ਅਤੇ ਦਹੀਂ ਜ਼ਿਆਦਾ ਹੋਣੇ ਚਾਹੀਦੇ ਹਨ। ਬੱਚਿਆਂ ਨੂੰ ਤੇਲਯੁਕਤ ਅਤੇ ਮਿਰਚਾਂ ਵਾਲੇ ਭੋਜਨ ਤੋਂ ਦੂਰ ਰੱਖੋ, ਇਸ ਨਾਲ ਆਲਸ ਵਧਦਾ ਹੈ। ਬੱਚੇ ਨੂੰ ਕਾਫ਼ੀ ਮਾਤਰਾ ਵਿੱਚ ਪਾਣੀ ਪੀਣ ਦੀ ਸਲਾਹ ਦਿਓ, ਤਾਂ ਜੋ ਆਕਸੀਜਨ ਦਿਮਾਗ ਤੱਕ ਸਹੀ ਢੰਗ ਨਾਲ ਪਹੁੰਚ ਸਕੇ ਅਤੇ ਮਨ ਪੜ੍ਹਾਈ ਕਰ ਸਕੇ।

**ਤਣਾਅ ਤੋਂ ਦੂਰ ਰੱਖੋ**

ਜੇਕਰ ਘਰ 'ਚ ਕਿਸੇ ਤਰ੍ਹਾਂ ਦਾ ਤਣਾਅ ਚੱਲ ਰਿਹਾ ਹੈ ਤਾਂ ਬੱਚੇ ਨੂੰ ਇਸ ਤੋਂ ਦੂਰ ਰੱਖੋ। ਅਜਿਹਾ ਹੋਣ ਤੋਂ ਬਾਅਦ ਵੀ ਬੱਚੇ ਨੂੰ ਪੜ੍ਹਾਈ ਵਿੱਚ ਮਨ ਨਹੀਂ ਲੱਗਦਾ। ਬੱਚੇ ਨੂੰ ਕੁਝ ਦਿਨਾਂ ਲਈ ਕਿਤੇ ਲੈ ਜਾਓ। ਉਨ੍ਹਾਂ ਨਾਲ ਦੋਸਤਾਨਾ ਹੋ ਸਕਦਾ ਹੈ। ਇਸ ਗੱਲ ਦਾ ਵੀ ਧਿਆਨ ਰੱਖੋ ਕਿ ਬੱਚੇ ਦੀ ਨੀਂਦ ਸਹੀ ਢੰਗ ਨਾਲ ਪੂਰੀ ਹੋਵੇ ਕਿਉਂਕਿ ਇਕਾਗਰਤਾ ਲਈ ਦਿਮਾਗ ਦਾ ਰੀਚਾਰਜ ਹੋਣਾ ਵੀ ਬਹੁਤ ਜ਼ਰੂਰੀ ਹੈ।

## ਬਾਲ ਕਹਾਣੀ

ਮਾਸਟਰ ਸੰਜੀਵ ਧਰਮਾਣੀ

# ਪੰਕਜ ਦੀ ਬੁਰੀ ਆਦਤ

ਪੰਜਵੀਂ ਜਮਾਤ ਵਿੱਚ ਪੜ੍ਹਦੇ ਹੋਏ ਪੰਕਜ ਨੂੰ ਚੋਰੀ ਕਰਨ ਦੀ ਮਾੜੀ ਆਦਤ ਪੈ ਗਈ। ਉਹ ਆਪਣੀ ਜਮਾਤ ਦੇ ਵਿਦਿਆਰਥੀਆਂ ਦੇ ਬਸਤਿਆਂ ਵਿੱਚੋਂ ਪੈਨਸਿਲਾਂ , ਪੈਨ ਤੇ ਹੋਰ ਚੀਜ਼ਾਂ ਚੋਰੀ ਕਰਨ ਲੱਗ ਪਿਆ ਸੀ। ਜਮਾਤ ਦੇ ਸਾਰੇ ਵਿਦਿਆਰਥੀ ਉਸ ਦੀ ਇਸ ਬੁਰੀ ਆਦਤ ਤੋਂ ਬਹੁਤ ਪਰੇਸ਼ਾਨ ਸਨ। ਇੱਕ ਦਿਨ ਉਸ ਨੇ ਗੋਪੀ ਦੇ ਬਸਤੇ ਵਿੱਚੋਂ ਰੋਟੀ ਕੱਢ ਕੇ ਖਾ ਲਈ। ਜਦੋਂ ਗੋਪੀ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੀ ਜਮਾਤ ਦੇ ਅਧਿਆਪਕ ਨੂੰ ਇਸ ਬਾਰੇ ਦੱਸਿਆ। ਅਧਿਆਪਕ ਨੇ ਪੰਕਜ ਨੂੰ ਆਪਣੇ ਕੋਲ਼ ਬੁਲਾ ਕੇ ਬਹੁਤ ਪਿਆਰ ਨਾਲ ਉਸ ਨੂੰ ਇਸ ਬੁਰੀ ਆਦਤ ਨੂੰ ਛੱਡ ਦੇਣ ਬਾਰੇ ਸਮਝਾਇਆ। ਪਰ ਪੰਕਜ ਦੇ ਕੰਨ 'ਤੇ ਜੂੰ ਨਾ ਸਰਕੀ। ਤੰਗ - ਪਰੇਸ਼ਾਨ ਹੋ ਕੇ ਅਧਿਆਪਕਾਂ ਨੇ ਉਸਦੇ ਮਾਤਾ - ਪਿਤਾ ਨੂੰ ਸਕੂਲ ਬੁਲਾ ਲਿਆ , ਪਰ ਹੈਰਾਨੀ ਉਦੋਂ ਹੋਈ ਜਦੋਂ ਉਸ ਦੇ ਮਾਤਾ - ਪਿਤਾ ਆਪਣੇ ਬੱਚੇ ਪੰਕਜ ਨੂੰ ਸਮਝਾਉਣ ਜਾਂ ਤਾੜਨ ਦੀ ਥਾਂ ਉਲਟਾ ਸਕੂਲ - ਅਧਿਆਪਕਾਂ ਦੇ ਨਾਲ ਹੀ ਗੁੱਸੇ ਹੋ ਕੇ ਲੜਨ ਲੱਗੇ। ਹੁਣ ਤਾਂ ਅਧਿਆਪਕ ਵੀ ਕੀ ਕਰ ਸਕਦੇ ਸੀ ? ਪੰਜਵੀਂ ਜਮਾਤ ਦਾ ਨਤੀਜਾ ਆ ਗਿਆ ਅਤੇ ਪੰਕਜ ਛੇਵੀਂ ਜਮਾਤ ਵਿੱਚ ਹੋਰ ਸਕੂਲ ਵਿੱਚ ਪੜ੍ਹਾਈ ਕਰਨ ਲੱਗਿਆ। ਸਮਾਂ ਬੀਤਦਾ ਗਿਆ , ਪਰ ਉਸ ਨੇ ਆਪਣੀ ਚੋਰੀ ਕਰਨ ਦੀ ਮਾੜੀ ਆਦਤ ਨਹੀਂ ਛੱਡੀ। ਬਹੁਤ ਸਾਲਾਂ ਬਾਅਦ ਪੰਕਜ ਦੇ ਮਾਤਾ-ਪਿਤਾ ਉਸ ਦੇ ਪ੍ਰਾਇਮਰੀ ਸਕੂਲ ਦ

(ਬਾਕੀ ਸਫ਼ਾ 31 'ਤੇ)

# ਅੱਧੀ ਸਦੀ ਦਾ ਵਕਤ

ਡਾ. ਮਹੀਪ ਸਿੰਘ



ਮੈਂ ਇਕ ਦਮ ਅਚਾਨਕ ਬੌਂਦਲ ਗਿਆ ਸੀ। ਉਹ ਮੇਰੇ ਪੈਰਾਂ 'ਤੇ ਝੁਕ ਕੇ ਕਹਿ ਰਿਹਾ ਸੀ ਮਾਮਾ ਜੀ, ਪੈਰੀਂ ਪੈਣਾ।

ਮੈਂ ਉਸਦੇ ਚਿਹਰੇ 'ਤੇ ਝਾਕ ਕੇ ਕੋਈ ਜਾਣੇ ਪਹਿਚਾਣੇ ਨਕਸ਼ਾਂ ਨੂੰ ਲੱਭਣਾ ਚਾਹਿਆ। ਉਸਦੇ ਚਿਹਰੇ 'ਤੇ ਛੋਟੀ ਜਿਹੀ ਦਾੜ੍ਹੀ ਸੀ। ਉਸ ਨੇ ਸਲਵਾਰ ਉਪਰ ਦੀ ਲੰਬੀ ਕਮੀਜ਼ ਪਹਿਨੀ ਹੋਈ ਸੀ। ਗਲ਼ ਵਿੱਚ ਤਵੀਤ ਸੀ। ਸਿਰ 'ਤੇ ਖਿਚੜੀ ਹੋਏ ਵਾਲ ਜੋ ਉਸਨੇ ਪਿੱਛੇ ਵਲ ਨੂੰ ਵਾਹੇ ਹੋਏ ਸਨ। ਓਸ ਵਿੱਚ ਕੁਝ ਵੀ ਅਨੋਖਾ ਨਹੀਂ ਸੀ। ਲਾਹੌਰ ਦੀਆਂ ਸੜਕਾਂ 'ਤੇ ਅਜਿਹੇ ਚਿਹਰੇ ਕਿਸੇ ਵੀ ਪਾਕਿਸਤਾਨੀ ਦੀ ਪਹਿਚਾਨ ਬਣਾਉਂਦੇ ਹਨ।

ਲਾਹੌਰ ਵਿੱਚ ਭਾਰਤੀ ਤੇ ਪਾਕਿਸਤਾਨੀ ਲੇਖਕਾਂ ਦਾ ਤਿੰਨ ਦਿਨਾਂ ਦਾ ਸੰਮੇਲਨ ਸੀ, ਜਿਹਦੇ ਵਿੱਚ ਦੋਵਾਂ ਪਾਸਿਆਂ ਦੇ ਲੇਖਕ ਸ਼ਾਮਿਲ ਹੋਏ ਸਨ। ਦਿਨ ਦਾ ਸੰਮੇਲਨ ਖ਼ਤਮ ਹੋਣ ਤੋਂ ਮਗਰੋਂ, ਜਦੋਂ ਸਾਰੇ ਲੇਕ ਹੋਟਲ ਦੀ ਵੱਡੀ ਸਾਰੀ ਲਾਬੀ ਵਿੱਚ ਟੋਲੀਆਂ ਬਣਾਅ ਕੇ ਗੱਪ-ਸ਼ਪ ਕਰ ਰਹੇ ਸਨ ਤਾਂ, ਮੁਹੰਮਦ ਹਸਨ ਅਚਾਨਕ ਮੇਰੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ ਸੀ। ਮੇਰੇ ਆਸੇ ਪਾਸੇ ਤਿੰਨ ਚਾਰ ਪਾਕਿਸਤਾਨੀ ਲੇਖਕ ਬੈਠੇ ਹੋਏ ਸਨ। ਉਹਨਾਂ ਨੇ ਵੀ ਜਦੋਂ ਉਸਨੂੰ ਮੇਰੇ ਸਾਹਮਣੇ ਝੁਕਦੇ ਤੇ ਮੈਨੂੰ ਮਾਮਾ ਜੀ ਕਹਿੰਦਿਆਂ ਸੁਣਿਆਂ ਤਾਂ ਉਹਨਾਂ ਦੇ ਚਿਹਰਿਆਂ 'ਤੇ ਵੀ ਕੁਝ ਅਜੀਬ ਕਿਸਮ ਦੀਆਂ ਲਕੀਰਾਂ ਉੱਭਰ ਆਈਆਂ। ਮੈਂ ਭਗਵੰਤ ਕੌਰ ਦਾ ਪੁੱਤਰ ਹਾਂ।

ਭਗਵੰਤ ਜ਼ਿੰਦਗੀ 'ਚ ਅਜਿਹਾ ਬਹੁਤ ਘਟ ਵਾਪਰਦਾ ਹੈ ਜੋ ਆਦਮੀ ਨੂੰ ਅਵਾਕ ਕਰ ਦਿੰਦਾ ਹੈ। ਪਰ ਹਰੇਕ ਅਵਾਕ ਕਰ ਦੇਣ ਵਾਲੀ ਗੱਲ ਛੇਤੀ ਹੀ ਆਪਣਾ ਰਾਹ ਲੱਭ ਲੈਂਦੀ ਹੈ। ਓਦੋਂ ਅਸੀਂ ਸਮੁੱਚੀ ਹਾਲਤ 'ਤੇ ਹੈਰਾਨੀ ਪਰਗਟ ਕਰਦੇ ਹੋਏ ਆਪਣੀਆਂ ਅੱਖਾਂ ਝਪਕਦੇ ਹਾਂ। ਪਰ ਇਹ ਗੱਲ ਤਾਂ ਇਵੇਂ ਸੀ ਜਿਵੇਂ ਕਈ ਵਰ੍ਹੇ ਪਹਿਲਾਂ ਮਰਿਆ ਹੋਇਆ ਬੰਦਾ ਸਾਹਮਣੇ ਆ ਕੇ ਖੜ੍ਹਾ ਹੋ ਜਾਵੇ ਦੇਖੋ ਮੈਂ ਉਹੀ ਹਾਂ ਨਾ।

ਉਹ ਕਿਤਨੇ ਡਰਾਉਣੇ ਦਿਨ ਸਨ। ਅਸੀਂ ਲੋਕਾਂ ਨੇ ਜਿਹੜੇ ਕੈਂਪ ਵਿੱਚ ਆਸਰਾ ਲਿਆ ਹੋਇਆ ਸੀ ਉਸ ਉਤੇ ਅਕਸਰ ਦੰਗਾਈਆਂ ਦਾ ਹਮਲਾ ਹੋ ਜਾਂਦਾ ਸੀ। ਉਹਨਾਂ ਦੀ ਨਿਗਾਹ ਜਵਾਨ ਔਰਤਾਂ 'ਤੇ ਹੁੰਦੀ ਸੀ। ਆਪਣੇ ਆਪ ਨੂੰ ਬਚਾਉਣ ਲਈ ਉਹ ਚੀਖਦੀਆਂ ਚਿਲਾਉਂਦੀਆਂ ਤੇ ਏਧਰ ਓਧਰ ਭੱਜਦੀਆਂ ਫਿਰਦੀਆਂ ਸਨ। ਸਾਰੇ ਕੈਂਪ ਵਿੱਚ ਭਾਜੜ ਮਚ ਜਾਂਦੀ ਸੀ। ਵਿੰਹਦੇ ਵਿੰਹਦੇ ਦਸ-ਪੰਦਰਾਂ ਆਦਮੀ ਦੰਗਾਈਆਂ ਦੀਆਂ ਕੁਹਾੜੀਆਂ, ਤਲਵਾਰਾਂ ਤੇ ਲੰਮੇ ਛੁਰਿਆਂ ਦੇ ਸ਼ਿਕਾਰ ਹੋ ਜਾਂਦੇ ਸਨ। ਉਸ ਵੇਲੇ ਕਿਸੇ ਨੂੰ ਕਿਸੇ ਦੀ ਸੁੱਧ ਨਹੀਂ ਰਹਿੰਦੀ ਸੀ। ਜਦੋਂ ਦੰਗਾਈ ਚਲੇ ਜਾਂਦੇ ਤਾਂ ਰੋਂਦੇ ਚੀਖਦੇ ਆਪਣੇ ਪਰਿਵਾਰ ਦੇ ਲੋਕਾਂ ਦੀ ਗਿਣਤੀ ਕਰਦੇ ਸਨ। ਅਜਿਹੇ ਹੀ ਇਕ ਹਮਲੇ ਤੋਂ ਬਾਅਦ ਜਦੋਂ ਅਸੀਂ ਗਿਣਤੀ ਕੀਤੀ ਤਾਂ ਪਤਾ ਲਗਿਆ ਕਿ ਭਗਵੰਤ ਤੇ ਸੁਖਵੰਤ ਦੋਵੇਂ ਹੀ ਨਹੀਂ ਸਨ। ਦੰਗਾਈ ਹੋਰ ਬਹੁਤ ਸਾਰੀਆਂ ਜ਼ਨਾਨੀਆਂ ਸਮੇਤ ਉਹਨਾਂ ਨੂੰ ਵੀ ਚੁੱਕ ਕੇ ਲੈ ਗਏ ਸਨ।

ਕਿਸੇ ਅਗਲੇ ਹਮਲੇ ਦੀ ਸ਼ੰਕਾ ਕਾਰਨ ਅਸੀਂ ਬੁਰੀ ਤਰ੍ਹਾਂ ਡਰੇ ਹੋਏ ਇੱਕ ਇੱਕ ਸਾਹ ਦੀ ਗਿਣਤੀ ਕਰ ਰਹੇ ਸਾਂ ਕਿ ਉਸੇ ਵੇਲੇ ਫ਼ੌਜ ਦੀਆਂ ਕੁਝ ਗੱਡੀਆਂ ਆ ਗਈਆਂ ਤੇ ਸਾਨੂੰ ਤੂੜੀ ਵਾਂਗ ਭਰ ਕੇ ਸਰਹੱਦ ਦੇ ਪਾਰ ਲੈ ਆਈਆਂ ਸਨ।

ਅਠਾਰਾਂ ਸਾਲਾਂ ਦੀ ਭਗਵੰਤ ਤੇ ਸੋਲਾਂ ਸਾਲਾਂ ਦੀ ਸੁਖਵੰਤ ਨੂੰ ਮੈਂ ਤੇ ਮੇਰੇ ਚਾਚੇ ਦੇ ਪੁੱਤਾਂ ਨੇ ਓਵੇਂ ਹੀ ਰੱਬ ਦਾ ਭਾਣਾ ਮੰਨ ਲਿਆ ਸੀ ਜਿਵੇਂ ਸਾਡੇ ਮਾਤਾ-ਪਿਤਾ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਲਹੂ ਭਿੱਜੀਆਂ ਲੋਥਾਂ ਨੂੰ ਆਪਣੀਆਂ ਸੁੰਨੀਆਂ ਅੱਖਾਂ 'ਚ ਡੁਬੋਅ ਲਿਆ ਸੀ।

ਉਹਨਾਂ ਦਿਨਾਂ ਵਿੱਚ ਦੋਵੇਂ ਪਾਸੇ ਦੀਆਂ ਸਰਕਾਰਾਂ ਨੇ ਜ਼ਬਰਦਸਤੀ ਅਗਵਾ ਕੀਤੀਆਂ ਗਈਆਂ ਔਰਤਾਂ ਦੀ ਖੋਜ ਪੜਤਾਲ ਸ਼ੁਰੂ ਕਰ ਦਿੱਤੀ ਸੀ। ਭਾਰਤੀ ਪੰਜਾਬ ਤੇ ਅਨੇਕਾਂ ਔਰਤਾਂ ਓਧਰ ਭੇਜੀਆਂ ਗਈਆਂ ਸਨ ਤੇ ਓਧਰੋਂ ਬਹੁਤ ਸਾਰੀਆਂ ਔਰਤਾਂ ਏਧਰ ਆਈਆਂ ਸਨ। ਸੁਖਵੰਤ ਵੀ ਉਹਨਾਂ ਵਿੱਚ ਆਈ ਸੀ। ਉਸੇ ਨੇ ਸਾਨੂੰ ਦੱਸਿਆ ਕਿ ਨੇੜੇ ਦੇ ਇਕ ਪਿੰਡ ਦੇ ਅਮਜਦ ਲੁਹਾਰ ਨੇ ਭਗਵੰਤ ਨੂੰ ਆਪਣੇ ਘਰ ਪਾ ਲਿਆ ਸੀ। ਜਦੋਂ ਫ਼ੌਜ ਦੀ ਟੁਕੜੀ ਓਸ ਪਿੰਡ ਵਿੱਚ ਪਹੁੰਚੀ ਤਾਂ ਓਸ ਨੇ ਭਗਵੰਤ ਨੂੰ ਅਜਿਹੀ ਹਨੇਰੀ ਕੋਠੜੀ 'ਚ ਛਿਪਾਅ ਦਿੱਤਾ ਸੀ ਕਿ ਓਸ ਦੀ ਹੂਕ ਨੂੰ ਵੀ ਕੋਈ ਸੁਣ ਨਹੀਂ ਸਕਦਾ ਸੀ।

ਮੁਹੰਮਦ ਹਸਨ ਕਹਿ ਰਿਹਾ ਸੀ, ਕਲ ਅੰਮੀ ਨੇ ਤੁਹਾਨੂੰ ਟੈਲੀਵਿਜ਼ਨ 'ਤੇ ਵੇਖਿਆ ਸੀ। ਉਸ ਵਿੱਚ ਤੁਸੀਂ ਆਪਣੇ ਪੁਰਾਣੇ ਪਿੰਡ ਦਾ ਨਾਂ ਦੱਸਿਆ ਸੀ ਤੇ ਨਾਨਾ ਜੀ ਦਾ ਨਾਂ ਵੀ। ਸੁਣ ਕੇ ਅੰਮੀ ਨੇ ਚੀਕ ਮਾਰੀ ਸੀ— ਵੇ ਇਹ ਤਾਂ ਪ੍ਰੀਤਮ ਹੈ - ਮੇਰਾ ਸਕਾ ਭਰਾ! ਉਹਦੇ ਹੰਝੂ ਰੁਕਦੇ ਨਹੀਂ ਸਨ। ਮੈਨੂੰ ਕਿਹਾ ਹਸਨ, ਕਿਸੇ ਤਰ੍ਹਾਂ ਇੱਕ ਵਾਰ ਮੇਰੇ ਭਰਾ ਨੂੰ ਮਿਲਾਅ ਦੇ। ਮੈਂ ਕਿਹਾ ਮੈਂ ਤੁਹਾਨੂੰ ਜ਼ਰੂਰ ਉਹਨਾਂ ਦੇ ਕੋਲ ਲੈ ਕੇ ਆਵਾਂਗਾ।

ਤੁਸੀਂ ਕਿਥੇ ਰਹਿੰਦੇ ਹੋ?

ਦਸ ਸਾਲ ਹੋਏ ਅੱਬੂ ਬਹਿਸ਼ਤਾਂ ਨੂੰ ਚਲੇ ਗਏ ਸੀ। ਉਹ ਸਾਡੇ ਪਿੰਡ ਵਿੱਚ ਲੁਹਾਰ ਦਾ ਕੰਮ ਕਰਦੇ ਸਨ। ਓਥੇ ਹੀ ਮੈਂ ਦਸਵੀਂ ਜਮਾਤ ਪਾਸ ਕਰ ਲਈ ਸੀ। ਲਾਹੌਰ ਵਿੱਚ ਮੈਨੂੰ ਇਕ ਟਰਾਂਸਪੋਰਟ ਕੰਪਨੀ 'ਚ ਨੌਕਰੀ ਮਿਲ ਗਈ। ਉਦੋਂ ਦੇ ਅਸੀਂ ਏਥੇ ਹੀ ਹਾਂ।

ਦੂਜੇ ਦਿਨ ਸਵੇਰ ਦੀ ਫ਼ਲਾਈਟ 'ਤੇ ਅਸੀਂ ਦਿੱਲੀ ਵਾਪਸ ਜਾਣਾ ਸੀ। ਮੈਂ ਪੁੱਛਿਆ ਹਸਨ, ਆਪਾਂ ਹੁਣੇ ਹੀ ਚੱਲੀਏ?

ਉਹ ਬੋਲਿਆ, ਮਾਮਾ ਜੀ, ਮੇਰੇ ਕੋਲ ਮੋਟਰਸਾਈਕਲ ਹੈ।

ਠੀਕ ਹੈ, ਮੈਂ ਜਦੋਂ ਉਠਿਆ ਤਾਂ ਮੇਰੇ ਪਾਕਿਸਤਾਨੀ ਮਿੱਤਰ ਅਸਲਮ ਨੇ ਪੁੱਛਿਆ, ਲਾਹੌਰ 'ਚ ਤੁਹਾਡੀ ਭੈਣ ਰਹਿੰਦੀ ਹੈ?

ਮੈਂ ਕੁਝ ਬੋਲਿਆ ਨਹੀਂ। ਪਤਾ ਨਹੀਂ ਕਿਉਂ। ਮੈਂ ਬਹੁਤ ਉਖੜ ਗਿਆ ਸੀ। ਏਸ ਸਾਰੀ ਘਟਨਾ ਨੇ ਮੈਨੂੰ ਬਹੁਤ ਵਿਆਕੁਲ-ਅਵਾਜਾਰ ਤੇ ਉਦਾਸ ਕਰ ਦਿੱਤਾ ਸੀ। ਮੈਨੂੰ ਲੱਗਦਾ ਸੀ ਕਿ ਜੇ ਹਸਨ ਮੈਨੂੰ ਨਾ ਮਿਲਦਾ ਤਾਂ ਚੰਗਾ ਸੀ। ਤਿੰਨ ਦਿਨਾਂ ਦੇ ਇਸ ਸੰਮੇਲਨ ਕਾਰਨ ਮੈਂ ਬਹੁਤ ਖ਼ੁਸ਼ ਸਾਂ। ਪਾਕਿਸਤਾਨ ਦੇ ਕਿੰਨੇ ਹੀ ਉਰਦੂ ਤੇ ਪੰਜਾਬੀ ਦੇ ਲੇਖਕਾਂ ਨਾਲ ਮੇਰੀ ਜਾਣ ਪਹਿਚਾਨ ਹੋਈ ਸੀ। ਲਾਹੌਰ ਦੇ ਕਾਫ਼ੀ ਹਾਊਸ 'ਚ ਪਿਛਲੀ ਸ਼ਾਮ ਮੈਂ ਪਾਕਿਸਤਾਨੀ ਲੇਖਕਾਂ ਨਾਲ ਕਿਤਨਾ ਹਸੀ-ਮਜ਼ਾਕ ਕੀਤਾ ਸੀ। ਓਥੇ ਅਸੀਂ ਸਭ ਖ਼ੂਬ ਰੱਜ ਕੇ ਹੱਸੇ ਸਾਂ। ਸਾਡੇ ਠਹਾਕਿਆਂ ਨਾਲ ਪੂਰਾ ਕਾਫ਼ੀ ਹਾਊਸ ਗੂੰਜ ਉਠਿਆ ਸੀ। ਅੱਜ ਦਾ ਦਿਨ ਵੀ ਬਹੁਤ ਅੱਛਾ ਸੀ। ਸਵੇਰ ਦੀ ਪਾਰੀ 'ਚ ਮੈਂ ਪ੍ਰਧਾਨਗੀ ਕੀਤੀ ਸੀ। ਸ਼ਾਮ ਨੂੰ ਜਦੋਂ ਮੈਂ ਬਹੁਤ ਖ਼ੁਸ਼, ਹੋਟਲ ਦੀ ਲਾਬੀ 'ਚ ਗੱਪ-ਸ਼ਪ ਕਰ ਰਿਹਾ ਸੀ, ਓਦੋਂ ਹਸਨ ਨੇ ਆ ਕੇ ਕਿਹਾ ਸੀ — ਮਾਮਾ ਜੀ। ਆਪਣੀ ਮੋਟਰਸਾਈਕਲ ਦੀ ਪਿਛਲੀ ਸੀਟ 'ਤੇ ਬਿਠਾਅ ਕੇ ਉਹ ਮੈਨੂੰ ਪੁਰਾਣੇ ਲਾਹੌਰ ਦੀਆਂ ਭੀੜੀਆਂ ਸੜਕਾਂ 'ਤੇ ਘੁਮਾਉਂਦਾ ਲਈ ਜਾਂਦਾ ਸੀ। ਭਗੰਵਤ ਜਦੋਂ ਵਿਛੜੀ ਸੀ ਤਾਂ ਉਹ ਅਠਾਰਾਂ ਸਾਲ ਦੀ ਸੀ, ਹੁਣ ਤਾਂ ਉਹ ਸੱਤਰਾਂ ਨੂੰ ਟੱਪ ਗਈ ਹੋਵੇਗੀ, ਕਿਵੇਂ ਲਗਦੀ ਹੋਵੇਗੀ? ਏਨਾ ਲੰਮਾ ਸਮਾਂ।

ਮੈਂ ਮਨ ਹੀ ਮਨ ਵਿੱਚ ਉਸਦੀ ਸ਼ਕਲ ਬਨਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ।

ਹਸਨ ਦੀ ਮੋਟਰਸਾਈਕਲ ਇਕ ਪੁਰਾਣੇ, ਬਿਨ ਪਲੱਸਤਰ ਮਟ-ਮੈਲੀਆਂ ਇੱਟਾਂ ਵਾਲੇ ਘਰ ਸਾਹਮਣੇ ਰੁਕੀ। ਉਸਨੇ ਬੂਹਾ ਖੜਕਾਇਆ ਤੇ ਓਥੋਂ ਹੀ ਬੋਲਿਆ, ਅੰਮੀ, ਵੇਖ ਮੈਂ ਕਿਹਨੂੰ ਲੈ ਕੇ ਆਇਆ ਹਾਂ!

ਬੂਹਾ ਖੁੱਲ੍ਹਿਆ ਤਾਂ ਵੇਖਿਆ ਕਿ ਸਾਹਮਣੇ ਇੱਕ ਬਜ਼ੁਰਗ ਤੇ ਕਮਜ਼ੋਰ ਔਰਤ ਖੜ੍ਹੀ ਹੈ। ਉਹ ਭਗਵੰਤ ਸੀ। ਮੈਨੂੰ ਦੇਖਦਿਆਂ ਹੀ ਉਹ ਚੀਕ ਪਈ। ਦੋਵਾਂ ਹੱਥਾਂ ਨਾਲ ਦਲ੍ਹੀਜ ਟਪਾਉਂਦੀ ਹੋਈ ਉਹ ਇਕੋ ਸਾਹ, ਇਕ ਹੀ ਸ਼ਬਦ ਬੋਲ ਰਹੀ ਸੀ ਵੀਰਾ ਵੀਰਾ।

ਮੈਂ ਏਸ ਦ੍ਰਿਸ਼ ਦੀ ਕਲਪਨਾ ਕਰਦਾ ਰਿਹਾ ਸੀ ਤੇ ਅੰਦਰ ਹੀ ਅੰਦਰ ਡਰ ਰਿਹਾ ਸੀ। ਅੰਦਰ ਦੀ ਧੜਕਣ ਇੱਕ ਦਮ ਤੇਜ਼ ਹੋ ਗਈ।

ਕੱਲ੍ਹ ਆਥਣ ਤੋਂ ਹੀ ਮੇਰੇ ਅੰਦਰ ਬੱਦਲ ਛਾ ਰਹੇ ਸਨ ਤੇ ਉਹਨਾਂ ਦੀ ਗੜਗੜਾਹਟ ਵੀ ਸੁਣਦੀ ਰਹੀ ਸੀ। ਮੈਂ ਬੜਾ ਕਮਜ਼ੋਰ ਬੰਦਾ ਹਾਂ। ਥੋੜ੍ਹੀ ਜਿਹੀ ਗਲ 'ਤੇ ਮੇਰਾ ਗੱਚ ਭਰ ਆਉਂਦਾ ਹੈ। ਵੱਡੀਆਂ ਵੱਡੀਆਂ ਮੁਸ਼ਕਲਾਂ ਦਾ ਟਾਕਰਾ ਕਰਨ ਤੋਂ ਡਰਦਾ ਰਹਿੰਦਾ ਹਾਂ। ਆਮ ਤੌਰ 'ਤੇ ਬਚਣਾ ਚਾਹੁੰਦਾ ਹਾਂ - ਚੁੱਪ ਚਾਪ ਉਹਨਾਂ ਕੋਲ ਦੀ ਨਿਕਲ ਜਾਣਾ ਚਾਹੁੰਦਾ ਹਾਂ।

ਭਗਵੰਤ ਨੇ ਮੈਨੂੰ ਚਾਦਰ ਵਿਛੀ ਮੰਜੀ 'ਤੇ ਆਪਣੇ ਨਾਲ ਬਿਠਾਅ ਲਿਆ ਸੀ। ਉਸ ਨੇ ਮੇਰੇ ਦੋਵੇਂ ਹੱਥ ਫੜੇ ਹੋਏ ਸਨ ਤੇ ਉਹ ਰੋਈ ਜਾਂਦੀ ਸੀ। ਮੈਂ ਵੀ ਰੋ ਰਿਹਾ ਸੀ। ਅਸੀਂ ਦੋਵੇਂ ਚੁੱਪ ਸਾਂ ਤੇ ਕੇਵਲ ਰੋ ਰਹੇ ਸਾਂ।

ਹਸਨ ਕੋਲ ਹੀ ਖੜ੍ਹਾ ਸੀ। ਉਸਦੇ ਨਾਲ ਉਸਦੀ ਘਰ ਵਾਲੀ ਤੇ ਦੋ ਛੋਟੇ ਛੋਟੇ ਬੱਚੇ ਸਾਨੂੰ ਹੈਰਾਨੀ ਨਾਲ ਦੇਖ ਰਹੇ ਸਨ।

ਹਸਨ ਨੇ ਅੱਗੇ ਹੋ ਕੇ ਆਪਣੀ ਮਾਂ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ, ਅੰਮੀ, ਮਾਮਾ ਜੀ ਦੀ ਵੀ ਖ਼ੈਰੀਅਤ ਪੁੱਛੋ। ਕੁਝ ਸੇਵਾ ਪਾਣੀ ਵੀ ਕਰੋ।

ਭਗਵੰਤ ਨੇ ਮੇਰੇ ਹੱਥ ਛੱਡ ਦਿੱਤੇ ਤੇ ਆਪਣ ਦੁਪੱਟੇ ਨਾਲ ਅੱਖਾਂ ਪੂੰਝਣ ਲੱਗੀ।

ਹਸਨ ਨੇ ਆਪਣੀ ਘਰ ਵਾਲੀ ਵਲ ਦੇਖਿਆ — ਫ਼ਾਤਿਮਾ।

ਉਹ ਝਟਪਟ ਮੁੜ ਕੇ ਰਸੋਈ ਵਲ ਚਲੀ ਗਈ।

ਮੈਂ ਦੋਵਾਂ ਬੱਚਿਆਂ ਨੂੰ ਆਪਣੇ ਕੋਲ ਆਉਣ ਲਈ ਬੁਲਾਇਆ।

ਉਹ ਦੋਵੇਂ ਡਰੇ ਹੋਏ ਦੂਰ ਖੜ੍ਹੇ ਸਨ। ਹਸਨ ਉਹਨਾਂ ਨੂੰ ਮੇਰੇ ਕੋਲ ਲੈ ਆਇਆ। ਇਹ ਬਿਲਾਵਲ ਹੈ ਤੇ ਇਹ ਅਮੀਨਾ ਹੈ। ਬਿਲਾਵਲ ਪੰਜਵੀਂ 'ਚ ਤੇ ਅਮੀਨਾ ਤੀਜੀ ਜਮਾਤ ਵਿੱਚ ਪੜ੍ਹਦੀ ਹੈ।

ਮੈਂ ਦੋਵਾਂ ਨੂੰ ਆਪਣੇ ਕੋਲ ਬੁਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਪਿਓ ਦੀਆਂ ਉਂਗਲਾਂ ਫੜੀ ਖੜ੍ਹੇ ਮੈਨੂੰ ਘੂਰ ਘੂਰ ਵਿੰਹਦੇ ਰਹੇ। ਮੈਂ ਉਹਨਾਂ ਲਈ ਬਹੁਤ ਓਪਰਾ ਜੋ ਸਾਂ।

ਫ਼ਾਤਿਮਾ ਕਈ ਗਲਾਸਾਂ 'ਚ ਸਰਬਤ ਲੈ ਆਈ। ਬੋਲੀ ਤੁਸੀਂ ਅੰਮੀ ਜੀ ਦੇ ਭਾਈ ਹੋ। ਕੀਹਨੇ ਸੋਚਿਆ ਸੀ ਕਿ ਅੱਲ੍ਹਾ ਏਡੇ ਲੰਮੇ ਸਮੇਂ ਬਾਅਦ ਭੈਣ-ਭਾਈ ਨੂੰ ਇਸ ਤਰ੍ਹਾਂ ਮਿਲਾ ਦਊਗਾ।

ਉਹਦੀਆਂ ਅੱਖਾਂ 'ਚ ਜਿਵੇਂ ਸਮੁੰਦਰ ਭਰ ਆਇਆ — ਮੈਂ ਰੋਟੀ ਪਕਾਅ ਰਹੀ ਹਾਂ। ਕਹਿ ਕੇ ਉਹ ਮੁੜਨ ਨੂੰ ਹੋਈ — ਫੇਰ ਰੁਕ ਗਈ। ਮੈਂ ਮਾਸ ਨਹੀਂ ਰਿੰਨ੍ਹਾਂਗੀ ਮੈਨੂੰ ਪਤਾ ਹੈ ਸਿੱਖ ਹਲਾਲ ਨਹੀਂ ਖਾਂਦੇ।

ਤੈਨੂੰ ਕਿਵੇਂ ਪਤਾ ਹੈ? ਮੈਂ ਮੁਸਕਾਇਆ, ਪਾਕਿਸਤਾਨ ਵਿੱਚ ਸਿੱਖ ਤਾਂ ਹੈਨ ਹੀ ਨਹੀਂ।

ਨਨਕਾਣਾ ਸਾਹਿਬ 'ਚ ਮੇਰੇ ਪੇਕੇ ਹਨ। ਓਥੇ ਕੁਝ ਸਿੱਖ ਪਰਿਵਾਰ ਹਨ। ਕਿੰਨੀਆਂ ਹੀ ਸਿੱਖਾਂ ਦੀਆਂ ਕੁੜੀਆਂ ਮੇਰੀਆਂ ਸਹੇਲੀਆਂ ਸਨ। ਉਹ ਸਾਡੇ ਘਰ ਸਭ ਕੁਝ ਖਾ ਲੈਂਦੀਆਂ ਸਨ ਪਰ ਮਾਸ ਨਹੀਂ ਖਾਂਦੀਆਂ ਸਨ।

ਮੈਨੂੰ ਵੰਡ ਤੋਂ ਪਹਿਲਾਂ ਦੀਆਂ ਗੱਲਾਂ ਯਾਦ ਆਈਆਂ। ਸਾਡੇ ਪਿੰਡ ਵਿੱਚ ਜ਼ਿਆਦਾਤਰ ਘਰ ਮੁਸਲਮਾਨਾਂ ਦੇ ਸਨ। ਬਹੁਤ ਥੋੜ੍ਹੇ ਜਿਹੇ ਹਿੰਦੂ-ਸਿੱਖ ਪਰਿਵਾਰ ਉਸ ਪਿੰਡ ਵਿੱਚ ਰਹਿੰਦੇ ਸਨ। ਮੁਸਲਮਾਨ ਸਾਨੂੰ ਝਟਕਾ ਨਹੀਂ ਕਰਨ ਦਿੰਦੇ ਸਨ। ਅਸੀਂ ਜਦੋਂ ਕਦੇ ਨਜ਼ਦੀਕ ਦੇ ਸ਼ਹਿਰ ਜਾਂਦੇ ਤਾਂ ਓਥੋਂ ਝਟਕਾ ਕੀਤਾ ਮਾਸ ਲੈ ਆਉਂਦੇ ਸਾਂ ਤੇ ਉਹ ਵੀ ਚੋਰੀ ਛਿਪੇ।

ਮੈਂ ਕਿਹਾ, ਧੀਏ, ਤੂੰ ਜੋ ਵੀ ਪਕਾਂਏਗੀ ਮੈਂ ਖਾ ਲਵਾਂਗਾ।

ਆਦਮੀ ਨੂੰ ਆਪਣੀ ਰਸੋਈ ਵਿੱਚ ਲਕੀਰਾਂ ਖਿੱਚਣੀਆਂ ਕਿੰਨੀਆਂ ਚੰਗੀਆਂ ਲਗਦੀਆਂ ਹਨ। ਇਹ ਖਾਣਾ ਉਹਨਾਂ ਦਾ ਹੈ ਜੋ ਪਿਆਜ਼-ਲਹਸਣ ਨਹੀਂ ਖਾਂਦੇ ਹਨ, ਜੋ ਪਿਆਜ਼-ਲਹਸਣ ਤਾਂ ਖਾ ਲੈਂਦੇ ਹਨ ਪਰ ਮਾਸ-ਮੱਛੀ ਦੇ ਨਾਂ ਤੋਂ ਹੀ ਉਲਟੀ ਆ ਜਾਂਦੀ ਹੈ। ਇਹ ਉਹਨਾਂ ਦਾ ਹੈ ਜੋ ਮਾਸ-ਮੱਛੀ ਤਾਂ ਡਟ ਕੇ ਖਾਂਦੇ ਹਨ ਪਰ ਗਾਂ ਦੇ ਮਾਸ ਦਾ ਨਾਂ ਸੁਣਦਿਆਂ ਉਹਨਾਂ ਦੀ ਰੂਹ ਕੰਬਣ ਲੱਗ ਜਾਂਦੀ ਹੈ। ਇਹ ਉਹ ਲੋਕ ਹਨ ਜੋ ਮੰਨਦੇ ਹਨ ਕਿ ਮਾਸ ਬਿਨਾ ਸਭ ਘਾਸ ਰਸੋਈ, ਪਰ ਹੋਣਾ ਚਾਹੀਦਾ ਹੈ ਝਟਕਾ। ਇਕ ਹੀ ਵਾਰ ਨਾਲ ਬਕਰੇ ਦਾ ਸਿਰ ਧੜ ਤੋਂ ਅਲੱਗ। ਇਹ ਉਹ ਲੋਕ ਹਨ ਜਿਨ੍ਹਾਂ ਦੇ ਘਰ ਬਕਰਾ, ਭੇਡ, ਊਠ, ਗਾਂ, ਬਲਦ, ਮੱਝ, ਝੋਟਾ ਸਾਰਿਆਂ ਦਾ ਮਾਸ ਪੱਕਣ 'ਤੇ ਬੜਾ ਸਵਾਦ ਦਿੰਦਾ ਹੈ, ਪਰ ਹੋਣਾ ਚਾਹੀਦਾ ਹੈ ਹਲਾਲ, ਕਲਮਾ ਪੜ੍ਹ ਕੇ ਪਾਕ ਕੀਤਾ ਹੋਇਆ।

ਫ਼ਾਤਿਮਾ ਜਾਣਦੀ ਸੀ, ਸਿੱਖ ਕੇਵਲ ਝਟਕਾ ਕੀਤਾ ਹੋਇਆ ਮਾਸ ਖਾਂਦੇ ਹਨ।

ਹਸਨ ਬੋਲਿਆ — ਮਾਮਾ ਜੀ, ਤੁਸੀਂ ਆਪਣੀ ਭੈਣ ਕੋਲ ਬੈਠ ਕੇ ਗੱਲਾਂ ਕਰੋ। ਮੈਂ ਥੋੜ੍ਹੇ ਸਮੇਂ ਲਈ ਦਫ਼ਤਰ ਹੋ ਆਉਂਦਾ ਹਾਂ। ਟਰਾਂਸਪੋਰਟ ਕੰਪਨੀਆਂ 'ਚ ਆਥਣ ਨੂੰ ਕੰਮ ਬਹੁਤ ਵਧ ਜਾਂਦਾ ਹੈ। ਮੈਂ ਛੇਤੀ ਹੀ ਵਾਪਿਸ ਆ ਜਾਵਾਂਗਾ।

ਮੈਂ ਕਿਹਾ — ਧਿਆਨ ਰੱਖਣਾ, ਮੈਂ ਹੋਟਲ ਪਹੁੰਚਣਾ ਹੈ। ਕਲ ਸਵੇਰੇ ਸਾਰ ਸਾਡੀ ਫ਼ਲਾਈਟ ਹੈ।

ਹਸਨ ਨੇ ਮੇਰਾ ਹੱਥ ਫੜ ਲਿਆ — ਤੁਸੀਂ ਬਿਲਕੁਲ ਫ਼ਿਕਰ ਨਾ ਕਰੋ, ਇਹ ਮੇਰੀ ਜ਼ਿੰਮੇਵਾਰੀ ਹੈ।

ਹਸਨ ਚਲਿਆ ਗਿਆ। ਫ਼ਾਤਿਮਾ ਰਸੋਈ ਦੇ ਕੰਮ 'ਚ ਲੱਗ ਗਈ। ਬੱਚੇ ਆਪਣਾ ਹੋਮ-ਵਰਕ ਕਰਨ ਲਈ ਦੂਜੇ ਕਮਰੇ 'ਚ ਚਲੇ ਗਏ।

ਮੈਂ ਬੋਲਿਆ — ਭਗਤੋ! ਮੈਨੂੰ ਇੰਝ ਲਗਿਐ ਜਿਵੇਂ ਮੈਂ ਪੰਜਾਹ ਸੱਠ ਸਾਲ ਪਿੱਛੇ ਚਲਿਆ ਗਿਆ ਹਾਂ। ਭਗਤੋ ਤੇ ਸੁੱਖੋ ਦੋਵੇਂ ਭੈਣਾਂ ਮੇਰੇ ਨਾਲੋਂ ਸਾਲ ਦੋ ਸਾਲ ਛੋਟੀਆਂ ਸਨ। ਇਹ ਨਾਮ ਸੁਣ ਕੇ ਉਹ ਫੇਰ ਛਲਕ ਪਈ। ਮੈਨੂੰ ਉਮੀਦ ਨਹੀਂ ਸੀ ਕਿ ਭਗਤੋ ਕਹਿਣ ਵਾਲਾ ਮੇਰਾ ਵੀਰ ਕਦ ਮੇਰੇ ਸਾਹਮਣੇ ਬੈਠਾ ਹੋਵੇਗਾ।

ਮੈਂ ਜਾਣਦਾ ਹਾਂ ਤੇਰੇ ਨਾਲ ਕਿਹੜੇ ਕਿਹੜੇ ਜ਼ੁਲਮ ਹੋਏ ਹੋਣਗੇ।

ਉਹ ਸੋਚ ਵਿੱਚ ਡੁੱਬ ਗਈ। ਸੋਚ ਦੇ ਇਸ ਰਿੜਕਨ ਨਾਲ ਕੋਈ ਮੱਖਣ ਤਾਂ ਨਿਕਲਣਾ ਨਹੀਂ ਸੀ।

ਵੀਰਾ, ਮੈ ਹੈਵਾਨੀਅਤ ਵੀ ਵੇਖੀ ਤੇ ਇਨਸਾਨੀਅਤ ਵੀ।

(ਬਾਕੀ ਸਫ਼ਾ 31 'ਤੇ)

## ਮਿੰਨੀ ਕਹਾਣੀ

# ਅਲਿਫ਼ ਲੈਲਾ

ਅਰਬ ਦੇਸ਼ ਵਿੱਚ ਇਕ ਬਾਦਸ਼ਾਹ ਸੀ ਸ਼ਹਿਰਯਾਰ। ਸ਼ਹਰਯਾਰ ਨੇ ਆਪਣੀ ਮਲਕਾ ਨੂੰ ਜਦੋਂ ਆਪਣੇ ਹੀ ਇੱਕ ਗੁਲਾਮ ਨਾਲ ਪਿਆਰ- ਮੁਹੱਬਤ ਦੀਆਂ ਗੱਲਾਂ ਕਰਦਿਆਂ ਤੱਕਿਆ ਤਾਂ ਉਸ ਨੇ ਗੁੱਸੇ ਵਿੱਚ ਆ ਕੇ ਦੋਵਾਂ ਦਾ ਕਤਲ ਕਰਵਾ ਦਿੱਤਾ। ਆਪਣੀ ਪਤਨੀ ਵੱਲੋਂ ਕੀਤੀ ਗਈ ਬੇਵਫ਼ਾਈ ਕਾਰਨ ਸਮੁੱਚੀ ਔਰਤ ਜਾਤੀ ਉਹਦੀ ਅੱਖ ਦਾ ਰੋੜ ਬਣ ਗਈ। ਔਰਤਾਂ ਤੋਂ ਬਦਲਾ ਲੈਣ ਦੀ ਨੀਤ ਨਾਲ ਉਹ ਹਰ ਰੋਜ਼ ਵਿਆਹ ਰਚਾਉਂਦਾ। ਉਸ ਨੇ ਇਹ ਸ਼ਰਤ ਰੱਖੀ ਹੋਈ ਸੀ ਕਿ ਉਹ ਉਸ ਇਸਤਰੀ ਨੂੰ ਆਪਣੀ ਮਲਕਾ ਬਣਾ ਲਵੇਗਾ ਜਿਹੜੀ ਉਸ ਨੂੰ ਹਰ ਰਾਤ ਨੂੰ ਇੱਕ ਨਵੀਂ ਕਹਾਣੀ ਸੁਣਾਇਆ ਕਰੇਗੀ ਪਰ ਜਦੋਂ ਉਸ ਦੀਆਂ ਕਹਾਣੀਆਂ ਖ਼ਤਮ ਹੋ ਗਈਆਂ, ਉਹ ਉਸ ਨੂੰ ਕਤਲ ਕਰ ਦੇਵੇਗਾ। ਇਉਂ ਜਿਹੜੀ ਵੀ ਔਰਤ ਅਜਿਹਾ ਕਰਨ ਲਈ ਅੱਗੇ ਆਉਂਦੀ, ਕੁਝ ਇੱਕ ਕਹਾਣੀਆਂ ਸੁਣਾ ਕੇ ਹਾਰ ਜਾਂਦੀ। ਅਗਲੇ ਦਿਨ ਬਾਦਸ਼ਾਹ ਉਸ ਔਰਤ ਨੂੰ ਕਤਲ ਕਰ ਦਿੰਦਾ। ਬਾਦਸ਼ਾਹ ਨਾਲ ਹੁਣ ਕੋਈ ਆਪਣੀ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ!

ਆਖ਼ਰ ਬਾਦਸ਼ਾਹ ਨੇ ਆਪਣੇ ਵੱਡੇ ਵਜ਼ੀਰ ਨੂੰ ਕੋਈ ਚੰਗਾ ਸਾਕ ਲੱਭਣ ਲਈ ਕਿਹਾ! ਵਜ਼ੀਰ ਹੈਰਾਨ ਸੀ ਕਿ ਉਹ ਚੰਗਾ ਸਾਕ ਕਿਥੋਂ ਲੱਭੇ।

ਉਸ ਦੀ ਲੜਕੀ ਸ਼ਹਿਰਜ਼ਾਦੀ ਨੇ ਆਪਣੇ ਪਿਤਾ ਤੋਂ ਉਹਦੀ ਪਰੇਸ਼ਾਨੀ ਦਾ ਕਾਰਨ ਪੁੱਛਿਆ, ਜਿਸ ਤੇ ਵਜ਼ੀਰ ਨੇ ਉਹਨੂੰ ਸਾਰੀ ਗੱਲ ਦੱਸੀ। ਸ਼ਹਿਰਜ਼ਾਦੀ ਨੇ ਉੱਤਰ ਦਿੱਤਾ, ਤੁਸੀਂ ਫ਼ਿਕਰ ਨ ਕਰੋ। ਮੇਰਾ ਬਾਦਸ਼ਾਹ ਨਾਲ ਵਿਆਹ ਕਰ ਦਿਓ। ਬਾਕੀ ਸਭ ਕੁਝ ਮੈਂ ਆਪੇ ਸਾਂਭ ਲਵਾਂਗੀ।

ਸ਼ਹਿਰਜ਼ਾਦੀ ਦਾ ਵਿਆਹ ਹੋ ਗਿਆ। ਉਹਨੇ ਪਹਿਲੀ ਰਾਤ ਹੀ ਬਾਦਸ਼ਾਹ ਨੂੰ ਇਕ ਬੜੀ ਦਿਲਚਸਪ ਕਹਾਣੀ ਸੁਣਾਈ ਅਤੇ ਨਾਲ ਹੀ ਇੱਕ ਹੋਰ ਸੁਆਦਲੀ ਕਹਾਣੀ ਸ਼ੁਰੂ ਕਰ ਦਿੱਤੀ ਬਾਦਸ਼ਾਹ ਨੇ ਅਗਲੀ ਕਹਾਣੀ ਸੁਣਨ ਲਈ ਉਸਦੀ ਜਾਨ ਅਗਲੇ ਦਿਨ ਲਈ ਬਖ਼ਸ਼ ਦਿੱਤੀ। ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ, ਸ਼ਹਿਰਜ਼ਾਦੀ ਕਹਾਣੀ ਪੂਰੀ ਕਰਕੇ ਨਾਲ ਹੀ ਦੂਸਰੀ ਕਹਾਣੀ ਸ਼ੁਰੂ ਕਰ ਦਿੰਦੀ ਅਤੇ ਬਾਦਸ਼ਾਹ ਅਗਲੇ ਦਿਨ ਲਈ ਉਸਦੀ ਜਾਨ ਬਖ਼ਸ਼ ਦਿੰਦਾ।

ਸ਼ਹਿਰਜ਼ਾਦੀ ਨੇ ਉਹਨੂੰ ਇਕ ਹਜ਼ਾਰ ਇਕ ਕਹਾਣੀਆਂ ਸੁਣਾਈਆਂ ਅਤੇ ਇਸੇ ਤਰ੍ਹਾਂ ਤਿੰਨ ਸਾਲ ਲੰਘ ਗਏ। ਕਹਾਣੀਆਂ ਸੁਣ ਕੇ ਬਾਦਸ਼ਾਹ ਸ਼ਹਿਰਜ਼ਾਦੀ ਦੀ ਅਕਲ ਅਤੇ ਚਤੁਰਾਈ ਨਾਲ ਮੋਹਿਆ ਗਿਆ ਅਤੇ ਉਹਨੂੰ ਸਦਾ ਲਈ ਆਪਣੀ ਰਾਣੀ ਬਣਾ ਲਿਆ। ਇਹਨਾਂ ਇਕ ਹਜ਼ਾਰ ਇਕ ਕਹਾਣੀਆਂ ਦੇ ਸੰਗਰਹਿ ਨੂੰ 'ਅਲਫ਼ ਲੈਲਾ', ਭਾਵ 'ਕਾਲੀ ਰਾਤ', ਕਹਿੰਦੇ ਹਨ। ਇਹ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ।

# ਮੇਰੀ ਕਲਮ

## ਸ਼ੁਭ-ਇੱਛਾਵਾਂ

ਸੋਹਣ ਸਿੰਘ ਮੀਸ਼ਾ

ਭਾਰਤ ਦੇ ਦਿਲ
ਦਿੱਲੀ ਸ਼ਹਿਰ 'ਚ ਵਸਦੇ ਯਾਰਾ
ਹੈ ਰਸਮਾਂ ਦਾ ਭਾਈਚਾਰਾ
ਮਿਲ ਗਈਆਂ ਨੇ
ਮਿਲੀਆਂ ਕੁਝ ਪਛੜ ਕੇ ਭਾਵਾਂ
ਤੂੰ ਜੋ ਘੱਲੀਆਂ ਨਵੇਂ ਸਾਲ ਦੀਆਂ ਸ਼ੁਭ-ਇਛਾਵਾਂ।
ਮੈਂ ਸ਼ਰਮਿੰਦਾ
ਜੋ ਇਸ ਵਾਰੀ
ਰੰਗ-ਬਰੰਗੇ ਫੁੱਲਾਂ ਵਾਲਾਂ
ਛਪਿਆ ਰਸਮੀ ਖ਼ਤ ਨਹੀਂ ਪਾਇਆ
ਉਂਝ ਮੈਂ ਪਿਛਲੇ ਸਾਲ ਵਾਂਗ ਹੀ
ਇਸ ਵਾਰੀ ਹੀ ਚਾਹਿਆ
ਨਵੇਂ ਸਾਲ ਤੂੰ ਮੌਜਾਂ ਮਾਣੇ
ਬਿਜਲੀ ਪਾਣੀ ਦੁੱਧ ਮਿੱਟੀ ਦਾ ਤੇਲ ਖੰਡ ਸਬਜ਼ੀ ਤੇ ਆਟਾ
ਕਿਸੇ ਚੀਜ਼ ਦਾ ਰਹੇ ਨਾ ਘਾਟਾ
ਏਸ ਸਾਲ ਵਿੱਚ
ਘਰ ਤੋਂ ਦਫ਼ਤਰ ਅਤੇ ਦਫ਼ਤਰੋਂ ਘਰ ਨੂੰ
ਰੋਜ਼ ਸੁਵਖਤੇ ਬਸ ਮਿਲ ਜਾਵੇ
ਬਹੁਤਾ ਚਿਰ ਨਾ ਖੜ੍ਹਨਾ ਪਏ ਪਾਲ ਵਿੱਚ
ਚੜ੍ਹਦੇ ਸਾਲ 'ਚ ਤੈਨੂੰ ਕੋਈ ਨਾ ਤੰਗੀ ਹੋਵੇ
ਵਧਦੇ ਭਾਵਾਂ ਜਿੰਨੀ ਹੀ ਤਨਖਾਹ ਵਧ ਜਾਏ
ਤੇ ਇਸ ਵਾਰ ਦੀ ਏ.ਸੀ.ਆਰ. ਵੀ ਚੰਗੀ ਹੋਵੇ
ਆ ਜਾਏ ਸਰਕਾਰੀ ਕੋਟੇ ਵਿਚੋਂ ਵਾਰੀ
ਦਫ਼ਤਰ ਲਾਗੇ ਘਰ ਮਿਲ ਜਾਵੇ
ਵਿਚੋਂ ਇਕ ਕਮਰੇ ਲਈ ਬਾਇਤਬਾਰ ਕਿਰਾਏਦਾਰ ਵੀ
ਪੁੱਤਰ ਨੂੰ ਰੁਜ਼ਗਾਰ ਤੇ ਧੀ ਨੂੰ ਸਰਦਾ ਪੁਜਦਾ ਵਰ ਮਿਲ ਜਾਵੇ
ਜੋ ਹੁਣ ਤੀਜੀ ਐਮ.ਏ.ਕਰਦੀ
ਮੀਆਂ ਬੀਵੀ ਦੇ ਵਿਚਕਾਰ
ਹੋਏ ਨਾ ਕੋਈ ਗੱਲ ਰੋਸ ਦੀ
ਤੇ ਜੋ ਪਿੰਡ ਦੀ
ਕਿਸੇ ਨਿਗੂਣੀ ਜਾਇਦਾਦ ਦੀ
ਕਿਸੇ ਕਚਹਿਰੀ ਵਿੱਚ
ਅਪੀਲ ਚਿਰੋਕੀ ਅੜੀ ਪਈ ਹੈ
ਨਵੇਂ ਸਾਲ ਵਿਚ ਨਿਕਲ ਆਏ ਤਰੀਕ ਓਸਦੀ
ਜੇ ਮੈਂ ਤੈਨੂੰ
ਛਪਿਆ ਰਸਮੀ ਖੱਤ ਨਹੀਂ ਪਾਇਆ
ਇਹ ਨਾ ਸਮਝੀਂ ਮਨੋਂ ਭੁਲਾਇਆ
ਕੀ ਕੀ ਦੱਸਾਂ
ਇਸ ਵਾਰੀ ਵੀ
ਮੈਂ ਤੇਰੇ ਲਈ ਕੀ ਕੀ ਚਾਹਿਆ।

## ਹਵਾ ਦਾ ਜੀਵਨ

ਪ੍ਰੋ. ਮੋਹਨ ਸਿੰਘ

ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿੱਚ ਰਹੀਏ ।
ਹਰ ਦਮ ਤਲਬ ਸਜਨ ਦੀ ਕਰੀਏ,
ਠੰਢੇ ਕਦੀ ਨਾ ਪਈਏ ।
ਜੰਗਲ ਗਾਹੀਏ, ਰੇਤੜ ਵਾਹੀਏ,
ਨਾਲ ਪਹਾੜਾਂ ਖਹੀਏ ।
ਇਕੋ ਸਾਹੇ ਭਜਦੇ ਜਾਈਏ,
ਕਿਸੇ ਪੜਾ ਨਾ ਲਹੀਏ ।
ਵੇਖ ਮੁਲਾਇਮ ਸੇਜ ਫੁਲਾਂ ਦੀ
ਧਰਨਾ ਮਾਰ ਨਾ ਬਹੀਏ ।
ਸੌ ਰੰਗਾਂ ਦੇ ਵਿਚੋਂ ਲੰਘ ਕੇ,
ਫਿਰ ਵੀ ਬੇਰੰਗ ਰਹੀਏ ।
ਜੇ ਕੋਈ ਬੁਲਬੁਲ ਹਾਕਾਂ ਮਾਰੇ,
ਕੰਨ ਵਿੱਚ ਉਂਗਲਾਂ ਦਈਏ ।
ਜੇ ਕੋਈ ਕੰਡਾ ਪੱਲਾ ਪਕੜੇ,
ਛੰਡੀਏ ਤੇ ਨੱਸ ਪਈਏ ।
ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿੱਚ ਰਹੀਏ।

## ਡੁਬ ਕੇ ਜੋ ਤਾਰੂ ਸਮੁੰਦਰ ਵਿੱਚ

ਪ੍ਰਿੰਸੀਪਲ ਤਖ਼ਤ ਸਿੰਘ

ਡੁਬ ਕੇ ਜੋ ਤਾਰੂ ਸਮੁੰਦਰ ਵਿੱਚ ਕਿਤੇ ਰਹਿ ਜਾਣਗੇ।
ਪਾਣੀਆਂ ਉੱਤੇ ਉਨ੍ਹਾਂ ਦੇ ਨਾਂ ਲਿਖੇ ਰਹਿ ਜਾਣਗੇ।

ਪੰਛੀਆਂ ਉੱਪਰ ਤਾਂ ਲਾ ਦਿੱਤੇ ਤੂੰ ਪਹਿਰੇ, ਪਰ ਜੋ ਗੀਤ,
ਚੜ੍ਹ ਗਏ ਪੌਣਾਂ ਦੇ ਮੂੰਹ, ਕੀ ਅਣਸੁਣੇ ਰਹਿ ਜਾਣਗੇ।

ਆਪਣੀ ਧੁਨ ਵਿੱਚ ਮਸਤ ਚੁੱਕਣਗੇ ਸਿਰਾਂ ਤੇ ਟੀਸੀਆਂ,
ਸੰਸਿਆਂ ਮਾਰੇ ਗੁਫ਼ਾਵਾਂ ਵਿੱਚ ਤੜੇ ਰਹਿ ਜਾਣਗੇ।

ਪਲ ਕੁ ਪੱਥਰ ਵਾਂਗ ਇਉਂ ਵੱਜਾਂਗਾ ਆਪਣੇ ਆਪ ਨੂੰ,
ਫੁੱਲ ਅਚੰਭੇ ਵਿੱਚ ਜੁਗਾਂ ਤੀਕਰ ਪਏ ਰਹਿ ਜਾਣਗੇ।

ਆਸ ਸੀ ਤੈਨੂੰ ਨ ਮੈਂ ਹੀ ਸੀ ਕਦੇ ਇਹ ਸੋਚਿਆ,
ਫਾਸਿਲੇ ਸਾਡੇ ਵਿਚਾਲੇ ਵੀ ਅੜੇ ਰਹਿ ਜਾਣਗੇ।

ਵਾਗ਼ ਛੱਡ ਦਿੱਤੀ ਗਈ ਢਿੱਲੀ ਜਦੋਂ ਤੂਫ਼ਾਨ ਦੀ,
ਵੇਖੀਏ ਦੀਵੇ ਕਿਵੇਂ ਬੁਝਣੋਂ ਬਚੇ ਰਹਿ ਜਾਣਗੇ।

ਇੱਕ ਅਗੰਮੀ 'ਵਾਜ਼ ਖਿੱਚ ਏਨੀ ਮਨਾਂ ਨੂੰ ਪਾਏਗੀ,
ਪੰਛੀਆਂ ਨੂੰ ਬਿਰਛ ਉਡਣੋਂ ਰੋਕਦੇ ਰਹਿ ਜਾਣਗੇ।

ਮੇਰੇ ਸੁਪਨੇ ਹੂਬਹੂ ਪਾਣੀ ਦੇ ਸ਼ੀਸ਼ੇ ਵਾਂਗ ਸਨ,
ਟੁਕੜੇ ਟੁਕੜੇ ਹੋਣਗੇ ਫਿਰ ਵੀ ਜੁੜੇ ਰਹਿ ਜਾਣਗੇ।

ਸਾਡੇ ਸਿਰ, ਤੇ ਕਰਨ ਜੋ ਮੌਜਾਂ ਸਿਰੋਂ ਛੰਡੋ ਪਰ੍ਹਾਂ,
ਆਪੇ ਮਜਬੂਰਨ ਹਵਾ ਵਿੱਚ ਚੀਥ ਦੇ ਰਹਿ ਜਾਣਗੇ।

ਮਨਚਲੇ ਪੁੱਜ ਜਾਣਗੇ,ਆਕਾਸ਼ ਗੰਗਾ ਤੋਂ ਵੀ ਪਾਰ,
ਸੋਚਦੇ ਰਹਿਣੈ ਜਿੰਨ੍ਹਾਂ ਨੇ ਸੋਚਦੇ ਰਹਿ ਜਾਣਗੇ।

## ਅਸਾਂ ਕਦ ਸੋਚਿਆ

ਮਨਜੀਤ ਇੰਦਰਾ



ਅਸਾਂ ਦਿੱਤੀਆਂ ਕੁਰਬਾਨੀਆਂ
ਇਸ ਲਈ ਤਾਂ ਨਹੀਂ
ਕਿ ਤੁਸੀਂ ਨਾਮ ਸਾਡੇ 'ਤੇ
ਘਿਨੌਣੀ ਖੇਡ ਕੋਈ ਖੇਡੋ...

ਅਸਾਂ ਜਦ ਸੀਸ ਦਿੱਤਾ ਸੀ
ਵਤਨ ਦੀ ਸ਼ਾਨ ਦੀ ਖ਼ਾਤਰ
ਅਸਾਂ ਕਦ ਸੋਚਿਆ ਸੀ ਤਦ
ਕਿ ਇਸ ਦਾ ਮੁੱਲ ਵੱਟੋਗੇ!!

ਤੁਸਾਂ ਤਾਂ ਹੱਦ ਕਰ ਦਿੱਤੀ
ਵਤਨ ਨੂੰ ਵੇਚ-ਵੱਟ ਖਾਧਾ
ਤੁਸਾਂ ਤਾਂ ਸ਼ਰਮ ਕੀਤੀ ਨਾ
ਅਸਾਡੇ ਨਾਮ ਨੂੰ ਹੀ ਢਾਲ ਕਰ ਬੈਠੇ

ਬੜੇ ਭੋਲੇ ਤੇ ਸਿੱਧੜ ਨੇ
ਅਸਾਡੇ ਮੁਲਕ ਦੇ ਵਾਸੀ
ਇਨ੍ਹਾਂ ਨੂੰ ਆੜ ਸਾਡੀ ਲੈ
ਕਈ ਹਿੱਸਿਆਂ 'ਚ ਵੰਡ ਬੈਠੇ...

ਬੜੀ ਤਕਲੀਫ਼ ਹੁੰਦੀ ਹੈ
ਬੜਾ ਹੀ ਤਾਓ ਚੜ੍ਹਦਾ ਹੈ
ਅਥਾਹ ਹੀ ਖ਼ੌਲਦਾ ਹੈ ਖ਼ੂਨ
ਮੁੱਠੀਆਂ ਵੀਟੀਆਂ ਜਾਵਣ...

ਅਸੀਂ ਤਾਂ ਦੇਖ ਸਕਦੇ ਹਾਂ
ਸਿਰਫ਼ ਮਹਿਸੂਸ ਸਕਦੇ ਹਾਂ
ਅਸਾਡੇ ਤਨ ਨਹੀਂ ਜੀਊਂਦੇ
ਅਸੀਂ ਰੂਹਾਂ ਹੀ ਹੋ ਗਏ ਹਾਂ!!

ਕਦੋਂ ਤੱਕ ਝੂਠ ਦਾ ਵਿਓਪਾਰ
ਕਰੋਗੇ ਵਤਨ ਸਾਡੇ ਨਾਲ
ਕਦੋਂ ਤੱਕ ਮੁੱਲ ਪਾਓਗੇ
ਪਰਾਏ ਬੀਜੇ ਵੱਢੇ ਦਾ??

ਓ ਜਰਵਾਣਿਓ!
ਲਹੂਆਂ ਦੇ ਪਿਆਸੇ ਭੇੜੀਏ ਵਾਂਗੂੰ
ਕਦੋਂ ਤੱਕ ਖ਼ੂਨ ਦੀ ਖੇਡੋਗੇ ਹੋਲੀ
ਕਦੋਂ ਤੱਕ ਸਿਦਕ ਸਾਡੇ ਦੀ
ਲਗਾਉਂਦੇ ਰਹੋਗੇ ਬੋਲੀ?
ਨਹੀਂ ਹੁਣ ਹੋਰ ਨਹੀਂ ਜਰਨਾ
ਭਗਤ,ਕਰਤਾਰ ਜਾਂ ਰਾਜ ਬਣਕੇ
ਪਰਤ ਆਵਾਂਗੇ
ਵਤਨ ਸਾਡਾ ਅਸਾਡੀ ਆਨ ਜੋ
ਇਸ ਨੂੰ ਬਚਾਵਾਂਗੇ!

## ਚੱਲ ਹਉ ਪਰੇ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਮੈਂ ਕਿਸੇ ਵੱਲ ਦੇਖਿਆ, ਉਹ ਮੂੰਹ ਫੇਰ ਕੇ ਮੁੜ ਗਿਆ।
ਚੱਲ ਹਊ ਪਰੇ।
ਮੇਰੇ ਤੋਂ ਨਾਤਾ ਤੋੜ ਕੇ ਉਹ, ਹੋਰ ਕਿਸੇ ਨਾਲ ਜੁੜ ਗਿਆ।
ਚੱਲ ਹਊ ਪਰੇ।
ਹਾਰ ਜਿੱਤ ਦੀ ਖੇਡ ਵਿੱਚ, ਹਰਾ ਮੈਨੂੰ ਕੋਈ ਤੁਰ ਗਿਆ।
ਚੱਲ ਹਊ ਪਰੇ।
ਪਲ਼ੀ ਪਲ਼ੀ ਸੀ ਜੋੜਿਆ, ਪਰ ਪੂਰਾ ਕੁੱਪਾ ਰੁੜ੍ਹ ਗਿਆ।
ਚੱਲ ਹਊ ਪਰੇ।
ਤੀਰ ਸੀ ਤਿੱਖਾ ਦਾਗਿਆ, ਤੁੱਕੇ ਦੀ ਤਰ੍ਹਾਂ ਭੁਰ ਗਿਆ।
ਚੱਲ ਹਊ ਪਰੇ।
ਕੁਰਬਾਨ ਕੀਤਾ ਜੋ ਕੋਲ ਸੀ, ਪਰ ਕੌਡੀ ਵੀ ਨਾ ਮੁੱਲ ਪਿਆ।
ਚੱਲ ਹਊ ਪਰੇ।
ਗਿਣੀਆਂ ਅਨੇਕਾਂ ਗਿਣਤੀਆਂ, ਗਿਣਤੀ ਹੀ ਸਾਰੀ ਭੁੱਲ ਗਿਆ।
ਚੱਲ ਹਊ ਪਰੇ।
ਅੱਖ ਚੋਂ ਮੋਤੀ ਉਮਗਿਆ, ਅਚਾਨਕ ਮਿੱਟੀ ਵਿੱਚ ਰੁਲ਼ ਗਿਆ।
ਚੱਲ ਹਊ ਪਰੇ।
ਮੈਂ ਤਾਂ ਰਿੱਧੀ ਖ਼ੀਰ ਸੀ, ਪਰ ਦਲ਼ੀਆ ਬਣ ਉੱਬਲ਼ ਗਿਆ।
ਚੱਲ ਹਊ ਪਰੇ।
ਚੱਲ ਹਊ ਪਰੇ।

## ਧੁੱਪਾਂ ਨਾਲ ਦੋਸਤੀ

ਮਨਮੋਹਨ ਸਿੰਘ ਦਾਊਂ



ਆ ਧੁੱਪ ਸੇਕੀਏ
ਥੱਕ-ਥਕਾਵਟ ਲਾਹੀਏ
ਸੂਰਜ ਦਾ ਸ਼ੁਕਰਾਨਾ ਕਰੀਏ।
ਸੂਰਜ ਜੁਗਾਂ-ਜੁਗਾਂ ਤੋਂ
ਆਪਣਾ ਕਾਰਜ ਕਰਦਾ ਆਇਆ
ਚਾਨਣ, ਨਿੱਘ, ਤਪਸ਼ ਤੇ ਗਰਮੀ
ਵੰਡਦਾ ਆਇਆ,
ਕਦੇ ਨਾ ਸੁੱਤਾ, ਕਦੇ ਨਾ ਥੱਕਿਆ,
ਆ, ਇਸ ਵਰਗਾ ਕਰਮ ਕਮਾਈਏ

ਤੁਰਨ ਦੀ ਖਾਤਰ
ਤਾਜ਼ਾ ਹੋਣਾ ਬਹੁਤ ਜ਼ਰੂਰੀ।
ਬਿਰਖ਼ ਵੀ ਧੁੱਪਾਂ ਸੇਕਣ
ਮੌਲਣ, ਹੱਸਣ ਬੱਚਿਆਂ ਵਾਂਗੂ
ਤੇ ਪੱਤਰ ਕਰਨ ਕਲੋਲਾਂ।
ਪੰਛੀ-ਸੂਰਜ ਉਦੈ ਹੁੰਦਿਆਂ
ਆਲ੍ਹਣਿਆਂ 'ਚੋਂ ਭਰਨ ਉਡਾਰੀ,
ਧੁੱਪ ਦੀ ਕਾਤਰ ਚੁੰਝ ਪਰੋ ਕੇ
ਜੀ ਆਇਆਂ ਆਖਣ ਧੁੱਪ ਨੂੰ।
ਤ੍ਰੇਲ ਦੇ ਤੁਪਕੇ
ਫੁੱਲਾਂ ਨੂੰ ਪੋਲੇ-ਪੋਲੇ ਚੁੰਮਣ ਦੇ ਕੇ
ਧੁੱਪ ਦੀ ਚੁੰਨੀ ਲੈ ਟੁਰ ਜਾਵਣ।
ਮਿੱਟੀ ਦੀ ਕੁੱਖ
ਧੁੱਪ ਦੀਆਂ ਚਮਕਾਂ ਲੈ ਕਲਾਵੇ
ਉਪਜਣ ਦੀ ਪ੍ਰਕਿਰਿਆ ਭੋਗੇ,
ਦਾਣੇ ਉੱਗਣ
ਮਿੱਟੀ, ਮਾਂ ਦੀ ਕਿਰਿਆ ਕਰਦੀ।
ਵਗਦੇ ਪਾਣੀ ਧੁੱਪਾਂ ਪੀਂਦੇ ਲਗਦੇ
ਲਹਿਰਾਂ ਅੰਦਰ ਚਾਂਦੀ ਘੁਲਦੀ ਜਾਪੇ
ਪਾਣੀ ਵੀ ਜਿਉਂ ਧੁੱਪਾਂ ਨਾਲ ਦੋਸਤੀ-ਗੰਢਦੇ।

ਆ, ਧੁੱਪ ਸੇਕੀਏ
ਨਿੱਘ ਮਾਣੀਏ, ਪਿੰਡਾ ਗਰਮਾਈਏ
ਅੰਦਰ ਨਿੱਘ ਜਗਾਈਏ
ਕੁਝ ਕਰਨੇ ਲਈ
ਮਘਦੇ ਰਹੀਏ ਸੂਰਜ ਵਾਂਗੂ,
ਸੇਕ ਬਿਨਾਂ ਜਿੰਦ ਕਿਸ ਹੈ ਕਾਰੇ
ਜੀਵਨ ਦੀ ਸ਼ਕਤੀ ਹੈ ਧੁੱਪਾਂ
ਧੁੱਪ ਦੀ ਬੁੱਕਲ ਦਾ ਨਿੱਘ ਲਈਏ!

# ਫ਼ਿਲਮਾਂ ਤੇ ਸੀਰੀਅਲਾਂ 'ਚ ਕਿਉਂ ਉਡਾਇਆ ਜਾਂਦੈ ਸਿੱਖਾਂ ਦਾ ਮਜ਼ਾਕ ?

## ਫ਼ਿਲਮਾਂ 'ਚ ਬਹੁਤ ਘੱਟ ਦਿਖਾਈ ਜਾਂਦੀ ਹੈ ਸਿੱਖਾਂ ਦੀ ਬਹਾਦਰੀ ਅਤੇ ਦੇਸ਼ ਭਗਤੀ





ਪਟਿਆਲਾ/ਏ.ਟੀ.ਨਿਊਜ਼: ਬਾਲੀਵੁੱਡ ਫ਼ਿਲਮਾਂ ਅਤੇ ਟੀ. ਵੀ. ਸੀਰੀਅਲਾਂ 'ਚ ਸਿੱਖਾਂ ਦੇ ਸਾਹਸ, ਦਲੇਰੀ, ਹੌਂਸਲੇ, ਬਹਾਦਰੀ ਅਤੇ ਦੇਸ਼ ਭਗਤੀ ਦੀ ਥਾਂ ਸਿੱਖਾਂ ਦਾ ਅਕਸਰ ਮਜ਼ਾਕ ਉਡਾਇਆ ਜਾਂਦਾ ਹੈ। ਹਾਲ ਤਾਂ ਇਹ ਹੈ ਕਿ ਸਰਦਾਰਾਂ ਦੇ ਚੁਟਕਲੇ ਦੇ ਨਾਂਅ 'ਤੇ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੇ ਚੁਟਕਲੇ ਸੋਸ਼ਲ ਮੀਡੀਆ, ਫ਼ਿਲਮਾਂ ਅਤੇ ਟੀ ਵੀ ਸੀਰੀਅਲਾਂ 'ਚ ਵੀ ਦਿਖਾਏ ਜਾਂਦੇ ਹਨ। ਅਕਸਰ ਹਿੰਦੀ ਫ਼ਿਲਮਾਂ 'ਚ ਸਿੱਖਾਂ ਨੂੰ ਬੁੱਧੀਹੀਣ, ਅਨਪੜ੍ਹ, ਮੂਰਖ ਆਦਿ ਦਿਖਾਇਆ ਜਾਂਦਾ ਹੈ। ਹੈਰਾਨੀ ਦੀ ਗਲ ਇਹ ਹੈ ਕਿ ਜਿਹੜੀਆਂ ਫ਼ਿਲਮਾਂ 'ਚ ਸਿੱਖਾਂ ਦਾ ਕਿਸੇ ਨਾ ਕਿਸੇ ਤਰੀਕੇ ਨਾਲ ਮਜ਼ਾਕ ਉਡਾਇਆ ਜਾਂਦਾ ਹੈ, ਉਹਨਾਂ ਫ਼ਿਲਮਾਂ ਨੂੰ ਸੈਂਸਰ ਬੋਰਡ ਵੱਲੋਂ ਪਾਸ ਵੀ ਕਰ ਦਿੱਤਾ ਜਾਂਦਾ ਹੈ, ਜਿਸ ਤੋਂ ਅਹਿਸਾਸ ਹੁੰਦਾ ਹੈ ਕਿ ਸਿੱਖਾਂ ਦਾ ਫ਼ਿਲਮਾਂ 'ਚ ਮਜ਼ਾਕ ਉਡਾਉਣ ਲਈ ਕਿਤੇ ਕੋਈ ਗਹਿਰੀ ਸਾਜ਼ਿਸ਼ ਤਾਂ ਨਹੀਂ ਹੋ ਰਹੀ।

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਵੇਂ ਬਾਲੀਵੁੱਡ ਫ਼ਿਲਮਾਂ ਅਤੇ ਸੀਰੀਅਲਾਂ 'ਚ ਸਿੱਖਾਂ ਦਾ ਮਜ਼ਾਕ ਉਡਾਉਣ ਵਾਲੇ ਦ੍ਰਿਸ਼ ਦਾ ਵਿਰੋਧ ਵੀ ਕੀਤਾ ਜਾਂਦਾ ਹੈ ਅਤੇ ਕਈ ਵਾਰ ਸ਼੍ਰੋਮਣੀ ਕਮੇਟੀ ਅਤੇ ਸਿੱਖਾਂ ਵੱਲੋਂ ਅਜਿਹੇ ਦ੍ਰਿਸ਼ਾਂ ਦਾ ਵਿਰੋਧ ਕਰਨ ਤੇ ਇਹ ਦ੍ਰਿਸ਼ ਫ਼ਿਲਮ ਵਿਚੋਂ ਕੱਢ ਦਿੱਤੇ ਜਾਂਦੇ ਹਨ ਜਾਂ ਬਦਲ ਦਿੱਤੇ ਜਾਂਦੇ ਹਨ ਪਰ ਫਿਰ ਵੀ ਅਜਿਹੇ ਦ੍ਰਿਸ਼ਾਂ ਵਾਲੀਆਂ ਫ਼ਿਲਮਾਂ ਅਤੇ ਸੀਰੀਅਲ ਲਗਾਤਾਰ ਦਿਖਾਏ ਜਾਂਦੇ ਹਨ, ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਲੱਗਦੀ ਹੈ। ਹਾਲ ਤਾਂ ਇਹ ਹੈ ਕਿ ਸਿੱਖ ਲੇਖਕ ਖ਼ੁਸ਼ਵੰਤ ਸਿੰਘ ਵੀ ਅਕਸਰ ਆਪਣੀਆਂ ਰਚਨਾਵਾਂ ਵਿੱਚ ਸਰਦਾਰਾਂ ਦੇ ਚੁਟਕਲੇ ਪੇਸ਼ ਕਰਕੇ ਸਿੱਖਾਂ ਦਾ ਮਜ਼ਾਕ ਉਡਾਉਂਦਾ ਹੁੰਦਾ ਸੀ।

ਸਿੱਖਾਂ ਦਾ ਮਜ਼ਾਕ ਉਡਾਉਣ ਵਾਲੀਆਂ ਫ਼ਿਲਮਾਂ ਅਤੇ ਸੀਰੀਅਲਾਂ ਦੀ ਗਿਣਤੀ ਬਹੁਤ ਜਿਆਦਾ ਹੈ, ਇਸ ਕਰਕੇ ਇਹਨਾਂ ਫ਼ਿਲਮਾਂ ਅਤੇ ਸੀਰੀਅਲਾਂ ਦੀ ਸੂਚੀ ਪੇਸ਼ ਕਰਨਾ ਸੰਭਵ ਨਹੀਂ। ਕੁੱਝ ਵਿਦਵਾਨ ਕਹਿੰਦੇ ਹਨ ਕਿ ਸਿੱਖ ਚੁਟਕਲੇ 1800 ਦੇ ਦਹਾਕੇ ਤੋਂ ਚੱਲ ਰਹੇ ਹਨ। ਉਸ ਸਮੇਂ ਦੌਰਾਨ ਸਿੱਖ ਭਾਰਤੀ ਸੁਤੰਤਰਤਾ ਸੰਗਰਾਮ ਦੌਰਾਨ ਆਪਣੇ ਬਹਾਦਰੀ ਭਰੇ ਕਾਰਨਾਮਿਆਂ ਲਈ ਵਿਆਪਕ ਤੌਰ 'ਤੇ ਜਾਣੇ ਜਾਂਦੇ ਸਨ। ਉਹ ਦੁਨੀਆਂ ਭਰ ਵਿੱਚ ਮਹਾਨ ਯੋਧੇ ਅਤੇ ਬਹਾਦਰ ਵਜੋਂ ਮਸ਼ਹੂਰ ਸਨ। ਇਹ ਵੀ ਅੰਦਾਜ਼ਾ ਲਗਾਇਆ ਗਿਆ ਸੀ ਕਿ, ਦੂਜੇ ਵਿਸ਼ਵ ਯੁੱਧ ਦੌਰਾਨ, ਸਿੱਖਾਂ ਨੇ ਅਡੋਲਫ ਹਿਟਲਰ ਨੂੰ ਫਰਾਂਸ ਦੇ ਖ਼ਿਲਾਫ਼ ਲੜਾਈ

(ਬਾਕੀ ਸਫ਼ਾ 31 'ਤੇ)

## ਸਿੱਖ ਸਤਿਕਾਰ ਦੇ ਹੱਕਦਾਰ ਹਨ, ਮਜ਼ਾਕ ਦੇ ਨਹੀਂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਬਹਾਦਰ, ਜੀਵੰਤ, ਹਸਮੁਖ, ਜੀਵੰਤ, ਹੁਸ਼ਿਆਰ ਅਤੇ ਜੋਸ਼ ਨਾਲ ਭਰਪੂਰ ਹਨ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਉਹ ਨਿੱਘੇ, ਪਰਾਹੁਣਚਾਰੀ ਅਤੇ ਦੋਸਤਾਂ ਦੇ ਮਿੱਤਰ ਹਨ। ਨਾਲੇ ਜੇਕਰ ਤੁਸੀਂ ਕਿਸੇ ਸਿੱਖ ਦੇ ਨਾਲ ਹੋ ਤਾਂ ਉਹ ਤੁਹਾਨੂੰ ਕਦੇ ਵੀ ਦੁਖੀ ਨਹੀਂ ਹੋਣ ਦੇਣਗੇ। ਇਸੇ ਲਈ ਭਾਰਤ ਦੇ ਇਤਿਹਾਸ ਵਿੱਚ ਸਾਡੇ ਕੋਲ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜੋ ਉਨ੍ਹਾਂ ਦੀ ਬਹਾਦਰੀ, ਦਲੇਰੀ, ਬਹਾਦਰੀ ਅਤੇ ਕਦੇ ਵੀ ਹੌਂਸਲਾ ਨਾ ਛੱਡਣ ਦੀ ਕਹਾਣੀ ਨੂੰ ਦਰਸਾਉਂਦੀਆਂ ਹਨ। ਹਾਲਾਂ ਕਿ, ਇਹ ਬਹੁਤ ਦੁੱਖ ਦੀ ਗੱਲ ਹੈ ਕਿ ਲੋਕਾਂ ਦੇ ਮਨਾਂ ਵਿੱਚ ਸਿੱਖਾਂ ਬਾਰੇ ਬਹੁਤ ਸਾਰੀਆਂ ਗਲਤ ਧਾਰਨਾਵਾਂ ਜਾਂ ਮਿੱਥਾਂ ਹਨ, ਮੁੱਖ ਤੌਰ 'ਤੇ ਫਿਲਮਾਂ ਅਤੇ ਸੀਰੀਅਲਾਂ ਵਿੱਚ ਉਨ੍ਹਾਂ ਦੇ ਗਲਤ ਚਿਤਰਣ ਕਾਰਨ।

17ਵੀਂ ਸਦੀ ਵਿੱਚ, ਭਾਰਤ, ਜਿਸ ਨੂੰ ਉਸ ਸਮੇਂ ਹਿੰਦੁਸਤਾਨ ਕਿਹਾ ਜਾਂਦਾ ਸੀ, ਉੱਤੇ ਮੁਗਲਾਂ ਦਾ ਰਾਜ ਸੀ ਜੋ ਹਿੰਦੂਆਂ ਨੂੰ ਨਾਪਸੰਦ ਕਰਦੇ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਵਰਗਾ ਸਲੂਕ ਕਰਦੇ ਸਨ, ਹਿੰਦੂ ਔਰਤਾਂ ਉਨ੍ਹਾਂ ਲਈ ਸਿਰਫ਼ ਵਸਤੂਆਂ ਸਨ। ਉਸ ਸਮੇਂ ਹਿੰਦੂ ਸਿੱਖਾਂ ਤੋਂ ਮਦਦ ਲੈਂਦੇ ਸਨ ਅਤੇ ਸਿੱਖ ਅੱਧੀ ਰਾਤ ਦੇ ਹਮਲਿਆਂ ਵਿੱਚ ਮਾਹਿਰ ਸਨ। ਹੌਲੀ-ਹੌਲੀ ਇਹ ਗੱਲ ਫੈਲ ਗਈ ਕਿ ਸਿੱਖ ਅੱਧੀ ਰਾਤ ਨੂੰ ਅਜਿੱਤ ਹਨ ਕਿਉਂਕਿ ਉਨ੍ਹਾਂ ਨੂੰ ਧਰਮ, ਕੌਮ ਅਤੇ ਮਨੁੱਖਤਾ ਦੀ ਰੱਖਿਆ ਲਈ ਕੁਝ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂ ਹਨ।

## ਸਤਿੰਦਰ ਸਰਤਾਜ ਨੇ ਫਰੈਂਚ ਸਿੱਖ ਕੇ 'ਪੈਰਿਸ ਦੀ ਜੁਗਨੀ' ਗੀਤ ਕੀਤਾ ਤਿਆਰ




ਗੀਤ 'ਰੁਤਬਾ', 'ਸੱਜਣ ਰਾਜ਼ੀ', 'ਤਿੱਤਲੀ' ਅਤੇ 'ਗੱਲਾਂ ਈ ਨੇ' ਲਈ ਜਾਣੇ ਜਾਂਦੇ ਪੰਜਾਬ ਦੇ ਉੱਘੇ ਫਨਕਾਰ ਸਤਿੰਦਰ ਸਰਤਾਜ ਨੇ ਆਪਣੇ ਨਵੇਂ ਗੀਤ 'ਪੈਰਿਸ ਦੀ ਜੁਗਨੀ' ਵਿੱਚ ਫਰਾਂਸੀਸੀ (ਫਰੈਂਚ) ਭਾਸ਼ਾ ਦੇ ਕੁਝ ਸ਼ਬਦ ਵਰਤੇ ਹਨ। ਇਸ ਗੀਤ ਰਾਹੀਂ ਸਤਿੰਦਰ ਸਰਤਾਜ ਨੇ ਪਹਿਲੀ ਵਾਰ ਪੰਜਾਬੀ ਤੇ ਫਰਾਂਸੀਸੀ ਭਾਸ਼ਾ ਨੂੰ ਇਕਮਿਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਪਹਿਲਾਂ ਇਹ ਤੈਅ ਹੋਇਆ ਸੀ ਕਿ ਫਰੈਂਚ ਦਾ ਟੋਟਕਾ ਕੋਈ ਸਥਾਨਕ ਫਨਕਾਰ ਗਾਏਗਾ ਪਰ ਸਤਿੰਦਰ ਸਰਤਾਜ ਨੇ ਇਸ ਚੁਣੌਤੀ ਨੂੰ ਕਬੂਲਦਿਆਂ ਖੁਦ ਫਰੈਂਚ ਸਿੱਖ ਕੇ ਇਹ ਗੀਤ ਤਿਆਰ ਕੀਤਾ। ਸਤਿੰਦਰ ਸਰਤਾਜ ਨੇ ਆਖਿਆ, "ਇਹ ਮੇਰੇ ਲਈ ਨਵੇਂ ਸ਼ਬਦ ਸਨ। ਖਾਸ ਕਰਕੇ ਜਦੋਂ ਤੁਸੀਂ ਫਰੈਂਚ ਪੜ੍ਹਦੇ ਹੋ ਤਾਂ ਤੁਸੀਂ ਫਰਾਂਸੀਸੀ ਲੋਕਾਂ ਵਾਂਗ ਸ਼ਬਦਾਂ ਦਾ ਉਚਾਰਨ ਨਹੀਂ ਕਰ ਸਕਦੇ। ਮੈਂ ਕਈ ਕੋਸ਼ਿਸ਼ਾਂ ਕਰਨ ਮਗਰੋਂ ਸੋਚਿਆ ਕਿ ਜਦੋਂ ਮੈਂ ਫਰੈਂਚ ਸਹੀ ਬੋਲ ਰਿਹਾਂ ਤਾਂ ਇਸ ਨੂੰ ਗਾ ਕਿਉਂ ਨਹੀਂ ਸਕਦਾ। ਇਸੇ ਕਰਕੇ ਇਹ ਗੀਤ ਤਿਆਰ ਹੋ ਸਕਿਆ।' ਮੈਨੂੰ ਉਮੀਦ ਹੈ ਕਿ ਲੋਕ ਇਸ ਗੀਤ ਨੂੰ ਪਸੰਦ ਕਰਨਗੇ। ਦਸਣਯੋਗ ਹੈ ਕਿ ਇਹ ਗੀਤ ਰਿਲੀਜ਼ ਹੋ ਗਿਆ ਹੈ।

## ਮੇਰੇ 'ਚ ਵੀ ਹਨ ਕਮੀਆਂ : ਵਿੱਕੀ ਕੌਸ਼ਲ



ਵਿੱਕੀ ਕੌਸ਼ਲ ਫਿਲਮ 'ਜ਼ਰਾ ਹਟਕੇ ਜ਼ਰਾ ਬਚਕੇ' ਲਈ ਸੁਰਖੀਆਂ ਵਿੱਚ ਹੈ। ਹਾਲ ਹੀ 'ਚ ਉਹ ਫਿਲਮ ਦੇ ਪ੍ਰਮੋਸ਼ਨਲ ਈਵੈਂਟ 'ਚ ਸ਼ਾਮਲ ਹੋਏ ਸਨ। ਜਿੱਥੇ ਉਸ ਨੇ ਕੈਟਰੀਨਾ ਕੈਫ ਨਾਲ ਆਪਣੀ ਵਿਆਹੁਤਾ ਜ਼ਿੰਦਗੀ ਦੀਆਂ ਕੁਝ ਦਿਲਚਸਪ ਗੱਲਾਂ ਵੀ ਸਾਂਝੀਆਂ ਕੀਤੀਆਂ।

ਵਿੱਕੀ ਕੌਸ਼ਲ ਨੇ ਗੱਲਬਾਤ ਕਰਦੇ ਹੋਏ ਕੈਟਰੀਨਾ ਕੈਫ ਨਾਲ ਆਪਣੀ ਖੁਸ਼ਹਾਲ ਵਿਆਹੁਤਾ ਜ਼ਿੰਦਗੀ ਦੇ ਰਾਜ਼ ਦਾ ਖੁਲਾਸਾ ਕੀਤਾ। ਖੁਸ਼ਹਾਲ ਵਿਆਹੁਤਾ ਜੀਵਨ ਲਈ ਸੁਝਾਅ ਦਿੰਦੇ ਹੋਏ, ਅਦਾਕਾਰ ਨੇ ਕਿਹਾ ਕਿ ਕਿਸੇ ਵੀ ਵਿਆਹੁਤਾ ਜੀਵਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ, ਦੋਵਾਂ ਪਾਰਟਨਰ ਵਿੱਚ ਧੀਰਜ ਹੋਣਾ ਬਹੁਤ ਜ਼ਰੂਰੀ ਹੈ।

ਅਭਿਨੇਤਾ ਨੇ ਅੱਗੇ ਕਿਹਾ, 'ਮੇਰੀ ਵਿਆਹੁਤਾ ਜ਼ਿੰਦਗੀ ਦੇ ਪਿਛਲੇ ਡੇਢ ਸਾਲਾਂ ਵਿੱਚ, ਮੈਂ ਸਮਝਿਆ ਹੈ ਕਿ ਇਕੱਠੇ ਅੱਗੇ ਵਧਣ ਲਈ ਦੋਵਾਂ ਲਈ ਧੀਰਜ ਰੱਖਣਾ ਜ਼ਰੂਰੀ ਹੈ। ਮੈਂ ਹਮੇਸ਼ਾ ਸਭ ਤੋਂ ਵਧੀਆ ਪਤੀ ਬਣਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ। ਮੈਂ ਆਪਣੇ ਪਰਿਵਾਰ ਨੂੰ ਪਿਆਰ ਕਰਦਾ ਹਾਂ, ਮੈਂ ਜ਼ਿੰਦਗੀ ਨੂੰ ਪਿਆਰ ਕਰਦਾ ਹਾਂ, ਪਰ ਮੇਰੇ ਵਿੱਚ ਵੀ ਕਿਸੇ ਹੋਰ ਵਿਅਕਤੀ ਵਾਂਗ ਕਈ ਕਮੀਆਂ ਹਨ।' ਵਿੱਕੀ ਕੌਸ਼ਲ ਨੇ ਗੱਲਬਾਤ ਦੌਰਾਨ ਇਹ ਵੀ ਦੱਸਿਆ ਕਿ ਉਸ ਦੇ ਘਰ ਦਾ ਇੱਕ ਖਾਸ ਨਿਯਮ ਹੈ, ਜੋ ਉਸ ਦੀ ਮਾਂ ਵੀਨਾ ਕੌਸ਼ਲ ਨੇ ਬਣਾਇਆ ਹੈ ਅਤੇ ਸਾਰਿਆਂ ਨੂੰ ਇਸ ਦਾ ਪਾਲਣ ਕਰਨਾ ਪੈਂਦਾ ਹੈ।

ਅਭਿਨੇਤਾ ਨੇ ਕਿਹਾ ਕਿ ਉਸਦੇ ਘਰ ਵਿੱਚ ਪਿਤਾ, ਭਰਾ ਅਤੇ ਪਤਨੀ ਸਮੇਤ ਜ਼ਿਆਦਾਤਰ ਲੋਕ ਫਿਲਮ ਇੰਡਸਟਰੀ ਤੋਂ ਆਉਂਦੇ ਹਨ। ਅਜਿਹੇ 'ਚ ਹਰ ਕੋਈ ਇਕ ਦੂਜੇ ਨਾਲ ਆਪਣੇ ਪ੍ਰੋਜੈਕਟਾਂ 'ਤੇ ਚਰਚਾ ਕਰਦਾ ਹੈ। ਤਾਂ ਜੋ ਤੁਸੀਂ ਕੁਝ ਚੰਗੇ ਵਿਚਾਰ ਅਤੇ ਸੁਝਾਅ ਪ੍ਰਾਪਤ ਕਰ ਸਕੋ।

ਵਿੱਕੀ ਕੌਸ਼ਲ ਨੇ ਕਿਹਾ, 'ਮੇਰੇ ਪਰਿਵਾਰ ਵਿੱਚ ਲਗਭਗ ਹਰ ਕੋਈ ਫਿਲਮ ਇੰਡਸਟਰੀ ਤੋਂ ਹੈ - ਮੇਰੇ ਪਿਤਾ ਸ਼ਾਮ ਕੌਸ਼ਲ ਅਤੇ ਭਰਾ ਸੰਨੀ ਤੋਂ ਲੈ ਕੇ ਮੇਰੀ ਪਤਨੀ ਕੈਟਰੀਨਾ ਤੱਕ। ਅਸੀਂ ਅਕਸਰ ਇੱਕ ਦੂਜੇ ਨਾਲ ਆਪਣੇ ਪ੍ਰੋਜੈਕਟਾਂ ਬਾਰੇ ਚਰਚਾ ਕਰਦੇ ਹਾਂ ਅਤੇ ਆਪਣੇ ਵਿਚਾਰ ਸਾਂਝੇ ਕਰਦੇ ਹਾਂ। ਇੱਕ ਵਾਰ, ਅਸੀਂ ਇੱਥੇ ਕੰਮ ਬਾਰੇ ਗੱਲ ਕੀਤੀ। ਰਾਤ ਦੇ ਖਾਣੇ ਦੀ ਮੇਜ਼ ਇੰਨੀ ਦੇਰ ਲਈ ਕਿ ਮੇਰੀ ਮਾਂ ਨੇ ਇਹ ਨਿਯਮ ਬਣਾ ਦਿੱਤਾ ਕਿ ਇੱਕ ਪਰਿਵਾਰ ਦੇ ਤੌਰ 'ਤੇ ਅਸੀਂ ਰਾਤ ਦੇ ਖਾਣੇ ਦੌਰਾਨ ਕਦੇ ਵੀ ਕੰਮ ਬਾਰੇ ਗੱਲ ਨਹੀਂ ਕਰਾਂਗੇ।

## 25 ਸਾਲ ਦੀ ਉਮਰ 'ਚ ਬੇਸ਼ੁਮਾਰ ਦੌਲਤ ਦੀ ਮਾਲਕਣ ਹੈ ਅਵਿਕਾ ਗੋਰ



ਅਵਿਕਾ ਗੋਰ ਉਨ੍ਹਾਂ ਅਭਿਨੇਤਰੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਛੋਟੀ ਉਮਰ ਵਿੱਚ ਬਹੁਤ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਦਾ ਕਰੀਅਰ ਨਾ ਸਿਰਫ ਛੋਟੇ ਪਰਦੇ 'ਤੇ ਚਮਕਿਆ, ਸਗੋਂ ਉਸ ਨੇ ਦੱਖਣੀ ਇੰਡਸਟਰੀ 'ਚ ਵੀ ਆਪਣੀ ਕਾਬਲੀਅਤ ਨੂੰ ਸਾਬਤ ਕੀਤਾ ਹੈ। ਅਵਿਕਾ ਗੋਰ ਨੇ ਆਪਣੀ ਮਿਹਨਤ ਦੇ ਬਲਬੂਤੇ ਨਾਮ, ਪ੍ਰਸਿੱਧੀ ਅਤੇ ਬੇਸ਼ੁਮਾਰ ਦੌਲਤ ਕਮਾਈ। ਅੱਜ ਉਹ ਲਗਜ਼ਰੀ ਜੀਵਨ ਬਤੀਤ ਕਰ ਰਹੀ ਹੈ। ਉਸਦੀ ਕੁੱਲ ਕੀਮਤ ਨੂੰ ਜਾਣਨਾ ਸ਼ਾਇਦ ਤੁਹਾਨੂੰ 440 ਵੋਲਟ ਦਾ ਝਟਕਾ ਦੇਵੇਗਾ।

30 ਜੂਨ 1997 ਨੂੰ ਜਨਮੀ ਅਵਿਕਾ ਗੌਰ ਨੇ ਸਿਰਫ 10 ਸਾਲ ਦੀ ਉਮਰ ਵਿੱਚ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸਦਾ ਪਹਿਲਾ ਡੈਬਿਊ ਸੀਰੀਅਲ ਸੀ- 'ਸ਼ਸ਼ਸ਼... ਕੋਈ ਹੈ' (2007) ਸੀ ਇਸ ਤੋਂ ਠੀਕ ਇਕ ਸਾਲ ਬਾਅਦ ਅਵਿਕਾ 'ਰਾਜਕੁਮਾਰ ਆਰੀਅਨ' ਦੀ ਨੌਜਵਾਨ ਰਾਜਕੁਮਾਰੀ ਭੈਰਵੀ ਬਣ ਗਈ। ਉਸ ਨੂੰ ਆਪਣੀ ਰਾਜਕੁਮਾਰੀ ਦੇ ਕਿਰਦਾਰ ਨਾਲ ਪਛਾਣ ਮਿਲੀ ਪਰ ਜੇਕਰ ਇਹ ਕਿਹਾ ਜਾਵੇ ਕਿ ਉਸ ਨੂੰ ਕਿਸ ਸ਼ੋਅ ਤੋਂ ਸਟਾਰਡਮ ਮਿਲਿਆ ਤਾਂ ਇਹ ਬਿਨਾਂ ਸ਼ੱਕ 'ਬਾਲਿਕਾ ਵਧੂ' ਹੈ। ਅਵਿਕਾ ਗੌਰ ਨੇ 11 ਸਾਲ ਦੀ ਉਮਰ 'ਚ ਕਲਰਸ ਦੇ ਸੁਪਰਹਿੱਟ ਸ਼ੋਅ 'ਬਾਲਿਕਾ ਵਧੂ' 'ਚ ਛੋਟੀ ਆਨੰਦੀ ਦੀ ਭੂਮਿਕਾ ਨਿਭਾਈ ਸੀ। ਇਸ ਸ਼ੋਅ ਨੇ ਅਵਿਕਾ ਨੂੰ ਘਰ-ਘਰ ਵਿੱਚ ਇੱਕ ਨਾਮ ਦਿੱਤਾ ਅਤੇ ਉਹ ਸਭ ਤੋਂ ਮਸ਼ਹੂਰ ਬਾਲ ਕਲਾਕਾਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਈ। ਬਾਅਦ 'ਚ 'ਸਸੁਰਾਲ ਸਿਮਰ ਕਾ' 'ਚ ਰੋਲੀ ਬਣ ਕੇ ਟੀਵੀ 'ਤੇ ਰਾਜ ਕੀਤਾ। ਅਵਿਕਾ 'ਲਾਡੋ' ਤੇ 'ਖਤਰੋਂ ਕੇ ਖਿਲਾੜੀ' ਵਰਗੇ ਸ਼ੋਅਜ਼ 'ਚ ਵੀ ਨਜ਼ਰ ਆ ਚੁੱਕੀ ਹੈ ।ਅਵਿਕਾ ਗੌਰ ਜਿੱਥੇ ਛੋਟੇ ਪਰਦੇ 'ਤੇ ਆਪਣੀ ਅਦਾਕਾਰੀ ਦੇ ਜੌਹਰ ਦਿਖਾ ਰਹੀ ਸੀ, ਉੱਥੇ ਹੀ ਉਹ ਸਾਊਥ ਇੰਡਸਟਰੀ 'ਚ ਵੀ ਕੰਮ ਲੱਭ ਰਹੀ ਸੀ। ਆਖਰਕਾਰ 2013 ਵਿੱਚ ਉਸਨੂੰ ਲੀਡ ਦੇ ਰੂਪ ਵਿੱਚ ਆਪਣੀ ਪਹਿਲੀ ਫਿਲਮ ਮਿਲੀ। ਇਸ 'ਚ ਅਭਿਨੇਤਰੀ ਦੀ ਅਦਾਕਾਰੀ ਨੂੰ ਇੰਨਾ ਪਸੰਦ ਕੀਤਾ ਗਿਆ ਕਿ ਉਨ੍ਹਾਂ ਨੂੰ ਬੈਸਟ ਡੈਬਿਊ (ਫੀਮੇਲ) ਦਾ ਐਵਾਰਡ ਮਿਲਿਆ। ਉਸਨੇ ਦੱਖਣ ਦੀਆਂ ਕਈ ਫਿਲਮਾਂ ਵਿੱਚ ਕੰਮ ਕੀਤਾ, ਜਿਸ ਵਿੱਚ 'ਥੈਂਕ ਯੂ' ਅਤੇ 'ਨੈੱਟ' ਵਰਗੀਆਂ ਫਿਲਮਾਂ ਸ਼ਾਮਲ ਹਨ।

ਹਾਲ ਹੀ 'ਚ ਉਸ ਨੇ ਫਿਲਮ '1920: ਹਾਰਰਜ਼ ਆਫ ਦਿ ਹਾਰਟ ' ਨਾਲ ਬਾਲੀਵੁੱਡ 'ਚ ਡੈਬਿਊ ਕੀਤਾ ਸੀ। ਫਿਲਮ ਨੂੰ ਮਿਲੀ-ਜੁਲੀ ਸਮੀਖਿਆਵਾਂ ਮਿਲੀਆਂ, ਪਰ ਅਵਿਕਾ ਦੇ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਨਾਲ ਹੀ ਫਿਲਮ ਬਾਕਸ ਆਫਿਸ 'ਤੇ ਚੰਗੀ ਕਮਾਈ ਕਰ ਰਹੀ ਹੈ।

ਅਵਿਕਾ ਗੌਰ ਨੇ ਵੱਖ-ਵੱਖ ਸੀਰੀਅਲਾਂ ਅਤੇ ਫਿਲਮਾਂ 'ਚ ਕੰਮ ਕਰਕੇ ਖੁਦ ਨੂੰ ਡਿਮਾਂਡ ਅਭਿਨੇਤਰੀਆਂ ਦੀ ਸੂਚੀ 'ਚ ਸ਼ਾਮਲ ਕੀਤਾ ਹੈ। ਅਜਿਹੇ 'ਚ ਉਸ ਦੀ ਕਮਾਈ 'ਚ ਭਾਰੀ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ ਅਵਿਕਾ ਦੀ ਨੈੱਟਵਰਥ 30 ਤੋਂ 35 ਕਰੋੜ ਹੈ। ਉਹ ਹਰ ਫਿਲਮ ਲਈ ਕਾਫੀ ਪੈਸੇ ਲੈਂਦੀ ਹੈ।

# ਕਿਤਾਬੀ ਗਿਆਨ ਦੇ ਨਾਲ-ਨਾਲ ਖੇਡਾਂ ਵੀ ਜ਼ਰੂਰੀ

## ਭਾਰਤੀ ਸੰਸਕ੍ਰਿਤੀ ਅਤੇ ਏਕਤਾ ਦਾ ਪ੍ਰਤੀਕ ਨੇ ਖੇਡਾਂ





ਖੇਡਾਂ ਸਾਡੇ ਜੀਵਨ ਦਾ ਇੱਕ ਅਹਿਮ ਹਿੱਸਾ ਹਨ, ਇਹ ਸਾਡੇ ਸਰੀਰਕ ਅਤੇ ਮਾਨਸਿਕ ਵਿਕਾਸ ਦਾ ਸਰੋਤ ਹਨ, ਜਿੱਥੇ ਇਹ ਸਾਡੇ ਸਰੀਰ ਦੇ ਖ਼ੂਨ ਸੰਚਾਰ ਵਿੱਚ ਮਦਦਗਾਰ ਹੁੰਦੀਆਂ ਹਨ, ਉੱਥੇ ਹੀ ਇਹ ਸਾਡੇ ਦਿਮਾ.ਗ ਦੇ ਵਿਕਾਸ ਵਿੱਚ ਵੀ ਲਾਭਦਾਇਕ ਹੁੰਦੀਆਂ ਹਨ, ਖੇਡਾਂ ਨੂੰ ਕਸਰਤ ਦਾ ਸਭ ਤੋਂ ਵਧੀਆ ਸਾਧਨ ਮੰਨਿਆ ਜਾਂਦਾ ਹੈ। ਖੇਡਾਂ ਸਾਡੇ ਸਰੀਰ ਨੂੰ ਜੋਸ਼ੀਲੇ, ਗਤੀਸ਼ੀਲ ਅਤੇ ਊਰਜਾਵਾਨ ਬਣਾਉਣ ਵਿੱਚ ਸਹਾਇਕ ਹੁੰਦੀਆਂ ਹਨ। ਇੱਕ ਸਫਲ ਵਿਅਕਤੀ ਲਈ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ ’ਤੇ ਤੰਦਰੁਸਤ ਹੋਣਾ ਚਾਹੀਦਾ ਹੈ, ਮਾਨਸਿਕ ਵਿਕਾਸ ਸਾਡੇ ਸਕੂਲ ਦੇ ਦਿਨਾਂ ਤੋਂ ਹੀ ਸ਼ੁਰੂ ਹੋ ਜਾਂਦਾ ਹੈ, ਪਰ ਸਰੀਰਕ ਵਿਕਾਸ ਲਈ ਕਸਰਤ ਜ਼ਰੂਰੀ ਹੈ, ਜੋ ਸਾਨੂੰ ਖੇਡਾਂ ਰਾਹੀਂ ਮਿਲਦੀ ਹੈ।

### ਖੇਡਾਂ ਦੀਆਂ ਕਿਸਮਾਂ

ਇੱਥੇ ਬਹੁਤ ਸਾਰੀਆਂ ਕਿਸਮਾਂ ਦੀਆਂ ਖੇਡਾਂ ਹਨ ਜਿਨ੍ਹਾਂ ਨੂੰ ਮੁੱਖ ਤੌਰ ’ਤੇ ਅੰਦਰੂਨੀ ਅਤੇ ਬਾਹਰੀ ਖੇਡਾਂ ਵਿੱਚ ਵੰਡਿਆ ਗਿਆ ਹੈ । ਅੰਦਰੂਨੀ ਖੇਡਾਂ; ਜਿਵੇਂ- ਤਾਸ਼, ਲੂਡੋ, ਕੈਰਮ, ਸੱਪ ਅਤੇ ਪੌੜੀ ਆਦਿ ਮਨੋਰੰਜਨ ਦੇ ਨਾਲ-ਨਾਲ ਬੌਧਿਕ ਵਿਕਾਸ ਵਿੱਚ ਸਹਾਇਕ ਹਨ, ਜਦਕਿ ਬਾਹਰੀ ਖੇਡਾਂ; ਜਿਵੇਂ ਕਿ ਕ੍ਰਿਕਟ, ਫੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ, ਵਾਲੀਬਾਲ ਆਦਿ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਲਾਭਕਾਰੀ ਹਨ। ਇਹਨਾਂ ਦੋ ਸ਼੍ਰੇਣੀਆਂ ਵਿੱਚ ਫਰਕ ਸਿਰ.ਫ ਇਹ ਹੈ ਕਿ ਬਾਹਰੀ ਖੇਡਾਂ ਲਈ ਇੱਕ ਵੱਡੇ ਮੈਦਾਨ ਦੀ ਲੋੜ ਹੁੰਦੀ ਹੈ। ਇਹ ਖੇਡ ਸਾਡੇ ਸਰੀਰ ਨੂੰ ਫਿੱਟ ਅਤੇ ਸਿਹਤਮੰਦ ਰੱਖਣ ਵਿੱਚ ਸਹਾਈ ਹੁੰਦੀ ਹੈ, ਜਦੋਂ ਕਿ ਇਨਡੋਰ ਖੇਡਾਂ ਲਈ ਇੰਨੇ ਵੱਡੇ ਮੈਦਾਨ ਦੀ ਲੋੜ ਨਹੀਂ ਹੁੰਦੀ, ਇਹ ਘਰ ਦੇ ਵਿਹੜੇ ਵਿੱਚ ਕਿਤੇ ਵੀ ਖੇਡੀਆਂ ਜਾ ਸਕਦੀਆਂ ਹਨ। ਇਨ੍ਹਾਂ ਖੇਡਾਂ ਵਿੱਚ ਹਰ ਪੀੜ੍ਹੀ ਦੇ ਲੋਕ ਚਾਹੇ ਬੱਚੇ ਹੋਣ, ਨੌਜਵਾਨ ਹੋਣ ਜਾਂ ਬੁੱਢੀ ਪੀੜ੍ਹੀ, ਸਭ ਦੀ ਰੁਚੀ ਹੁੰਦੀ ਹੈ, ਆਊਟਡੋਰ ਖੇਡਾਂ ਜਿੱਥੇ ਸਾਡੇ ਸਰੀਰਕ ਵਿਕਾਸ ਵਿੱਚ ਲਾਹੇਵੰਦ ਹੁੰਦੀਆਂ ਹਨ, ਉੱਥੇ ਦੂਜੇ ਪਾਸੇ ਸਰੀਰ ਨੂੰ ਸਿਹਤਮੰਦ, ਚੁਸਤ-ਦਰੁਸਤ ਅਤੇ ਚੁਸਤ-ਦਰੁਸਤ ਰੱਖਦੀਆਂ ਹਨ, ਉੱਥੇ ਹੀ ਇਨਡੋਰ ਗੇਮਾਂ ਸਾਡੇ ਦਿਮਾਗ ਦਾ ਪੱਧਰ ਉੱਚਾ ਬਣਾਉਂਦੀਆਂ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਮਨੋਰੰਜਨ ਦਾ ਸਭ ਤੋਂ ਵਧੀਆ ਸਾਧਨ ਮੰਨਿਆ ਜਾਂਦਾ ਹੈ।

### ਖੇਡਣ ਦੇ ਫਾਇਦੇ

ਅੱਜ ਦੇ ਰੁਟੀਨ ਵਿੱਚ, ਖੇਡਾਂ ਹੀ ਇੱਕ ਸਾਧਨ ਹਨ, ਜੋ ਕਿ ਮਨੋਰੰਜਨ ਦੇ ਨਾਲ-ਨਾਲ ਸਾਡੇ ਵਿਕਾਸ ਵਿੱਚ ਮਦਦਗਾਰ ਹੁੰਦਾ ਹੈ, ਇਹ ਸਾਡੇ ਸਰੀਰ ਨੂੰ ਸਿਹਤਮੰਦ ਅਤੇ ਫਿੱਟ ਰੱਖਦਾ ਹੈ। ਇਸ ਨਾਲ ਸਾਡੀਆਂ ਅੱਖਾਂ ਦੀ ਰੋਸ਼ਨੀ ਵਧਦੀ ਹੈ, ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਖ਼ੂਨ ਦਾ ਸੰਚਾਰ ਸਹੀ ਢੰਗ ਨਾਲ ਹੁੰਦਾ ਹੈ। ਖੇਡਣ ਨਾਲ ਸਾਡਾ ਪਾਚਨ ਤੰਤਰ ਪੂਰੀ ਤਰ੍ਹਾਂ ਕੰਮ ਕਰਦਾ ਹੈ। ਖੇਡਾਂ ਇੱਕ ਅਜਿਹੀ ਕਸਰਤ ਹੈ ਜੋ ਸਾਡੇ ਦਿਮਾ.ਗ ਦੇ ਪੱਧਰ ਨੂੰ ਵਿਕਸਿਤ ਕਰਦੀ ਹੈ, ਧਿਆਨ ਲਗਾਉਣ ਦੀ ਸ਼ਕਤੀ ਨੂੰ ਵਧਾਉਂਦੀ ਹੈ, ਇਸ ਤਰ੍ਹਾਂ ਦੀ ਕਸਰਤ ਸਰੀਰ ਦੇ ਸਾਰੇ ਅੰਗ ਪੂਰੀ ਤਰ੍ਹਾਂ ਨਾਲ ਕੰਮ ਕਰਦੀ ਹੈ, ਜਿਸ ਨਾਲ ਸਾਡਾ ਦਿਨ ਵਧੀਆ ਅਤੇ ਖੁਸ਼ਹਾਲ ਹੁੰਦਾ ਹੈ। ਖੇਡਾਂ ਵਿਦਿਆਰਥੀਆਂ ਵਿੱਚ ਲੀਡਰਸ਼ਿਪ, ਆਗਿਆਕਾਰੀ, ਇੱਕ ਸਾਂਝੇ ਟੀਚੇ ਲਈ ਮਿਲ ਕੇ ਕੰਮ ਕਰਨ, ਖਿਡਾਰਨਾਂ, ਹਿੰਮਤ, ਸਹਿਣਸ਼ੀਲਤਾ ਵਰਗੇ ਜ਼ਰੂਰੀ ਗੁਣ ਪੈਦਾ ਕਰਦੀਆਂ ਹਨ। ਇਸ ਦੇ ਨਾਲ ਹੀ ਸਰੀਰ ਨੂੰ ਚੰਗੀ ਕਸਰਤ ਵੀ ਮਿਲਦੀ ਹੈ। ਯੋਗ ਗੁਣਾਂ ਨਾਲ ਭਰਪੂਰ ਤੰਦਰੁਸਤ ਸਰੀਰ ਵਾਲੇ ਬੱਚੇ ਹੀ ਭਵਿੱਖ ਵਿੱਚ ਦੇਸ਼ ਦੇ ਯੋਗ ਨਾਗਰਿਕ ਬਣ ਸਕਦੇ ਹਨ। ਖੇਡਾਂ ਸਾਡੇ ਸਰੀਰ ਨੂੰ ਮਜ਼ਬੂਤ ਅਤੇ ਆਕਰਸ਼ਕ ਬਣਾਉਂਦੀਆਂ ਹਨ, ਜੋ ਆਲਸ ਨੂੰ ਦੂਰ ਕਰਦੀਆਂ ਹਨ ਅਤੇ ਊਰਜਾ ਪ੍ਰਦਾਨ ਕਰਦੀਆਂ ਹਨ, ਇਸ ਲਈ ਸਾਨੂੰ ਬਿਮਾਰੀਆਂ ਤੋਂ ਮੁਕਤ ਕਰਦੀਆਂ ਹਨ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਖੇਡਾਂ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਨਾਲ ਹੀ ਮਨੁੱਖ ਆਤਮ-ਨਿਰਭਰ ਹੋ ਜਾਂਦਾ ਹੈ ਅਤੇ ਜੀਵਨ ਵਿੱਚ ਸ.ਫਲਤਾ ਪ੍ਰਾਪਤ ਕਰਦਾ ਹੈ।

### ਸਪੋਰਟਸ ਜੰਪਿੰਗ ਦੀ ਮਹੱਤਤਾ

ਖੇਡਾਂ ਵਿਦਿਆਰਥੀਆਂ ਵਿੱਚ ਲੀਡਰਸ਼ਿਪ, ਆਗਿਆਕਾਰੀ, ਇੱਕ ਸਾਂਝੇ ਟੀਚੇ ਲਈ ਮਿਲ ਕੇ ਕੰਮ ਕਰਨ, ਹਿੰਮਤ, ਸਹਿਣਸ਼ੀਲਤਾ ਵਰਗੇ ਜ਼ਰੂਰੀ ਗੁਣ ਪੈਦਾ ਕਰਦੀਆਂ ਹਨ। ਇਸ ਦੇ ਨਾਲ ਹੀ ਸਰੀਰ ਨੂੰ ਚੰਗੀ ਕਸਰਤ ਵੀ ਮਿਲਦੀ ਹੈ। ਯੋਗ ਗੁਣਾਂ ਨਾਲ ਭਰਪੂਰ ਤੰਦਰੁਸਤ ਸਰੀਰ ਵਾਲੇ ਬੱਚੇ ਹੀ ਭਵਿੱਖ ਵਿੱਚ ਦੇਸ਼ ਦੇ ਯੋਗ ਨਾਗਰਿਕ ਬਣ ਸਕਦੇ ਹਨ। ਦੇਸ਼ ਦੀ ਰੱਖਿਆ ਲਈ ਫੌਜ ਨੂੰ ਅਜਿਹੇ ਤਾਕਤਵਰ ਨੌਜਵਾਨਾਂ ਦੀ ਲੋੜ ਹੈ। ਭਾਰਤ ਵਰਗਾ ਵਿਕਾਸਸ਼ੀਲ ਦੇਸ਼ ਇੱਕ ਵੱਡੀ ਰੈਗੂਲਰ ਫੌਜ ਬਰਦਾਸ਼ਤ ਨਹੀਂ ਕਰ ਸਕਦਾ। ਸਾਡੇ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਰੀਰ ਨੂੰ ਮਜ਼ਬੂਤ ਬਣਾਉਣ, ਤਾਂ ਜੋ ਲੋੜ ਪੈਣ ’ਤੇ ਉਹ ਜੰਗ ਦੌਰਾਨ ਫੌਜੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਦੀ ਰੱਖਿਆ ਲਈ ਯੋਗਦਾਨ ਪਾ ਸਕਣ।

### ਜ਼ਿੰਦਗੀ ਵਿੱਚ ਸਫਲਤਾ ਦਾ ਆਧਾਰ ਹਨ ਖੇਡਾਂ

ਪੁਰਾਤਨ ਸਮੇਂ ਤੋਂ ਹੀ ਖੇਡਾਂ ਨੂੰ ਜੀਵਨ ਜਿਊਣ ਦਾ ਆਧਾਰ ਮੰਨਿਆ ਜਾਂਦਾ ਰਿਹਾ ਹੈ, ਇਹ ਨਾ ਸਿਰਫ਼ ਸਾਡੇ ਸਰੀਰ ਦਾ ਵਿਕਾਸ ਕਰਦੀਆਂ ਹਨ, ਸਗੋਂ ਸਾਡਾ ਜੀਵਨ ਸਫਲ ਵੀ ਕਰਦੀਆਂ ਹਨ। ਭਾਰਤ ਵਿੱਚ, ਸਰਕਾਰ ਖਿਡਾਰੀਆਂ ਨੂੰ ਕਈ ਪੁਰਸਕਾਰਾਂ ਨਾਲ ਸਨਮਾਨਿਤ ਕਰਦੀ ਹੈ, ਅਰਜੁਨ ਅਤੇ ਦਰੋਣਾਚਾਰੀਆ ਵਰਗੇ ਪੁਰਸਕਾਰ ਇਸ ਸ਼੍ਰੇਣੀ ਵਿੱਚ ਆਉਂਦੇ ਹਨ, ਔਰਤਾਂ ਨੇ ਵੀ ਇਸ ਦਿਸ਼ਾ ਵਿੱਚ ਨਾਮਣਾ ਖੱਟਿਆ ਹੈ। ਪੀ.ਟੀ.ਊਸ਼ਾ, ਮੈਰੀਕਾਮ, ਸਾਇਨਾ ਨੇਹਵਾਲ, ਸਾਨੀਆ ਮਿਰਜ਼ਾ ਵਰਗੀਆਂ ਮਹਿਲਾ ਖਿਡਾਰਨਾਂ ਨੇ ਖੇਡਾਂ ਦੇ ਵੱਖ-ਵੱਖ ਵਰਗਾਂ ’ਚ ਸਫਲਤਾ ਹਾਸਲ ਕੀਤੀ ਹੈ, ਜਿਨ੍ਹਾਂ ’ਚੋਂ ਦੌੜ ’ਚ ਪੀ.ਟੀ. ਊਸ਼ਾ, ਮੁੱਕੇਬਾਜ਼ੀ ’ਚ ਮੈਰੀਕਾਮ, ਬੈਡਮਿੰਟਨ ’ਚ ਸਾਇਨਾ ਨੇਹਵਾਲ ਅਤੇ ਟੈਨਿਸ ’ਚ ਸਾਨੀਆ ਮਿਰਜ਼ਾ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਖੇਡਾਂ ਨੂੰ ਭਾਰਤੀ ਸੰਸਕ੍ਰਿਤੀ ਅਤੇ ਏਕਤਾ ਦਾ ਪ੍ਰਤੀਕ ਵੀ ਕਿਹਾ ਜਾਂਦਾ ਹੈ, ਇਸ ਵਿੱਚ ਕੋਈ ਵੀ ਜਾਤ-ਪਾਤ ਅਤੇ ਧਰਮ ਦਾ ਵਿਰੋਧ ਨਹੀਂ ਕਰਦਾ, ਸਗੋਂ ਕਿਸੇ ਵੀ ਧਰਮ ਦਾ ਵਿਅਕਤੀ ਖੇਡ ਸਕਦਾ ਹੈ। ਇਸ ਤਰ੍ਹਾਂ ਖੇਡਾਂ ਸਾਡੇ ਮਾਰਗ ਦੀ ਤਰੱਕੀ ਨੂੰ ਯਕੀਨੀ ਬਣਾਉਂਦੇ ਹੋਏ ਸਫਲ ਜੀਵਨ ਬਣਾਉਣ ਵਿੱਚ ਸਹਾਇਕ ਹੁੰਦੀਆਂ ਹਨ।

### ਸਿਹਤ ਹੀ ਹੈ ਅਸਲ ਦੌਲਤ

ਇੱਕ ਪੁਰਾਣੀ ਕਹਾਵਤ ਹੈ ਜੋ ਅੱਜ ਵੀ ਓਨੀ ਹੀ ਸੱਚ ਹੈ, ਕਈ ਤਰ੍ਹਾਂ ਦੀਆਂ ਖੇਡਾਂ ਰਾਹੀਂ ਵਿਦਿਆਰਥੀ ਆਪਣੀ ਸਿਹਤ ਅਤੇ ਸਰੀਰ ਦਾ ਨਿਰਮਾਣ ਕਰ ਸਕਦੇ ਹਨ। ਇਨ੍ਹਾਂ ਰਾਹੀਂ ਸਾਫ਼-ਸੁਥਰੀ ਹਵਾ ਅਤੇ ਖੁੱਲ੍ਹੇ ਵਾਤਾਵਰਨ ਵਿੱਚ ਚੰਗੀ ਕਸਰਤ ਕੀਤੀ ਜਾਂਦੀ ਹੈ, ਵਿਅਕਤੀ ਸਾਰਾ ਦਿਨ ਪੜ੍ਹਾਈ ਜਾਂ ਕੰਮ ਕਰਦੇ ਸਮੇਂ ਪਰੇਸ਼ਾਨ ਰਹਿੰਦਾ ਹੈ। ਖੇਡਾਂ ਰਾਹੀਂ ਇਹ ਉਦਾਸੀ ਅਤੇ ਉਦਾਸੀ ਬੜੀ ਆਸਾਨੀ ਨਾਲ ਦੂਰ ਹੋ ਜਾਂਦੀ ਹੈ ਅਤੇ ਮਨ ਪ੍ਰਸੰਨ ਹੋ ਜਾਂਦਾ ਹੈ। ਭਾਰਤ ਨੂੰ ਅਜਿਹੇ ਕਿਤਾਬੀ ਕੀੜਿਆਂ ਦੀ ਲੋੜ ਨਹੀਂ ਹੈ, ਜਿਨ੍ਹਾਂ ਕੋਲ ਸੁੰਨੀਆਂ ਗੱਲ੍ਹਾਂ ਅਤੇ ਸੁੰਨੀਆਂ ਅੱਖਾਂ ਹੋਣ,

(ਬਾਕੀ ਸਫ਼ਾ 31 ’ਤੇ)




# ਇੱਕ ਦਿਨਾ ਵਿਸ਼ਵ ਕੱਪ ਕ੍ਰਿਕਟ 5 ਅਕਤੂਬਰ ਤੋਂ, ਭਾਰਤ-ਪਾਕਿਸਤਾਨ ਮੈਚ 15 ਨੂੰ ਅਹਿਮਦਾਬਾਦ ’ਚ

ਮੁੰਬਈ/ਏ.ਟੀ.ਨਿਊਜ਼ :-ਵਿਸ਼ਵ ਕ੍ਰਿਕਟ ਕੌਂਸਲ(ਆਈਸੀਸੀ) ਨੇ ਇਕ ਦਿਨਾ ਵਿਸ਼ਵ ਕੱਪ ਕ੍ਰਿਕਟਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ ਅਹਿਮਦਾਬਾਦ ਵਿੱਚ 15 ਅਕਤੂਬਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲ ਮੈਚ ਹੋਵੇਗਾ। ਵਿਸ਼ਵ ਕੱਪ ਫਾਈਨਲ 19 ਨਵੰਬਰ ਨੂੰ ਅਹਿਮਦਾਬਾਦ ਵਿੱਚ, ਸੈਮੀਫਾਈਨਲ ਮੁੰਬਈ ਅਤੇ ਕੋਲਕਾਤਾ ਵਿੱਚ ਕ੍ਰਮਵਾਰ 15 ਅਤੇ 16 ਨਵੰਬਰ ਨੂੰ ਹੋਣਗੇ।



ਟੂਰਨਾਮੈਂਟ ਦੀ ਸ਼ੁਰੂਆਤ 5 ਅਕਤੂਬਰ ਨੂੰ ਮੌਜੂਦਾ ਚੈਂਪੀਅਨ ਇੰਗਲੈਂਡ ਅਤੇ ਉਪ ਜੇਤੂ ਨਿਊਜ਼ੀਲੈਂਡ ਵਿਚਾਲੇ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ @ਚ ਹੋਣ ਵਾਲੇ ਮੁਕਾਬਲੇ ਨਾਲ ਹੋਵੇਗੀ, ਜੋ 1,32,000 ਦਰਸ਼ਕਾਂ ਦੀ ਬੈਠਣ ਦੀ ਸਮਰੱਥਾ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਸਟੇਡੀਅਮ ਹੈ। ਮੇਜ਼ਬਾਨ ਭਾਰਤ ਆਪਣੀ ਮੁਹਿੰਮ ਦੀ ਸ਼ੁਰੂਆਤ 8 ਅਕਤੂਬਰ ਨੂੰ ਚੇਨਈ ’ਚ ਆਸਟਰੇਲੀਆ ਖਿਲਾਫ ਮੁਕਾਬਲੇ ਨਾਲ ਕਰੇਗਾ। ਟੂਰਨਾਮੈਂਟ ਦੌਰਾਨ ਕੁੱਲ 10 ਥਾਵਾਂ ਹੈਦਰਾਬਾਦ, ਅਹਿਮਦਾਬਾਦ, ਧਰਮਸ਼ਾਲਾ, ਦਿੱਲੀ, ਚੇਨਈ, ਲਖਨਊ, ਪੁਣੇ, ਬੰਗਲੌਰ, ਮੁੰਬਈ ਅਤੇ ਕੋਲਕਾਤਾ ਮੈਚਾਂ ਦੀ ਮੇਜ਼ਬਾਨੀ ਕਰਨਗੇ। ਹੈਦਰਾਬਾਦ ਤੋਂ ਇਲਾਵਾ ਗੁਹਾਟੀ ਅਤੇ ਤਿਰੂਵਨੰਤਪੁਰਮ 29 ਸਤੰਬਰ ਤੋਂ 3 ਅਕਤੂਬਰ ਤੱਕ ਅਭਿਆਸ ਖੇਡਾਂ ਦੀ ਮੇਜ਼ਬਾਨੀ ਕਰਨਗੇ। ਇਸ ਸਾਲ ਦੇ ਵਿਸ਼ਵ ਕੱਪ ਵਿੱਚ 10 ਟੀਮਾਂ ਹੋਣਗੀਆਂ।

## ਅਮਰੀਕਾ 'ਤੇ ਕੈਨੇਡਾ ਦੀ ਤਰੱਕੀ 'ਚ

ਪਹਿਲੇ ਸਿੱਖ ਭਾਰਤ ਤੋਂ ਪ੍ਰਵਾਸ ਕਰ ਕੇ 19ਵੀਂ ਸਦੀ ਦੇ ਅੰਤ 'ਚ ਇੱਥੇ ਪੁੱਜੇ ਸਨ। ਸਿੱਖਾਂ ਨੇ ਕੈਨੇਡੀਅਨ ਸਮਾਜ ਦੇ ਸਾਰੇ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ ਤੇ ਇਸ ਦੇਸ਼ ਨੂੰ ਵਿਭਿੰਨਤਾਵਾਂ ਨਾਲ ਭਰਪੂਰ ਬਣਾਇਆ ਹੈ। ਸਿੱਖ ਕੌਮ ਨੇ ਕੈਨੇਡਾ ਨੂੰ ਹੋਰ ਵਧੇਰੇ ਅਮੀਰ ਤੇ ਮਜ਼ਬੂਤ ਬਣਾਇਆ ਹੈ। ਪਹਿਲਾ ਗੁਰਦੁਆਰਾ ਸਾਹਿਬ 100 ਸਾਲ ਤੋਂ ਵੀ ਪਹਿਲਾਂ ਕੈਨੇਡਾ ਦੇ ਸ਼ਹਿਰ ਵੈਨਕੂਵਰ 'ਚ ਸਥਾਪਤ ਹੋ ਗਿਆ ਸੀ। ਸਿਆਸਤ ਤੋਂ ਲੈ ਕੇ ਵਪਾਰ ਦੇ ਖੇਤਰ ਵਿੱਚ ਪੰਜਾਬੀਆਂ ਦਾ ਚੰਗਾ ਪ੍ਰਭਾਵ ਹੈ।

***

## ਆਜ਼ਾਦੀ ਦਾ ਪਹਿਲਾ ਜਸ਼ਨ

ਕ੍ਰਿਸਟੋਫਰ ਕੋਲੰਬਸ ਭਾਰਤ ਦੀ ਖੋਜ ਕਰਨ ਲਈ ਨਿਕਲਿਆ ਸੀ ਅਤੇ ਉਹ ਗਲਤੀ ਨਾਲ ਅਮਰੀਕਾ ਪਹੁੰਚ ਗਿਆ ਸੀ। ਕੋਲੰਬਸ ਵੱਲੋਂ ਜਦੋਂ ਇਹ ਦੱਸਿਆ ਗਿਆ ਕਿ ਉਸ ਨੇ ਇੱਕ ਟਾਪੂ ਲੱਭ ਲਿਆ ਹੈ ਤਾਂ ਉਸ ਉੱਤੇ ਕਬਜ਼ਾ ਕਰਨ ਲਈ ਕਈ ਦੇਸ਼ਾਂ ਵਿੱਚ ਮੁਕਾਬਲਾ ਹੋਇਆ। ਬਰਤਾਨੀਆ ਦੇ ਲੋਕ ਇੱਥੇ ਸਭ ਤੋਂ ਵੱਧ ਗਿਣਤੀ ਵਿੱਚ ਆਏ ਅਤੇ ਆਪਣਾ ਕਬਜ਼ਾ ਕਰ ਲਿਆ।

***

## ਬਰਤਾਨੀਆ ਦਾ ਗੁਲਾਮ 'ਅੰਕਲ ਸੈਮ' ਸੀ

ਗ੍ਰੇਟ ਬ੍ਰਿਟੇਨ ਤੋਂ ਵੱਖ ਹੋਣ ਦਾ ਫੈਸਲਾ ਬਹੁਤ ਵੱਡਾ ਫੈਸਲਾ ਸੀ। ਕਾਂਟੀਨੈਂਟਲ ਕਾਂਗਰਸ ਦੀ ਤਰਫ਼ੋਂ ਇੱਕ ਵੋਟ ਰਾਹੀਂ ਆਜ਼ਾਦੀ ਦੀ ਮੰਗ ਕੀਤੀ ਗਈ ਸੀ।

4 ਜੁਲਾਈ, 1776 ਨੂੰ, 13 ਕਲੋਨੀਆਂ ਨੇ ਆਜ਼ਾਦੀ ਦੇ ਐਲਾਨਨਾਮੇ ਨੂੰ ਅਪਣਾਉਣ ਲਈ ਵੋਟ ਦਿੱਤੀ। ਉਸਨੇ ਮੈਨੀਫੈਸਟੋ 'ਤੇ ਦਸਤਖ਼ਤ ਕੀਤੇ ਅਤੇ ਆਪਣੇ ਆਪ ਨੂੰ ਆਜ਼ਾਦ ਘੋਸ਼ਿਤ ਕੀਤਾ। ਇਸ ਦਿਨ ਤੋਂ ਹੀ ਆਜ਼ਾਦੀ ਦਿਵਸ ਮਨਾਇਆ ਜਾਣ ਲੱਗਾ। ਤੇਰਾਂ ਕਲੋਨੀਆਂ ਨੇ ਮਿਲ ਕੇ ਸੁਤੰਤਰਤਾ ਦਾ ਐਲਾਨ ਕੀਤਾ ਅਤੇ ਇਸ ਨੂੰ 'ਆਜ਼ਾਦੀ ਦਾ ਐਲਾਨ' ਵੀ ਕਿਹਾ ਜਾਂਦਾ ਹੈ। ਥਾਮਸ ਜੇਫਰਸਨ ਵੀ ਮਹਾਂਦੀਪੀ ਕਾਂਗਰਸ ਦੇ ਮੈਂਬਰਾਂ ਵਿੱਚੋਂ ਸੀ। ਇਹ ਉਹ ਹੀ ਸੀ ਜਿਸ ਨੇ ਕਮੇਟੀ ਦੇ ਹੋਰ ਮੈਂਬਰਾਂ ਜੋਹਨ ਐਡਮਜ਼, ਰੋਜਰ ਸ਼ਰਮਨ, ਬੈਂਜਾਮਿਨ ਫਰੈਂਕਲਿਨ ਅਤੇ ਵਿਲੀਅਮ ਲਿਵਿੰਗਸਟਨ ਨਾਲ ਸਲਾਹ ਕਰਕੇ ਇਹ ਘੋਸ਼ਣਾ ਪੱਤਰ ਤਿਆਰ ਕੀਤਾ ਸੀ। ਜੇਫਰਸਨ ਅਮਰੀਕਾ ਦਾ ਤੀਜਾ ਰਾਸ਼ਟਰਪਤੀ ਬਣਿਆ ਅਤੇ ਉਸਨੇ 1801 ਵਿੱਚ ਦੇਸ਼ ਦਾ ਪ੍ਰਬੰਧ ਸੰਭਾਲ ਲਿਆ।

***

## ਅਮਰੀਕਾ 'ਚ ਸਿੱਖਾਂ ਦਾ ਵਧ ਰਿਹਾ ਪ੍ਰਭਾਵ

ਕਿੰਗਡਮ (0.7%) ਅਤੇ ਸੰਯੁਕਤ ਰਾਜ ਅਮਰੀਕਾ (0.30%) ਸ਼ਾਮਲ ਹਨ।

ਵਿਸ਼ਵ ਬੈਂਕ ਦੇ ਮੌਜੂਦਾ ਮੁਖੀ ਅਜੈ ਸਿੰਘ ਬਾਂਗਾ ਵੀ ਸਿੱਖ ਹਨ। ਇਸ ਤੋਂ ਇਲਾਵਾ ਅਮਰੀਕਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ ਹੈ। ਅਮਰੀਕਾ ਦਾ ਵਰਜੀਨੀਆ 17ਵਾਂ ਸੂਬਾ ਬਣ ਗਿਆ ਹੈ ਜਿੱਥੇ 'ਸਿੱਖ ਧਰਮ' ਪੜ੍ਹਾਇਆ ਜਾਵੇਗਾ। ਇਸ ਤੋਂ ਪਹਿਲਾਂ ਅਮਰੀਕਾ ਵਿੱਚ, ਉਟਾਹ ਅਤੇ ਮਿਸੀਸਿਪੀ 15ਵੇਂ ਅਤੇ 16ਵੇਂ ਰਾਜ ਬਣ ਗਏ ਹਨ ਜਿਨ੍ਹਾਂ ਨੇ ਆਪਣੇ ਸਮਾਜਿਕ ਅਧਿਐਨ ਪਾਠਕ੍ਰਮ ਵਿੱਚ ਸਿੱਖ ਧਰਮ, ਸਿੱਖ ਰਵਾਇਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਸ਼ਾਮਲ ਕੀਤੀ ਹੈ। ਉਟਾਹ ਵਿੱਚ 6,06,000 ਵਿਦਿਆਰਥੀਆਂ ਅਤੇ ਮਿਸੀਸਿਪੀ ਵਿੱਚ ਲਗਭਗ 4,57,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਅਮਰੀਕੀ ਸਰਕਾਰ ਤੋਂ ਮਿਲੀ ਜਾਣਕਾਰੀ

ਅਨੁਸਾਰ ਹੁਣ ਤੱਕ 17 ਰਾਜਾਂ ਨੇ ਸਮਾਜਿਕ ਅਧਿਐਨ ਦੇ ਨਵੇਂ ਮਾਪਦੰਡਾਂ ਦੇ ਹੱਕ ਵਿੱਚ ਵੋਟ ਪਾਈ ਹੈ, ਜਿਸ ਵਿੱਚ ਸਿੱਖ ਧਰਮ ਨੂੰ ਆਪਣੇ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਵੇਗਾ।

***

## ਜਿੰਦ ਮਾਹੀ ਚੱਲ ਚੱਲੀਏ ਕੈਨੇਡਾ

ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ। ਪੰਜਾਬ ਤੋਂ ਕੈਨੇਡਾ ਜਾਣ ਵਾਲੇ ਲੋਕਾਂ ਨੂੰ ਆਪਣੀ ਮਿਹਨਤ, ਖੁਲ ਦਿੱਲੀ ਅਤੇ ਮਦਦ ਕਰਨ ਵਾਲੇ ਸੁਭਾਅ ਦੇ ਕਾਰਨ ਕਾਫ਼ੀ ਪਸੰਦ ਕੀਤਾ ਜਾਂਦਾ ਹੈ। ਭਾਰਤ ਤੋਂ ਗਏ ਪੰਜਾਬੀਆਂ ਨੇ ਉੱਥੇ ਸ਼ੁਰੂਆਤ ਦੇ ਤੌਰ 'ਤੇ ਖੇਤਾਂ ਵਿੱਚ ਕੰਮ ਕਰਨ ਤੋਂ ਇਲਾਵਾ ਰੇਲਵੇ ਲਾਈਨ ਵਿਛਾਉਣ ਵਾਲੇ ਮਜ਼ਦੂਰਾਂ ਦੇ ਤੌਰ 'ਤੇ ਵੀ ਕੰਮ ਕੀਤਾ। ਇਸ ਤੋਂ ਬਾਅਦ ਛੇਤੀ ਹੀ ਉਹਨਾਂ ਦੇ ਕੰਮ ਨੂੰ ਚੀਨੀ ਤੇ ਜਪਾਨੀ ਲੋਕਾਂ ਦੇ ਬਦਲੇ ਜ਼ਿਆਦਾ ਪਸੰਦ ਕੀਤਾ ਜਾਣ ਲੱਗਾ।

ਕੈਨੇਡਾ ਵਿੱਚ ਜ਼ਿਆਦਾਤਰ ਟਰਾਂਸਪੋਰਟ ਦਾ ਕੰਮ ਸਿੱਖ ਨੌਜਵਾਨਾਂ ਦੇ ਹੱਥ ਵਿੱਚ ਹੈ। ਇਥੇ ਤੁਹਾਨੂੰ ਦਸ ਦੇਈਏ ਜਿਥੇ ਪੰਜਾਬੀ ਆਮ ਲੋਕਾਂ ਦੀ ਸਹਾਇਤਾ ਕਰਦੇ ਹਨ, ਉਥੇ ਸਿੱਖ ਸਿਧਾਂਤ ਦੇ ਅਨੁਸਾਰ ਕੈਨੇਡਾ ਦੇ ਗੁਰਦੁਆਰਾ ਸਾਹਿਬਾਨ ਦੇ ਦਰਵਾਜ਼ੇ ਹਰ ਧਰਮ ਲਈ ਖੁੱਲ੍ਹੇ ਹਨ।

ਕੈਨੇਡਾ ਦੇ ਮਸ਼ਹੂਰ ਕਾਰੋਬਾਰੀ ਦਾਸ ਗਰੁੱਪ ਦੇ ਮਾਲਕ ਜਸਵੰਤ ਦਾਸ, ਮਸ਼ਹੂਰ ਕਾਰੋਬਾਰੀ ਸਵੀਟ ਸਮੋਸਾ ਫੈਕਟਰੀ ਦੇ ਮਾਲਕ ਹਰਪਾਲ ਸਿੰਘ, ਐਡਵੋਕੇਟ ਰਮੇਸ਼ ਸੰਘਾ ਅਤੇ ਵੈਨਕੂਵਰ ਸਥਿਤ ਇਕ ਵੱਡੀ ਕੰਪਨੀ ਦੇ ਮਾਲਕ ਬਹਾਦਰ ਸਿੰਘ ਨੇ ਕਾਫ਼ੀ ਪ੍ਰਭਾਵ ਪਾਇਆ। ਹਰਜੋਤ ਓਬਰਾਏ, ਸੰਦੀਪ ਸਿੰਘ ਬਰਾੜ, ਸ਼ੀਨਾ ਅਲੰਗਰ ਉੱਥੋਂ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਹਨ। ਬਲਜੀਤ ਸਿੰਘ ਚੱਢਾ, ਹਰਬੰਸ ਸਿੰਘ ਦੋਮਣ, ਜਸਪਾਲ ਅਟਵਾਲ ਅਤੇ ਭਾਟੀਆ ਨੂੰ ਇੱਕ ਵੱਡੇ ਉਦਯੋਗਪਤੀ ਅਤੇ ਵਪਾਰੀ ਵਜੋਂ ਜਾਣਿਆ ਜਾਂਦਾ ਹੈ। ਵਿਕਾਸ ਖੰਨਾ ਇੱਕ ਮਸ਼ਹੂਰ ਰੈਸਟੋਰੈਂਟ ਦਾ ਮਾਲਕ ਹੈ, ਜਦੋਂ ਕਿ ਮਨਜੀਤ ਸਿੰਘ ਇੱਕ ਟੀਵੀ ਅਦਾਕਾਰ ਹੈ ਅਤੇ ਰੂਪਨੀ ਸਿੰਘ ਇੱਕ ਉਦਯੋਗਪਤੀ ਹੈ ਜੋ ਉੱਥੇ ਇੱਕ ਮੋਮ ਮਿਊਜ਼ੀਅਮ ਬਣਾ ਰਹੀ ਹੈ।

***

## ਵਿਦਿਆਰਥੀਆਂ ਦੀ ਪਹਿਲੀ

ਵਿੱਚ 184 ਦੇਸ਼ਾਂ ਤੋਂ ਰਿਕਾਰਡ 551,405 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਦਿੱਤਾ ਗਿਆ। ਇਹਨਾਂ ਵਿਚੋਂ 226,450 ਭਾਰਤੀ ਵਿਦਿਆਰਥੀ ਹਨ। ਇਸ ਦੇ ਬਾਅਦ ਜਨਵਰੀ 2023 ਵਿੱਚ ਕੈਨੇਡਾ ਪਹੁੰਚੇ ਨਵੇਂ ਵਿਦਿਆਰਥੀਆਂ ਦੇ ਨਾਲ ਇਹ ਅੰਕੜਾ ਹੋਰ ਵੀ ਵੱਧ ਗਿਆ। ਕੈਨੇਡਾ ਵਿੱਚ ਸਾਲ 2022 ਵਿੱਚ ਪੜ੍ਹ ਰਹੇ 8.07 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 319, 130 ਇਕੱਲੇ ਭਾਰਤ ਤੋਂ ਹਨ। ਇਸ ਦੇ ਬਾਅਦ ਚੀਨ ਦੇ 1 ਲੱਖ, ਫਿਲੀਪੀਨਜ਼ ਦੇ 32,455, ਫਰਾਂਸ ਦੇ 21660 ਅਤੇ ਨਾਈਜੀਰੀਆ ਦੇ 21,660 ਵਿਦਿਆਰਥੀ ਹਨ। ਸਾਲ 2021 ਵਿਚ 444,260 ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦਿੱਤੇ ਗਏ ਸਨ।

***

## ਬੋਹੜ ਦੀ ਛਾਂ ਵਰਗੇ

ਹਕੂਮਤ ਦੀ ਬੇਲਗਾਮ ਪੁਲਿਸ ਵੱਲੋਂ ਲਾਪਤਾ ਕਰ ਦਿੱਤੇ ਗਏ। ਇਸ ਤੋਂ ਇਲਾਵਾ ਕਈ ਬਜ਼ੁਰਗ ਮਾਪਿਆਂ ਦੇ ਇਕਲੌਤੇ ਨੌਜਵਾਨ ਪੁੱਤਰ ਵਿਦੇਸ਼ ਜਾਣ ਦੀ ਇੱਛਾ ਵਿੱਚ ਮਾਲਟਾ ਦੇ ਬਰਫ਼ੀਲੇ ਪਾਣੀਆਂ 'ਚ ਜਿਊਂਦੇ ਹੀ ਦਫ਼ਨ ਹੋ ਗਏ ਜਾਂ ਅਮਰੀਕਾ ਤੇ ਕੈਨੇਡਾ ਜਾਣ ਦੇ ਲਾਲਚ ਵਿੱਚ ਬੇਗਾਨੇ ਮੁਲਕਾਂ ਦੀਆਂ ਜੇਲਾਂ ਵਿੱਚ ਸੜ ਰਹੇ ਹਨ ਜਾਂ ਕਿਸੇ ਨਾ ਕਿਸੇ ਤਰੀਕੇ ਆਪਣੀ ਜਾਨ ਤੋਂ ਹੱਥ ਧੋ ਬੈਠੇ। ਬਜ਼ੁਰਗਾਂ ਲਈ ਸਭ ਤੋਂ ਵੱਡਾ ਦੁੱਖ ਆਪਣੇ ਨੌਜਵਾਨ ਪੁੱਤਰ ਦੀ ਅਰਥੀ ਨੂੰ ਮੋਢਾ ਦੇਣਾ ਹੁੰਦਾ ਹੈ। ਨੌਜਵਾਨਾਂ ਪੁੱਤਰਾਂ ਦੇ ਮਰਨ ਤੋਂ ਬਾਅਦ ਅਕਸਰ ਬਜ਼ੁਰਗ ਇੱਕ ਤਰਾਂ ਪੱਥਰ ਦੇ ਬੁੱਤ ਵਾਂਗ ਖ਼ਾਮੋਸ਼ ਹੋ ਕੇ ਰਹਿ ਜਾਂਦੇ ਹਨ। ਉਹਨਾਂ ਦੀ ਆਪਣੀ ਸੁਰਤ ਭੁੱਲ ਜਾਂਦੀ ਹੈ। ਬਜ਼ੁਰਗ ਸਾਡਾ ਅਨਮੋਲ ਸਰਮਾਇਆ ਹਨ। ਬਜ਼ੁਰਗਾਂ ਨੂੰ ਘਰ ਦੇ ਜਿੰਦਰੇ ਵੀ ਕਿਹਾ ਜਾਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਯਤਨ ਕਰਨੇ ਚਾਹੀਦੇ ਹਨ ਅਤੇ ਬੱਚਿਆਂ ਨੂੰ ਆਪਣੇ ਬਜ਼ੁਰਗ ਮਾਪਿਆਂ ਲਈ ਵੀ ਕੁਝ ਸਮਾਂ ਕੱਢਣਾ ਚਾਹੀਦਾ ਹੁੰਦਾ ਹੈ ਕਿਉਂ ਕਿ ਆਪਣੇ ਬੱਚਿਆਂ ਦੇ ਚੰਗੇ ਕੈਰੀਅਰ ਲਈ ਬਜ਼ੁਰਗਾਂ ਨੇ ਆਪਣੀ ਕੀਮਤੀ ਜਿੰਦਗੀ ਦਾ ਵੱਡਾ ਹਿਸਾ ਲਗਾਇਆ ਹੁੰਦਾ ਹੈ।

***

## ਮੋਦੀ ਨੂੰ ਸਵਾਲ ਪੁੱਛਣ ਵਾਲੀ ਮਹਿਲਾ ਪੱਤਰਕਾਰ

ਦੱਖਣੀ ਏਸ਼ੀਆਈ ਅਤੇ ਔਰਤ ਪੱਤਰਕਾਰਾਂ ਵਾਂਗ ਸਬਰੀਨਾ ਸਿੱਦੀਕੀ ਨੂੰ ਪੱਤਰਕਾਰੀ ਕਾਰਜ ਦੌਰਾਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰੈੱਸ ਦੀ ਆਜ਼ਾਦੀ ਕਿਸੇ ਵੀ ਲੋਕਤੰਤਰ ਦੀ ਵਿਸ਼ੇਸ਼ਤਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਅਗਵਾਈ ਕਰਨ ਦਾ ਦਾਅਵਾ ਕਰਦੇ ਹਨ।

ਜ਼ਾਹਿਰ ਹੈ ਕਿ ਵਾਲ ਸਟ੍ਰੀਟ ਜਰਨਲ ਨੇ ਸਭ ਤੋਂ ਵੱਡੇ ਲੋਕਤੰਤਰ ਹੋਣ ਦੀ ਯਾਦ ਦਿਵਾਉਂਦੇ ਹੋਏ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੇ ਬਿਆਨਾਂ ਨੂੰ ਮੂੰਹ ਦੇਖਣ ਵਾਲਾ ਸ਼ੀਸ਼ਾ ਦੱਸਿਆ। ਇਸ ਦੇ ਨਾਲ ਹੀ ਸਾਰੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਪੱਤਰਕਾਰ ਨੂੰ ਤੰਗ-ਪਰੇਸ਼ਾਨ ਕਰਨ ਦੀ ਨਿੰਦਾ ਕੀਤੀ ਹੈ। ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਨੇ ਇਸ ਸਬੰਧੀ ਸਖ਼ਤ ਪ੍ਰਤੀਕ੍ਰਿਆ ਦਿੱਤੀ ਹੈ।

ਸੰਗਠਨ ਨੇ ਕਿਹਾ ਹੈ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸਬੰਧਿਤ ਸਵਾਲ ਪੁੱਛਣ ਲਈ ਪੱਤਰਕਾਰ ਸਬਰੀਨਾ ਸਿੱਦੀਕੀ ਨੂੰ ਨਿਸ਼ਾਨਾ ਬਣਾਉਣ ਦੀ ਸਖ਼ਤ ਨਿੰਦਾ ਕਰਦਾ ਹੈ। ਪੱਤਰਕਾਰ ਸਿਆਸਤਦਾਨਾਂ ਨੂੰ ਲੋਕਤੰਤਰ ਪ੍ਰਤੀ ਜਵਾਬਦੇਹ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਧਮਕੀਆਂ ਦੇਣ ਦਾ ਅਰਥ ਲੋਕਤੰਤਰ ਨੂੰ ਨਿਸ਼ਾਨਾ ਬਣਾਉਣਾ ਹੈ ਤੇ ਫਾਸ਼ੀਵਾਦੀ ਰਾਜ ਦਾ ਅਗਾਜ਼ ਕਰਨਾ ਹੈ। ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਨੇ ਕਿਹਾ ਹੈ ਕਿ ਉਹ ਸਬਰੀਨਾ ਅਤੇ ਹੋਰ ਸਾਰੇ ਪੱਤਰਕਾਰਾਂ ਦੇ ਸਮਰਥਨ ਵਿੱਚ ਖੜ੍ਹਾ ਹੈ ਜੋ ਮਨੁੱਖੀ ਅਧਿਕਾਰਾਂ ਤੇ ਪੱਤਰਕਾਰੀ ਦੀ ਅਜ਼ਾਦੀ ਦੇ ਮਾਮਲਿਆਂ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ।

ਸਬਰੀਨਾ ਸਿੱਦੀਕੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁੱਛਿਆ ਸੀ ਕਿ ਭਾਰਤ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਦਾ ਹੈ, ਪਰ ਕਈ ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਤੁਹਾਡੀ ਸਰਕਾਰ ਧਾਰਮਿਕ ਘੱਟ ਗਿਣਤੀਆਂ ਨਾਲ ਵਿਤਕਰਾ ਕਰ ਰਹੀ ਹੈ, ਆਪਣੇ ਆਲੋਚਕਾਂ ਨੂੰ ਚੁੱਪ ਕਰਵਾਉਣ ਦੀ ਜਬਰੀ ਕੋਸ਼ਿਸ਼ ਕੀਤੀ ਹੈ। ਤੁਹਾਡੀ ਸਰਕਾਰ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦੇ ਅਧਿਕਾਰਾਂ ਤੇ ਅਜ਼ਾਦੀ ਨੂੰ ਸੁਰਖਿਅਤ ਰੱਖਣ ਲਈ ਕੀ ਕਦਮ ਚੁੱਕ ਰਹੀ ਹੈ?

ਇਸ ਸਵਾਲ ਦਾ ਸਿੱਧਾ ਜਵਾਬ ਨਾ ਦਿੰਦੇ ਹੋਏ ਪੀਐਮ ਮੋਦੀ ਨੇ ਲੋਕਤੰਤਰ ਪ੍ਰਤੀ ਭਾਰਤ ਦੀ ਵਚਨਬੱਧਤਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਸੀ ਕਿ ਭਾਰਤ ਵਿੱਚ ਭੇਦਭਾਵ ਲਈ ਕੋਈ ਥਾਂ ਨਹੀਂ ਹੈ। ਲੋਕਤੰਤਰ ਭਾਰਤ ਦੀ ਰੂਹ ਹੈ, ਲੋਕਤੰਤਰ ਸਾਡੀਆਂ ਰਗਾਂ ਵਿੱਚ ਦੌੜਦਾ ਹੈ, ਅਸੀਂ ਲੋਕਤੰਤਰ ਵਿੱਚ ਰਹਿੰਦੇ ਹਾਂ, ਸਾਡੀ ਸਰਕਾਰ ਨੇ ਲੋਕਤੰਤਰ ਦੇ ਮੂਲ ਸਿਧਾਂਤਾਂ ਨੂੰ ਅਪਣਾਇਆ ਹੈ। ਅਸੀਂ ਜਾਤ, ਨਸਲ, ਧਰਮ, ਲਿੰਗ ਦੀ ਪਰਵਾਹ ਕੀਤੇ ਬਿਨਾਂ ਸਭਨਾਂ ਨਾਲ ਜਮਹੂਰੀ ਵਰਤਾਰਾ ਕਰਦੇ ਹਾਂ।

ਇਹ ਸਿਰਫ਼ ਸਬਰੀਨਾ ਦਾ ਮਾਮਲਾ ਹੀ ਨਹੀਂ ਹੈ। ਅਮਰੀਕਾ 'ਚ ਪ੍ਰਧਾਨ ਮੰਤਰੀ ਮੋਦੀ ਦੇ ਦਾਅਵਿਆਂ ਨੂੰ ਝੂਠਾ ਸਿੱਧ ਕਰਨ ਲਈ ਭਾਰਤ ਵਿੱਚ ਉਨ੍ਹਾਂ ਦੇ ਸਮਰਥਕਾਂ ਨੇ ਫਾਸ਼ੀਵਾਦੀ ਤੇ ਫਿਰਕੂ ਰੁੱਖ ਦਿਖਾਇਆ ਹੈ। ਆਪਣੇ ਮੁਸਲਿਮ ਵਿਰੋਧੀ ਰੁਖ ਨੂੰ ਲੈ ਕੇ ਹਾਲ ਹੀ ਦੇ ਦਿਨਾਂ 'ਚ ਸੁਰਖ਼ੀਆਂ ਵਿੱਚ ਆਏ ਹੇਮੰਤ ਬਿਸਵਾ ਸ਼ਰਮਾ ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਸਿੱਧਾ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਬਰਾਕ ਹੁਸੈਨ ਓਬਾਮਾ ਨੂੰ ਸੰਬੋਧਿਤ ਕਰਦੇ ਹੋਏ ਪੀਐਮ ਮੋਦੀ 'ਤੇ ਚੁੱਕੇ ਗਏ ਸਵਾਲ ਦੀ ਆਲੋਚਨਾ ਕੀਤੀ।

ਓਬਾਮਾ ਦੇ ਇਸ ਬਹੁਚਰਚਿਤ ਬਿਆਨ ਦੇ ਜਵਾਬ ਵਿੱਚ ਅਸਾਮ ਦੇ ਮੁੱਖ ਮੰਤਰੀ ਨੇ ਜਿਸ ਤਰ੍ਹਾਂ ਉਨ੍ਹਾਂ ਦੇ ਨਾਂ ਤੇ ਹੁਸੈਨ ਨੂੰ ਉਭਾਰਿਆ, ਉਸ ਦੀ ਅਮਰੀਕੀ ਮੀਡੀਆ ਵਿੱਚ ਕਾਫ਼ੀ ਚਰਚਾ ਹੋ ਰਹੀ ਹੈ। ਵਾਸ਼ਿੰਗਟਨ ਪੋਸਟ ਦੇ ਇੱਕ ਲੇਖ ਵਿੱਚ ਬ੍ਰਾਊਨ ਯੂਨੀਵਰਸਿਟੀ ਵਿ ਸੈਂਟਰ ਫਾਰ ਕੰਟੈਂਪਰੇਰੀ ਸਾਊਥ ਏਸ਼ੀਆ ਦੇ ਡਾਇਰੈਕਟਰ ਆਸ਼ੂਤੋਸ਼ ਵਾਰਸ਼ਨੀ ਦੀ ਟਿੱਪਣੀ ਦੀ ਵਰਤੋਂ ਕੀਤੀ ਗਈ ਜਿਸ ਵਿੱਚ ਉਸਨੇ ਕਿਹਾ ਕਿ ਸ਼ਰਮਾ ਦੀ ਪ੍ਰਤੀਕ੍ਰਿਆ ਤੋਂ ਪਤਾ ਚੱਲਦਾ ਹੈ ਕਿ ਭਾਜਪਾ ਦੇ ਨੇਤਾ, ਜੋ ਸੰਵਿਧਾਨਕ ਅਹੁਦਿਆਂ 'ਤੇ ਵੀ ਹਨ, ਮੁਸਲਮਾਨਾਂ ਬਾਰੇ ਕਿੰਨੀ ਨਫ਼ਰਤ ਕਰਦੇ ਹਨ ਤੇ ਘਟੀਆ ਸੋਚ ਰਖਦੇ ਹਨ । ਬਰਾਕ ਓਬਾਮਾ ਦੇ ਵਿਚਕਾਰਲੇ ਨਾਮ ਯਾਨੀ ਹੁਸੈਨ ਨੂੰ ਤੋੜ-ਮਰੋੜ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਇੱਕ ਮੁਸਲਮਾਨ ਵੱਲੋਂ ਕਿਹਾ ਗਿਆ ਹੈ ਜਦਕਿ ਓਬਾਮਾ ਇਸਲਾਮ ਦੇ ਪੈਰੋਕਾਰ ਨਹੀਂ ਹਨ।

ਕੁੱਲ ਮਿਲਾ ਕੇ ਚਾਹੇ ਪੱਤਰਕਾਰ ਸਬਰੀਨਾ ਸਿੱਦੀਕੀ ਦਾ ਮਸਲਾ ਹੋਵੇ ਜਾਂ ਬਰਾਕ ਓਬਾਮਾ ਦਾ ਨਾਂ ਹੋਵੇ, ਭਾਰਤ ਵਿੱਚ ਮੋਦੀ ਭਗਤਾਂ ਅਤੇ ਭਾਜਪਾ ਆਗੂਆਂ ਦੀਆਂ ਪ੍ਰਤੀ ਕ੍ਰਿਆਵਾਂ ਨੇ ਵਿਸ਼ਵ ਦੇ ਲੋਕਾਂ ਨੂੰ ਭਾਰਤ ਦੇ ਲੋਕਤੰਤਰ 'ਤੇ ਸਵਾਲ ਉਠਾਉਣ ਦਾ ਨਵਾਂ ਕਾਰਨ ਦਿੱਤਾ ਹੈ। ਇਹ ਕੌਣ ਭਰੋਸਾ ਕਰੇਗਾ ਕਿ ਪ੍ਰਧਾਨ ਮੰਤਰੀ ਮੋਦੀ ਦਾਅਵਾ ਕਰਦੇ ਹਨ ਕਿ ਲੋਕਤੰਤਰ ਭਾਰਤ ਦੇ ਡੀਐਨਏ ਵਿੱਚ ਹੈ।

***

## ਸਿੱਖਾਂ ਨਾਲ ਬੇਲੋੜਾ ਵਿਵਾਦ ਪੰਜਾਬ ਸਰਕਾਰ

ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਪੰਜਾਬ ਸਰਕਾਰ ਦੀ ਸਿੱਖ ਵਿਰੋਧੀ ਮਨਸ਼ਾ ਪੂਰੀ ਨਹੀਂ ਹੋਣ ਦਿੱਤੀ ਜਾਵੇਗੀ ਤੇ ਇਸ ਵਿਰੁੱਧ ਸੰਘਰਸ਼ ਲੜਿਆ ਜਾਵੇਗਾ। ਮਤੇ 'ਚ ਇਹ ਵੀ ਕਿਹਾ ਗਿਆ ਕਿ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ ਦੇਣ, ਦਾੜ੍ਹੀ, ਕੇਸਾਂ ਦੀ ਤੌਹੀਨ ਕਰਨ, ਰਾਗੀ ਸਿੰਘਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਤੇ ਭੱਟ ਸਾਹਿਬਾਨ ਤੇ ਭਗਤ ਸਾਹਿਬਾਨ ਦਾ ਨਾਂਅ ਸਤਿਕਾਰਹੀਣ ਭਾਸ਼ਾ ਵਿਚ ਲੈਣ ਲਈ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਦੇ ਵਿਧਾਇਕ ਬੁੱਧ ਰਾਮ ਸਿੱਖ ਕੌਮ ਤੋਂ ਜਨਤਕ ਤੌਰ 'ਤੇ ਮੁਆਫ਼ੀ ਮੰਗਣ। ਇਜਲਾਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵਿਧਾਨ ਸਭਾ 'ਚ ਲਿਆਂਦਾ ਸਿੱਖ ਗੁਰਦੁਆਰਾ (ਸੋਧ) ਬਿੱਲ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਅਤੇ ਆਜ਼ਾਦ ਹਸਤੀ 'ਤੇ ਸਿੱਧਾ ਹਮਲਾ ਹੈ, ਕਿਉਂਕਿ ਪੰਜਾਬ ਸਰਕਾਰ ਨੂੰ ਆਪਣੇ ਅਧਿਕਾਰਾਂ ਤੋਂ ਬਾਹਰ ਜਾ ਕੇ ਸ਼੍ਰੋਮਣੀ ਕਮੇਟੀ ਦੇ ਮਾਮਲੇ ਵਿੱਚ ਆਪਹੁਦਰਾ ਤੇ ਗ਼ੈਰ-ਸੰਵਿਧਾਨਕ ਫ਼ੈਸਲਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਪ੍ਰਧਾਨ ਨੇ ਇਹ ਮਤਾ ਪਾਸ ਕਰਨ ਲਈ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਚਾਰਕ ਮਤਭੇਦ ਤੇ ਵਖਰੇਵੇਂ ਹੋਣ ਦੇ ਬਾਵਜੂਦ ਸਾਰੇ ਮੈਂਬਰਾਂ ਨੇ ਮਤੇ 'ਤੇ ਇਕਸੁਰਤਾ ਨਾਲ ਸਹੀ ਪਾਈ ਹੈ। ਵਿਸ਼ੇਸ਼ ਇਜਲਾਸ ਦੌਰਾਨ ਹੋਰ ਮੈਂਬਰਾਂ ਨੇ ਵੀ ਆਪਣੇ ਵਿਚਾਰ ਰੱਖੇ ਤੇ ਸਰਕਾਰ ਦੀ ਕਰੜੀ ਆਲੋਚਨਾ ਕੀਤੀ।

***

## ਜਥੇ. ਗਿ. ਹਰਪ੍ਰੀਤ ਸਿੰਘ ਇਜਲਾਸ

ਦਲ ਖ਼ਾਲਸਾ ਨੇ ਕਿਹਾ ਕਿ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਵਿਰੁੱਧ ਸਰਕਾਰ ਨਾਲ ਆਰ-ਪਾਰ ਦੀ ਲੜਾਈ ਵਿੱਢਣ ਲਈ ਸ਼੍ਰੋਮਣੀ ਕਮੇਟੀ ਨੂੰ ਜਲਦ ਹੀ ਪੰਥਕ ਇਕੱਠ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੁਲਾਉਣਾ ਚਾਹੀਦਾ ਹੈ ।

ਪਾਰਟੀ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਹੋਈ ਇਕੱਤਰਤਾ ਉਪਰੰਤ ਪਾਰਟੀ ਦੇ ਸੀਨੀਅਰ ਆਗੂ ਕੰਵਰਪਾਲ ਸਿਘ ਤੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਇਕੱਤਰਤਾ ਦੌਰਾਨ ਹੋਈ ਵਿਚਾਰ ਚਰਚਾ ਦੌਰਾਨ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਪ੍ਰਸਤਾਵਿਤ ਪੰਥਕ ਇਕੱਠ ਵਿੱਚ ਸਮੁੱਚੀਆਂ ਪੰਥਕ ਸੰਸਥਾਵਾਂ ਨੂੰ ਸੱਦਿਆ ਜਾਵੇ ।

ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਫਦ ਨੇ ਬੀਤੇ ਦਿਨੀਂ ਪੰਜਾਬ ਦੇ ਰਾਜਪਾਲ ਨੂੰ ਗੁਰਦੁਆਰਾ ਐਕਟ ਵਿੱਚ ਸਰਕਾਰ ਦੇ ਜਬਰੀ ਦਖ਼ਲ ਖ਼ਿਲਾਫ਼ ਮੰਗ ਪੱਤਰ ਦਿੱਤਾ। ਮਾਨ ਨੇ ਕਿਹਾ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਸਿੱਖ ਕੌਮ ਨਾਲ ਸਬੰਧਤ ਇਤਿਹਾਸਕ ਗੁਰੂ ਘਰਾਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਗੁਰਦੁਆਰਾ ਐਕਟ 1925 ਹੋਂਦ ਵਿੱਚ ਆਇਆ ਸੀ ਤੇ ਇਸ ਕਾਨੂੰਨ ਵਿੱਚ ਸਪਸ਼ਟ ਦਰਜ ਹੈ ਕਿ ਸਿੱਖ ਗੁਰੂਘਰਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਇਸ ਸੰਸਥਾ ਦੇ ਪਲੇਟਫਾਰਮ 'ਤੇ ਚੁਣੇ ਗਏ ਸਿੱਖ ਹੀ ਇਸ ਦੀ ਦੇਖ ਰੇਖ ਤੇ ਪ੍ਰਬੰਧ ਕਰਨਗੇ ਜਿਸ ਵਿੱਚ ਹਕੂਮਤ ਦੀ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਹੋ ਸਕਦੀ।

ਸੀਨੀਅਰ ਐਡਵੋਕੇਟ ਅਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ-1925 ਵਿੱਚ ਆਪਮੁਹਾਰੇ ਸੋਧ ਕਰਨਾ ਖ਼ਤਰਨਾਕ ਪ੍ਰੰਪਰਾ ਹੈ ਜੋ ਸਰਕਾਰਾਂ ਲਈ ਰਵਾਇਤ ਬਣ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸਿੱਖ ਗੁਰਦੁਆਰਾ ਐਕਟ ਬਣਿਆ ਹੈ, ਉਦੋਂ ਤੋਂ ਅੱਜ ਤੱਕ ਜਿੰਨੀਆਂ ਵੀ ਸੋਧਾਂ ਜਾਂ ਤਬਦੀਲੀਆਂ ਹੋਈਆਂ ਹਨ, ਉਹ ਸ਼੍ਰੋਮਣੀ ਕਮੇਟੀ ਜਾਂ ਸਿੱਖ ਕੌਮ ਦੀ ਸਹਿਮਤੀ ਨਾਲ ਹੋਈਆਂ ਹਨ, ਕਿਸੇ ਵੀ ਸਰਕਾਰ ਨੇ ਖੁਦ ਅਜਿਹੀ ਸੋਧ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਸੋਧ ਕਰਕੇ ਬਾਦਲਾਂ ਦਾ ਨੁਕਸਾਨ ਨਹੀਂ ਕੀਤਾ ਬਲਕਿ ਬਾਦਲਾਂ ਨੂੰ ਆਕਸੀਜਨ ਦੇਣ ਦਾ ਕੰਮ ਕੀਤਾ ਹੈ ਕਿਉਂਕਿ ਬਾਦਲਾਂ ਕੋਲ ਹੁਣ ਤੱਕ ਕੋਈ ਮੁੱਦਾ ਨਹੀਂ ਸੀ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖ ਗੁਰਦੁਆਰਾ ਐਕਟ 1925 ਦਾ ਮਜ਼ਾਕ ਉਡਾ ਰਹੀ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਹਾਊਸ ਦੀ ਪ੍ਰਵਾਨਗੀ ਤੋਂ ਬਿਨਾਂ ਇਸ 'ਚ ਕੋਈ ਸੋਧ ਨਹੀਂ ਹੋ ਸਕਦੀ ਅਤੇ ਨਾ ਹੀ ਕਿਸੇ ਨੇ ਪਹਿਲਾਂ ਅਜਿਹਾ ਕੀਤਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸਾਨੂੰ ਵੀ ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ ਬਨਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ । ਹਰਿਆਣਾ ਕਮੇਟੀ ਦੇ ਗਠਨ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸੁਪਰੀਮ ਕੋਰਟ ਵਿੱਚ ਪੀ.ਆਈ.ਐਲ. ਦਾਇਰ ਕਰਨੀ ਚਾਹੀਦੀ ਹੈ ਕਿ ਜਦੋਂ ਤੱਕ ਹਰਿਆਣਾ ਦੇ ਗੁਰਦੁਆਰਿਆਂ ਨੂੰ ਪੁਰਾਣੇ ਐਕਟ ਤੋਂ ਡੀਨੋਟੀਫਾਈ ਨਹੀਂ ਕੀਤਾ ਜਾਂਦਾ, ਉਦੋਂ ਤੱਕ ਗੁਰਦੁਆਰਾ ਸਾਹਿਬਾਨ ਦਾ ਪ੍ਰਸ਼ਾਸਨ ਸ਼੍ਰੋਮਣੀ ਕਮੇਟੀ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ।

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਆਗੂਆਂ ਪ੍ਰੋਫੈਸਰ ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ ਆਦਿ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦੇ ਪ੍ਰਸਾਰਨ ਨੂੰ ਜਨਤਕ ਹੱਥਾਂ ਵਿੱਚ ਦੇਣ ਲਈ ਗੁਰਦੁਆਰਾ ਐਕਟ ਵਿੱਚ ਕੀਤੀ ਸੋਧ ਨੂੰ ਸਿੱਖ ਧਰਮ ਵਿੱਚ ਘੁਸਪੈਠ ਦੱਸਦਿਆਂ ਤੇ ਇਸ ਨੂੰ ਮੁਲੋਂ ਰੱਦ ਕਰਦਿਆਂ ਕਿਹਾ ਹੈ ਕਿ ਗੁਰਬਾਣੀ ਪ੍ਰਸਾਰਣ ਦਾ ਅਧਿਕਾਰ ਨਾ ਤਾਂ ਕਿਸੇ ਸਰਕਾਰ ਕੋਲ ਅਤੇ ਨਾ ਹੀ ਬਾਦਲ ਪਰਿਵਾਰ ਨੂੰ ਦਿੱਤਾ ਜਾ ਸਕਦਾ ਹੈ, ਬਲਕਿ ਇਹ ਅਧਿਕਾਰ ਕੇਵਲ ਸਿੱਖ ਪੰਥ ਕੋਲ ਹੀ ਰਹਿਣਾ ਚਾਹੀਦਾ ਹੈ।

***

## ਗਿ. ਸੁਲਤਾਨ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ

ਪ੍ਰਵਾਨਗੀ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਬਾਬਾ ਮਲੂਕ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਆਦਿ ਨੇ ਜਥੇਦਾਰ ਸੁਲਤਾਨ ਸਿੰਘ ਨੂੰ ਦਸਤਾਰਾਂ ਤੇ ਸਿਰੋਪਾਓ ਭੇਟ ਕੀਤੇ।

ਐਡਵੋਕੇਟ ਧਾਮੀ ਨੇ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਆਪ ਅਗਵਾਈ ਕਰਦਿਆਂ ਸੰਗਤ ਨੂੰ ਗੁਰੂ ਘਰ ਨਾਲ ਜੋੜਨ। ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਉਹ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ।

***

## ਅਗਲੀਆਂ ਲੋਕ ਸਭਾ ਚੋਣਾਂ

ਇਸ ਤੋਂ ਇਲਾਵਾ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵੀ ਆਪਸੀ ਏਕਤਾ ਨੂੰ ਮਹੱਤਵ ਦੇ ਰਹੀਆਂ ਹਨ। ਭਾਵੇਂ ਕਿ ਇਹ ਸਤਰਾਂ ਲਿਖੇ ਜਾਣ ਵੇਲੇ ਵਿਰੋਧੀ ਸਿਆਸੀ ਪਾਰਟੀਆਂ ਦਾ ਸਾਂਝਾ ਗਠਜੋੜ ਹੋਂਦ ਵਿੱਚ ਨਹੀਂ ਸੀ ਆਇਆ ਪਰ ਵਿਰੋਧੀ ਸਿਆਸੀ ਪਾਰਟੀਆਂ ਦੇ ਮੁੱਖ ਆਗੂਆਂ ਵੱਲੋਂ ਜਿਥੇ ਆਪਸੀ ਏਕਤਾ ਲਈ ਯਤਨ ਕੀਤੇ ਜਾ ਰਹੇ ਹਨ, ਉਥੇ ਨਵੇਂ ਸਿਆਸੀ ਦੋਸਤਾਂ ਦੀ ਵੀ ਤਲਾਸ਼ ਕੀਤੀ ਜਾ ਰਹੀ ਹੈ।

## ਮੋਦੀ ਦਾ ਅਮਰੀਕਾ ਦੌਰਾ

ਤਤਕਾਲੀ ਸੀਈਓ ਨੂੰ ਭਾਰਤ ਸਰਕਾਰ ਦਾ ਨਾਮ ਯਾਦ ਆਇਆ, ਜਦੋਂ ਕਿ ਟਵਿੱਟਰ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਚਲਾਇਆ ਜਾਂਦਾ ਹੈ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਭਾਰਤ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਜਮਹੂਰੀਅਤ ਦੇ ਖ਼ਾਤਮੇ ਨੂੰ ਲੈ ਕੇ ਹੁਣ ਵਿਸ਼ਵ ਪੱਧਰ ’ਤੇ ਸਵਾਲ ਉੱਠ ਰਹੇ ਹਨ। ਸਵਾਲ ਉਠਾਉਣ ਵਿੱਚ ਅਮਰੀਕਾ ਵੀ ਸ਼ਾਮਲ ਹੋ ਗਿਆ ਹੈ। ਮੋਦੀ ਦੀ ਰਾਜ ਫੇਰੀ ਦੌਰਾਨ, ਘੱਟੋ-ਘੱਟ 75 ਡੈਮੋਕਰੇਟਸ ਨੇ ਰਾਸ਼ਟਰਪਤੀ ਜੋਅ ਬਿਡੇਨ ਨੂੰ ਪੱਤਰ ਲਿਖ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਮਨੁੱਖੀ ਅਧਿਕਾਰਾਂ ਦੇ ਮੁੱਦੇ ਉਠਾਉਣ ਦੀ ਅਪੀਲ ਕੀਤੀ ਹੈ।

ਅਮਰੀਕੀ ਸੰਸਦ ਮੈਂਬਰਾਂ ਨੇ ਕਿਹਾ ਕਿ ਉਹ ਭਾਰਤ ਵਿੱਚ ਧਾਰਮਿਕ ਅਸਹਿਨਸ਼ੀਲਤਾ, ਪ੍ਰੈੱਸ ਦੀ ਆਜ਼ਾਦੀ, ਲਗਾਤਾਰ ਇੰਟਰਨੈੱਟ ਬੰਦ ਕਰਨ ਅਤੇ ਨਾਗਰਿਕ ਸਮਾਜ ਸਮੂਹਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਿੰਤਤ ਹਨ। ਭਾਜਪਾ ਇਨ੍ਹਾਂ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਦੀਆਂ ਚਿੰਤਾਵਾਂ ਨੂੰ ਇਕ ਦਮ ਖਾਰਜ ਨਹੀਂ ਕਰ ਸਕਦੀ, ਕਿਉਂਕਿ ਮਨੀਪੁਰ ਵਿਚ ਨਸਲੀ, ਧਾਰਮਿਕ ਹਿੰਸਾ ਅਤੇ ਇੰਟਰਨੈੱਟ ’ਤੇ ਪਾਬੰਦੀ ਚੱਲ ਰਹੀ ਹੈ, ਪਰ ਮੋਦੀ ਨੇ ਇਕ ਵਾਰ ਵੀ ਉਥੇ ਦਾ ਦੌਰਾ ਨਹੀਂ ਕੀਤਾ ਅਤੇ ਨਾ ਹੀ ਉਥੋਂ ਦੇ ਹਾਲਾਤ ’ਤੇ ਕੋਈ ਟਿੱਪਣੀ ਕੀਤੀ ਹੈ। ਮਨੀਪੁਰ ਦੇ ਸਿਆਸੀ ਵਫ਼ਦ ਨਾਲ ਮੁਲਾਕਾਤ ਕੀਤੀ। ਭਾਰਤ ਵਿੱਚ ਹੀ ਨਹੀਂ, ਅਮਰੀਕਾ ਵਿੱਚ ਵੀ ਲੋਕ ਇਸ ਅਣਗਹਿਲੀ ਨੂੰ ਮਹਿਸੂਸ ਕਰ ਰਹੇ ਹਨ। ਨਿਊਜ਼ ਏਜੰਸੀ ਰਾਇਟਰਜ਼ ਮੁਤਾਬਕ ਅਮਰੀਕੀ ਸੰਸਦ ਮੈਂਬਰਾਂ ਨੇ ਆਪਣੇ ਪੱਤਰ ’ਚ ਲਿਖਿਆ ਹੈ- “ਅਸੀਂ ਕਿਸੇ ਖਾਸ ਭਾਰਤੀ ਨੇਤਾ ਜਾਂ ਸਿਆਸੀ ਪਾਰਟੀ ਦਾ ਸਮਰਥਨ ਨਹੀਂ ਕਰਦੇ। ਇਹ ਭਾਰਤ ਦੇ ਲੋਕਾਂ ਦਾ ਫੈਸਲਾ ਹੈ। ਪਰ ਅਸੀਂ ਉਨ੍ਹਾਂ ਮਹੱਤਵਪੂਰਨ ਸਿਧਾਂਤਾਂ ’ਤੇ ਕਾਇਮ ਹਾਂ ਜੋ ਅਮਰੀਕੀ ਵਿਦੇਸ਼ ਨੀਤੀ ਦਾ ਮੁੱਖ ਹਿੱਸਾ ਹੋਣੇ ਚਾਹੀਦੇ ਹਨ।”

ਇਸ ਪੱਤਰ ਦੀ ਭਾਸ਼ਾ ਤੋਂ ਇਹ ਸਮਝਿਆ ਜਾਂਦਾ ਹੈ ਕਿ ਜਦੋਂ ਨਰਿੰਦਰ ਮੋਦੀ ਨੇ 2019 ਵਿੱਚ ਹਿਊਸਟਨ ਵਿੱਚ ਹਾਉਡੀ ਮੋਦੀ ਸਮਾਗਮ ਵਿੱਚ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਦਾ ਵਿਰੋਧ ਕਰਨ ਦਾ ਨਾਅਰਾ ਲਗਾ ਕੇ ਅਮਰੀਕਾ ਦੀ ਅੰਦਰੂਨੀ ਰਾਜਨੀਤੀ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਨੇ ਉਸ ਨੂੰ ਬਦਨਾਮ ਕੀਤਾ ਸੀ। ਜੇਕਰ ਟਰੰਪ ਸਰਕਾਰ ਲਈ ਨਾਅਰੇਬਾਜ਼ੀ ਕਰਨ ਵਾਲੇ ਮੋਦੀ ਨੂੰ ਵੀ ਜੋ ਬਿਡੇਨ ਸਟੇਟ ਗੈਸਟ ਬਣਾ ਰਿਹਾ ਹੈ ਤਾਂ ਇਸ ਪਿੱਛੇ ਅਮਰੀਕਾ ਦੇ ਵਪਾਰਕ ਅਤੇ ਰਣਨੀਤਕ ਹਿੱਤ ਹਨ। ਚੀਨ ਦੀ ਵਧਦੀ ਤਾਕਤ, ਰੂਸ ਅਤੇ ਚੀਨ ਦੀ ਨੇੜਤਾ, ਕਈ ਯੂਰਪੀ ਦੇਸ਼ਾਂ ਦੀ ਹਿੱਲ ਰਹੀ ਆਰਥਿਕ ਸਥਿਤੀ, ਅਮਰੀਕਾ ਨੂੰ ਆਪਣੇ ਨਿਰਯਾਤ ਅਤੇ ਰੱਖਿਆ ਸੌਦਿਆਂ ਲਈ ਵੱਡੇ ਬਾਜ਼ਾਰ ਦੀ ਲੋੜ ਹੈ। ਭਾਰਤ ਉਸ ਦੀ ਇਸ ਲੋੜ ਨੂੰ ਪੂਰਾ ਕਰਦਾ ਹੈ। ਵੈਸੇ ਵੀ ਜੋ ਬਿਡੇਨ ਨੇ ਮਾਰਚ ਮਹੀਨੇ ਕੈਨੇਡਾ ਦੇ ਦੌਰੇ ਦੌਰਾਨ ਕਿਹਾ ਸੀ ਕਿ ਉਨ੍ਹਾਂ ਦਾ ਰਣਨੀਤਕ ਟੀਚਾ ਬਾਕੀ ਦੁਨੀਆ ਨਾਲ ਸੰਬੰਧਾਂ ਨੂੰ ਸੁਧਾਰਨਾ ਹੈ, ਕਿਉਂਕਿ ਅਮਰੀਕਾ ਨੂੰ ਚੀਨ ਅਤੇ ਰੂਸ ਵਿਰੁੱਧ ਲਾਮਬੰਦ ਹੋ ਕੇ ਹੀ ਫਾਇਦਾ ਹੋ ਸਕਦਾ ਹੈ। ਜ਼ਾਹਿਰ ਹੈ ਕਿ ਭਾਰਤ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।

ਭਾਜਪਾ ਦੀ ਪ੍ਰਚਾਰ ਮਸ਼ੀਨਰੀ ਨੂੰ ਮੋਦੀ ਦੀ ਤਾਰੀਫ਼ ਕਰਨ ਦਾ ਕੰਮ ਕਰਨ ਦੇਣਾ ਚਾਹੀਦਾ ਹੈ, ਪਰ ਇਸ ਤੱਥ ਤੋਂ ਮੂੰਹ ਨਹੀਂ ਮੋੜਨਾ ਚਾਹੀਦਾ ਕਿ ਭਾਰਤ ਵਿੱਚ ਲੋਕਤੰਤਰ, ਮਨੁੱਖੀ ਅਧਿਕਾਰਾਂ, ਸੰਵਿਧਾਨਕ ਕਦਰਾਂ-ਕੀਮਤਾਂ ਦੇ ਨਿਘਾਰ ਕਾਰਨ ਇਸ ਦੇ ਅਕਸ ਨੂੰ ਢਾਹ ਲੱਗਣ ਦਾ ਖ਼ਤਰਾ ਹੈ। ਜੇਕਰ ਤੁਹਾਡੇ ਪ੍ਰਧਾਨ ਮੰਤਰੀ ਦੀ ਆਮਦ ’ਤੇ 75 ਸੰਸਦ ਮੈਂਬਰ ਮਨੁੱਖੀ ਅਧਿਕਾਰਾਂ ਦਾ ਸਵਾਲ ਉਠਾ ਰਹੇ ਹਨ ਤਾਂ ਇਹ ਚੰਗੀ ਗੱਲ ਨਹੀਂ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ, ਅਮਰੀਕਾ ਵਿੱਚ 17 ਘੱਟ ਗਿਣਤੀ, ਦਲਿਤ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੋਦੀ ਦੇ ਦੌਰੇ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਸਨ।

ਵਿਰੋਧ ਪ੍ਰਦਰਸ਼ਨਾਂ ਵਿੱਚ ਬੀਬੀਸੀ ਦੀ ਇੱਕ ਡਾਕੂਮੈਂਟਰੀ, ਨਿਊਯਾਰਕ ਵਿੱਚ ਵੱਡੇ ਪੱਧਰ ’ਤੇ ‘ਹਾਉਡੀ ਡੈਮੋਕਰੇਸੀ’ ਪ੍ਰੋਗਰਾਮ ਦੀ ਸਕ੍ਰੀਨਿੰਗ ਸ਼ਾਮਲ ਸੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਫੇਰੀ ਤੋਂ ਠੀਕ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਦੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦਫ਼ਤਰ ਨੇ ਸਰਕਾਰੀ ਤੰਤਰ ਵੱਲੋਂ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ’ਤੇ ਹੋ ਰਹੇ ਜ਼ੁਲਮਾਂ ’ਤੇ ਚਿੰਤਾ ਪ੍ਰਗਟਾਈ ਸੀ। ਪਿਛਲੇ ਸਾਲ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਭਾਰਤ ਨੂੰ ਅਜਿਹਾ ਦੇਸ਼ ਕਿਹਾ ਸੀ ਜਿੱਥੇ ਧਾਰਮਿਕ ਆਜ਼ਾਦੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰ ਖ਼ਤਰੇ ਵਿੱਚ ਹਨ। ਅਤੇ ਸ਼੍ਰੀਮਾਨ ਮੋਦੀ ਦੇ ਅਮਰੀਕਾ ਪਹੁੰਚਣ ਤੋਂ ਇੱਕ ਦਿਨ ਪਹਿਲਾਂ, ਵ੍ਹਾਈਟ ਹਾਊਸ ਵਿੱਚ ਰਾਸ਼ਟਰੀ ਸੁਰੱਖਿਆ ਪਰਿਸ਼ਦ ਦੇ ਰਣਨੀਤਕ ਸੰਚਾਰ ਦੇ ਕੋਆਰਡੀਨੇਟਰ, ਜੌਨ ਕਿਰਬੀ ਨੇ ਅਧਿਕਾਰਤ ਟਿੱਪਣੀਆਂ ਵਿੱਚ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਨੇ ਕਦੇ ਵੀ ਚਿੰਤਾਵਾਂ ਨੂੰ ਜ਼ਾਹਰ ਕਰਨ ਤੋਂ ਪਿੱਛੇ ਨਹੀਂ ਹਟਿਆ ਹੈ। ਦੁਨੀਆ ’ਚ ਇਕੱਠੇ ਵੀ ਹੋ ਸਕਦੇ ਹਨ।

ਇਨ੍ਹਾਂ ਸਾਰੀਆਂ ਗੱਲਾਂ ਅਤੇ ਟਿੱਪਣੀਆਂ ਦੇ ਮੱਦੇ-ਨਜ਼ਰ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਸਿਰਫ਼ ਚਮਕਦਾਰ ਪੱਖ ਦਿਖਾਉਣਾ ਜਾਂ ਦੇਖਣਾ ਆਪਣੇ ਆਪ ਨੂੰ ਧੋਖਾ ਦੇਣਾ ਹੈ।

***

## ਅਮਰੀਕਾ ਨੇ ਚੁੱਕਿਆ ਮੋਦੀ ਦੇ ਦੌਰੇ ਦਾ ਸਾਰਾ ਖ਼ਰਚਾ

ਸੀ। ਰਾਧਾਕ੍ਰਿਸ਼ਨਨ 1963 ਵਿੱਚ 3 ਤੋਂ 5 ਜੂਨ ਤੱਕ ਰਾਜ ਦੇ ਦੌਰੇ ’ਤੇ ਸਨ। ਉਨ੍ਹਾਂ ਤੋਂ ਬਾਅਦ ਮਨਮੋਹਨ ਸਿੰਘ ਅਤੇ ਹੁਣ ਪ੍ਰਧਾਨ ਮੰਤਰੀ ਮੋਦੀ ਨੂੰ ਰਾਜ ਦੌਰੇ ’ਤੇ ਬੁਲਾਇਆ ਗਿਆ ਹੈ।

ਯੂਐਸ ਸਟੇਟ ਡਿਪਾਰਟਮੈਂਟ ਦੇ ਅਨੁਸਾਰ, ਰਾਜ ਦੇ ਦੌਰੇ ਨੂੰ ਉੱਚ ਦਰਜੇ ਦੀ ਯਾਤਰਾ ਕਿਹਾ ਜਾਂਦਾ ਹੈ। ਅਜਿਹਾ ਇਸ ਲਈ ਕਿਉਂਕਿ ਇਸ ਦਾ ਸੱਦਾ ਪੱਤਰ ਖੁਦ ਅਮਰੀਕੀ ਰਾਸ਼ਟਰਪਤੀ ਦੀ ਕਲਮ ਨੇ ਲਿਖਿਆ ਹੈ।

ਜਿਵੇਂ ਕਿ ਇਸ ਵਾਰ ਰਾਸ਼ਟਰਪਤੀ ਜੋ ਬਿਡੇਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਰਾਜ ਦੇ ਦੌਰੇ ’ਤੇ ਬੁਲਾਇਆ ਸੀ। ਭਾਰਤੀ ਵਿਦੇਸ਼ ਮੰਤਰਾਲੇ ਮੁਤਾਬਕ ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਬਿਡੇਨ ਅਤੇ ਉਨ੍ਹਾਂ ਦੀ ਪਤਨੀ ਜਿਲ ਬਿਡੇਨ ਦੇ ਸੱਦੇ ’ਤੇ ਅਮਰੀਕਾ ਗਏ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਅਤੇ ਮਿਸਰ ਦੇ 5 ਦਿਨਾਂ ਰਾਜ ਦੌਰੇ ਤੋਂ ਬਾਅਦ ਐਤਵਾਰ ਨੂੰ ਵਤਨ ਪਰਤ ਆਏ ਹਨ। ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਜੋਅ ਬਿਡੇਨ ਦੇ ਸੱਦੇ ’ਤੇ ਅਮਰੀਕਾ ਦੇ ਉੱਚ ਪੱਧਰੀ ਦੌਰੇ ਤੋਂ ਬਾਅਦ ਸ਼ਨੀਵਾਰ ਨੂੰ ਦੋ ਦਿਨਾਂ ਦੇ ਦੌਰੇ ’ਤੇ ਮਿਸਰ ਪਹੁੰਚੇ। ਇੱਥੇ ਪ੍ਰਧਾਨ ਮੰਤਰੀ ਮੁਸਤਫਾ ਮਦਬੋਲੀ ਨੇ ਹਵਾਈ ਅੱਡੇ ’ਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। 1997 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਭਾਰਤੀ ਪ੍ਰਧਾਨ ਮੰਤਰੀ ਨੇ ਮਿਸਰ ਦਾ ਦੋ-ਪੱਖੀ ਦੌਰਾ ਕੀਤਾ ਹੈ।

***

## ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ

ਦੋਵਾਂ ਨੇਤਾਵਾਂ ਨੇ ਇੱਕ ਇਤਿਹਾਸਕ ਸਿਖਰ ਸੰਮੇਲਨ ਕੀਤਾ, ਜਿਸ ਤੋਂ ਬਾਅਦ ਮੋਦੀ ਨੇ ਕਾਂਗਰਸ ਨੂੰ ਸੰਬੋਧਿਤ ਕੀਤਾ ਅਤੇ ਬਿਡੇਨ ਦੁਆਰਾ ਉਨ੍ਹਾਂ ਦੇ ਸਨਮਾਨ ਵਿੱਚ ਵ੍ਹਾਈਟ ਹਾਊਸ ਵਿੱਚ ਇੱਕ ਸਟੇਟ ਡਿਨਰ ਦਾ ਆਯੋਜਨ ਕੀਤਾ ਗਿਆ। ਇਸ ਯਾਤਰਾ ਵਿੱਚ ਰੱਖਿਆ, ਪੁਲਾੜ ਅਤੇ ਵਪਾਰ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਕਈ ਵੱਡੇ ਸੌਦਿਆਂ ’ਤੇ ਦਸਤਖਤ ਕੀਤੇ ਗਏ।

***

## ਪਾਕਿ ’ਚ ਸਿੱਖ ਨੌਜਵਾਨ ਦਾ ਅਣਪਛਾਤੇ

ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟਗਿਣਤੀ ਸਿੱਖਾਂ ਦੀ ਸੁਰੱਖਿਆ ਨੂੰ ਲੈ ਕੇ ਉਥੋਂ ਦੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਦੋ ਦਿਨਾਂ ਅੰਦਰ ਸਿੱਖਾਂ ’ਤੇ ਹਮਲੇ ਦੀ ਇਹ ਦੂਸਰੀ ਘਟਨਾ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਅੰਦਰ ਇਸ ਤੋਂ ਪਹਿਲਾਂ ਵੀ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਜੇਕਰ ਸਰਕਾਰ ਨੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਮੁੜ ਅਜਿਹਾ ਨਾ ਵਾਪਰਦਾ।

***

## ਟਾਈਟੈਨਿਕ ਪਣਡੁੱਬੀ ’ਚ

ਮਹਾਸਾਗਰ ਦੇ 300 ਮੀਲ ਦੇ ਘੇਰੇ ਵਿੱਚ ਖੋਜ ਮੁਹਿੰਮ ਚਲਾਈ ਜਾ ਰਹੀ ਹੈ। ਅਮਰੀਕਾ ਅਤੇ ਕੈਨੇਡੀਅਨ ਨੇਵੀ ਤੋਂ ਇਲਾਵਾ ਕਈ ਪ੍ਰਾਈਵੇਟ ਏਜੰਸੀਆਂ ਵੀ ਇਸ ਵਿੱਚ ਸ਼ਾਮਲ ਸਨ। ਇਸ ਪਣਡੁੱਬੀ ਵਿੱਚ 96 ਘੰਟੇ ਆਕਸੀਜਨ ਹੋਣ ਦਾ ਦਾਅਵਾ ਕੀਤਾ ਗਿਆ ਸੀ, ਹਾਲਾਂ ਕਿ ਮਾਹਿਰਾਂ ਨੇ ਸ਼ੁਰੂ ਤੋਂ ਹੀ ਇਸ ਦਾਅਵੇ ’ਤੇ ਸ਼ੱਕ ਜਤਾਇਆ ਸੀ।

ਮਲਬੇ ਦੇ ਸ਼ੁਰੂਆਤੀ ਵਿਸ਼ਲੇਸ਼ਣ ਨੇ ਸੁਝਾਅ ਦਿੱਤਾ ਕਿ ਟਾਈਟਨ ਪਣਡੁੱਬੀ ਇੱਕ ਧਮਾਕੇ ਕਾਰਨ ਡੁੱਬ ਗਈ ਸੀ। ਅਜਿਹੇ ’ਚ ਖਦਸ਼ਾ ਹੈ ਕਿ ਇਸ ਦੇ ਉਪਕਰਨ ਜਾਂ ਆਕਸੀਜਨ ਟੈਂਕ ’ਚ ਧਮਾਕਾ ਹੋ ਸਕਦਾ ਹੈ। ਇਹ ਪਣਡੁੱਬੀ 4000 ਮੀਟਰ ਦੀ ਡੂੰਘਾਈ ਤੱਕ ਗੋਤਾਖੋਰੀ ਕਰਨ ਦੇ ਸਮਰੱਥ ਸੀ। ਅਜਿਹੀ ਡੂੰਘਾਈ ’ਤੇ ਦਬਾਅ ਸਤ੍ਹਾ ਤੋਂ 296 ਗੁਣਾ ਜ਼ਿਆਦਾ ਹੁੰਦਾ ਹੈ। ਜੇਕਰ ਪਣਡੁੱਬੀ ਬਹੁਤ ਤੇਜ਼ੀ ਨਾਲ ਹੇਠਾਂ ਆਉਂਦੀ ਹੈ, ਤਾਂ ਵੀ ਧਮਾਕਾ ਹੋ ਸਕਦਾ ਹੈ। ਓਸ਼ਨਗੇਟ ਨੇ ਇਹ ਵੀ ਕਿਹਾ ਹੈ ਕਿ ਉਹ ਮਲਬੇ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਬਾਅਦ ਹੀ ਹਾਦਸੇ ਦੇ ਕਾਰਨਾਂ ਦਾ ਖੁਲਾਸਾ ਕਰ ਸਕੇਗੀ।

ਓਸ਼ਨਗੇਟ ਕੰਪਨੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਸਾਡੇ ਸਮਰਪਿਤ ਕਰਮਚਾਰੀਆਂ ਲਈ ਬਹੁਤ ਦੁਖਦਾਈ ਸਮਾਂ ਹੈ, ਜੋ ਹੁਣ ਥੱਕ ਚੁੱਕੇ ਹਨ। ਉਨ੍ਹਾਂ ਨੂੰ ਇਸ ਨੁਕਸਾਨ ਦਾ ਡੂੰਘਾ ਦੁੱਖ ਹੈ। ਕੰਪਨੀ ਨੇ ਲਿਖਿਆ ਕਿ ਸਮੁੱਚਾ ਓਸ਼ਨਗੇਟ ਪਰਿਵਾਰ ਅੰਤਰਰਾਸ਼ਟਰੀ ਭਾਈਚਾਰੇ ਦੀਆਂ ਕਈ ਸੰਸਥਾਵਾਂ ਦੇ ਅਣਗਿਣਤ ਪੁਰਸ਼ਾਂ ਅਤੇ ਔਰਤਾਂ ਦਾ ਤਹਿ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਮਿਸ਼ਨ ’ਤੇ ਵਿਆਪਕ ਸਰੋਤਾਂ ਅਤੇ ਸਖ਼ਤ ਮਿਹਨਤ ਨੂੰ ਜੁਟਾਇਆ।

***

## ਅਮਰੀਕਾ ਦੇ ਏਡਾਹੋ ਰਾਜ ’ਚ ਇੱਕ ਪਰਿਵਾਰ

ਦੋ ਨਬਾਲਗ ਲੜਕਿਆਂ ਦੀਆਂ ਲਾਸ਼ਾਂ ਘਰ ਦੇ ਅੰਦਰ ਜਦ ਕਿ ਮਾਂ ਤੇ ਧੀ ਦੀਆਂ ਲਾਸ਼ਾਂ ਘਰ ਦੇ ਬਾਹਰ ਪਈਆਂ ਮਿਲੀਆਂ ਸਨ। ਹਾਲਾਂ ਕਿ ਅਧਿਕਾਰੀਆਂ ਨੇ ਹੱਤਿਆਵਾਂ ਪਿੱਛੇ ਅਸਲ ਮਕਸਦ ਬਾਰੇ ਕੁਝ ਨਹੀਂ ਦਸਿਆ ਹੈ ਪਰੰਤੂ ਪੁਲਿਸ ਵੱਲੋਂ ਦਾਇਰ ਹਲਫ਼ੀਆ ਬਿਆਨ ਅਨੁਸਾਰ ਹੱਤਿਆਵਾਂ ਤੋਂ ਇਕ ਹਫਤਾ ਪਹਿਲਾਂ ਕੇਲੋਰ ਤੇ ਉਸ ਦਾ ਪਰਿਵਾਰ ਜੋ ਪੀੜਤਾਂ ਦੇ ਉਪਰ ਡੂਪਲੈਕਸ ਅਪਾਰਟਮੈਂਟ ਵਿੱਚ ਰਹਿੰਦਾ ਹੈ, ਨੇ ਡੈਵਿਨ ਸਮਿੱਥ ਉਪਰ ਉਨਾਂ ਦੀ ਧੀ ਦੇ ਸਾਹਮਣੇ ਅਸ਼ਲੀਲ ਹਰਕਤਾਂ ਕਰਨ ਦਾ ਦੋਸ਼ ਲਾਇਆ ਸੀ ਜਿਸ ’ਤੇ ਦੋਨਾਂ ਪਰਿਵਾਰਾਂ ਵਿਚਾਲੇ ਝਗੜਾ ਹੋਇਆ ਸੀ ਜੋ ਹਤਿਆਵਾਂ ਦਾ ਕਾਰਨ ਬਣਿਆ।

***

## ਸ਼੍ਰੋਮਣੀ ਕਮੇਟੀ ਵਿਸ਼ਵ ਕਾਨਫਰੰਸ ਸੱਦੇ

ਸ਼੍ਰੋਮਣੀ ਕਮੇਟੀ ਇਹ ਐਲਾਨ ਕਰੇ ਕਿ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਤੇ ਗੁਰਬਾਣੀ ਕੀਰਤਨ ਦੇ ਪ੍ਰਸਾਰ ਲਈ ਉਹ ਖ਼ੁਦ ਆਪਣਾ ਸੈਟੇਲਾਈਟ ਚੈਨਲ ਸਥਾਪ੍ਰਿਤ ਕਰੇਗੀ। ਪ੍ਰੋ. ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਦੇ ਪਿਛੋਕੜ ਵੱਲ ਝਾਤੀ ਮਾਰੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਕਿਸੇ ਵੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਤੋਂ ਬਿਨਾਂ ਸਿੱਖ ਗੁਰਦੁਆਰਾ ਐਕਟ-1925 ਵਿੱਚ ਕੋਈ ਸੋਧ ਨਹੀਂ ਕੀਤੀ। ਇਸ ਸੰਬੰਧੀ 1959 ਦਾ ਮਾਸਟਰ ਤਾਰਾ ਸਿੰਘ ਨਹਿਰੂ ਪੈਕਟ ਵੀ ਇਕ ਉੱਘੀ ਮਿਸਾਲ ਹੈ। ਉਸ ਸਮੇਂ ਪੰਜਾਬ ਦੇ ਸ਼ਕਤੀਸ਼ਾਲੀ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਸ਼੍ਰੋਮਣੀ ਕਮੇਟੀ ਵਿਚੋਂ ਮਾਸਟਰ ਤਾਰਾ ਸਿੰਘ ਦਾ ਪ੍ਰਭਾਵ ਖ਼ਤਮ ਕਰਨ ਲਈ ਪੈਪਸੂ ਤੋਂ ਕੁਝ ਹੋਰ ਮੈਂਬਰ ਸ਼੍ਰੋਮਣੀ ਕਮੇਟੀ ਵਿੱਚ ਨਿਯੁਕਤ ਕਰਵਾਉਣ ਲਈ ਗੁਰਦੁਆਰਾ ਐਕਟ ਵਿਚ ਸੋਧ ਕਰਨ ਦੀ ਕੋਸ਼ਿਸ਼ ਕੀਤੀ ਸੀ, ਇਸ ਦਾ ਉਸ ਸਮੇਂ ਸਿੱਖ ਪੰਥ ਨੇ ਤਿੱਖਾ ਵਿਰੋਧ ਕੀਤਾ ਸੀ। ਮਾਸਟਰ ਤਾਰਾ ਸਿੰਘ ਨੇ ਇਸ ਸੰਬੰਧੀ ਦਿੱਲੀ ਵਿਚ ਰੋਸ ਮਾਰਚ ਕਰਨ ਦਾ ਐਲਾਨ ਵੀ ਕੀਤਾ ਸੀ ਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਦਿੱਲੀ ਵਿੱਚ ਇਕੱਤਰ ਹੋਏ ਅਤੇ ਉਨ੍ਹਾਂ ਮਾਸਟਰ ਤਾਰਾ ਸਿੰਘ ਦੀ ਫੋਟੋ ਚੁੱਕ ਕੇ ਰੋਸ ਮਾਰਚ ਕੀਤਾ। ਇਸ ਪਿੱਛੋਂ ਹੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨਾਲ ਇਕ ਲਿਖਤੀ ਸਮਝੌਤਾ ਕੀਤਾ, ਜਿਸ ਵਿੱਚ ਸਪੱਸ਼ਟ ਤੌਰ ’ਤੇ ਇਹ ਦਰਜ ਕੀਤਾ ਗਿਆ ਹੈ ਕਿ ਸਿੱਖ ਗੁਰਦੁਆਰਾ ਐਕਟ ਵਿਚ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਤੋਂ ਬਿਨਾਂ ਕਦੇ ਵੀ ਕੋਈ ਸੋਧ ਨਹੀਂ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਰਾਜਨੀਤਿਕਾਂ, ਵਿਸ਼ੇਸ਼ ਕਰਕੇ ਬਾਦਲ ਪਰਿਵਾਰ ਦੇ ਪ੍ਰਭਾਵ ਤੋਂ ਮੁਕਤ ਕੀਤਾ ਜਾਣਾ ਹੁਣ ਬਹੁਤ ਜ਼ਰੂਰੀ ਹੋ ਗਿਆ ਹੈ, ਕਿਉਂਕਿ ਬਾਦਲ ਪਰਿਵਾਰ ਕਾਰਣ ਪੰਥ ਖਿੰਡਰਿਆ ਹੈ ਤੇ ਸਰਕਾਰ ਨੂੰ ਦਖਲ ਅੰਦਾਜੀ ਦੇਣ ਦਾ ਮੌਕਾ ਮਿਲਿਆ ਹੈ। ਮਾਨ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਿਨਾਂ ਸਿੱਖ ਗੁਰਦੁਆਰਾ ਐਕਟ ਵਿਚ ਕੋਈ ਵੀ ਸੋਧ ਨਹੀਂ ਸੀ ਕਰਨੀ ਚਾਹੀਦੀ, ਜੇਕਰ ਸਰਕਾਰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਖੁੱਲ੍ਹਾ- ਪ੍ਰਸਾਰਨ ਚਾਹੁੰਦੀ ਸੀ ਤਾਂ ਇਸ ਸੰਬੰਧੀ ਉਸ ਨੂੰ ਸ਼੍ਰੋਮਣੀ ਕਮੇਟੀ ਨਾਲ ਰਾਬਤਾ ਕਰਕੇ ਇਸ ਮਸਲੇ ਦਾ ਕੋਈ ਹੱਲ ਕਢਵਾਉਣਾ ਚਾਹੀਦਾ ਸੀ। ।

ਪ੍ਰਿੰ. ਪਰਵਿੰਦਰ ਸਿੰਘ ਸੰਚਾਲਕ, ਗੁਰਮਤਿ ਚੇਤਨਾ ਲਹਿਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੂੰ ਇਕ ਮਤਾ ਪਾਸ ਕਰਕੇ ਮਾਨ ਸਰਕਾਰ ਵਲੋਂ ਸਿੱਖ ਗੁਰਦੁਆਰਾ ਐਕਟ ਵਿੱਚ ਕੀਤੀ ਗਈ ਸੋਧ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ।

ਇਸ ਦੌਰਾਨ ਤਿੰਨ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਬਾਹਰੀ ਅਤੇ ਅੰਦਰੂਨੀ ਤਾਕਤਾਂ ਵੱਲੋਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੁਦਖਤਿਆਰੀ ਬਹਾਲ ਕਰਨ ਲਈ ਇਨ੍ਹਾਂ ਨੂੰ ਐਕਟਾਂ ਤੋਂ ਮੁਕਤ ਕਰਨ ਦੀ ਗੱਲ ਕੀਤੀ ਗਈ। ਦੂਜੇ ਮਤੇ ਵਿੱਚ ਆਗਾਮੀ ਗੁਰਦੁਆਰਾ ਚੋਣਾਂ ਸੁਧਾਰਵਾਦੀ ਏਜੰਡੇ ਅਨੁਸਾਰ ਗੈਰ-ਰਾਜਨੀਤਿਕ ਪੱਧਰ ’ਤੇ ਸਿੱਧੇ ਮੁਕਾਬਲੇ ਯਕੀਨੀ ਬਣਾ ਕੇ ਲੜਨ ਬਾਰੇ ਪੰਥਕ ਧਿਰਾਂ ਨੂੰ ਏਕਤਾ ਕਰਨ ਦੀ ਅਪੀਲ ਕੀਤੀ ਗਈ ਹੈ। ਤੀਜੇ ਮਤੇ ’ਤੇ ਸਿੱਖ ਧਾਰਮਿਕ ਮਸਲਿਆਂ ਵਿੱਚ ਦਖ਼ਲ ਦੇਣ ’ਤੇ ਸਰਕਾਰ ਦੀ ਨਿੰਦਾ ਕੀਤੀ ਗਈ ਤੇ ਐਕਟ ਵਾਪਸ ਲੈਣ ਲਈ ਕਿਹਾ ਗਿਆ। ਸ਼੍ਰੋਮਣੀ ਕਮੇਟੀ ਨੂੰ ਆਪਣੇ ਚੈਨਲ ਚਲਾਉਣ ਅਤੇ ਪੰਥਕ ਮੀਡੀਆਤੰਤਰ ਖੜ੍ਹਾ ਕਰਨ ਦੀ ਅਪੀਲ ਵੀ ਕੀਤੀ ਗਈ।

ਇਸ ਸਮੇਂ ਜਥੇਦਾਰ ਖਾਲਸਾ ਨੇ ਬੀਬੀ ਕਿਰਨਜੋਤ ਕੌਰ, ਹਰਸਿਮਰਨ ਸਿੰਘ ,ਗੁਰਬਚਨ ਸਿੰਘ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਵਿਚਾਰ ਗੋਸ਼ਟੀ ਵਿੱਚ ਪ੍ਰਿੰ. ਮਨਜਿੰਦਰ ਕੌਰ, ਡਾ. ਇੰਦਰਜੀਤ ਸਿੰਘ ਵਾਸੂ, ਸੁਰਿੰਦਰ ਪਾਲ ਸਿੰਘ ਗੋਲਡੀ,ਗੁਰਪ੍ਰੀਤ ਸਿੰਘ, ਤੇਜਿੰਦਰਪਾਲ ਸਿੰਘ, ਮਨਜੀਤ ਸਿੰਘ ਮੋਹਾਲੀ, ਕਰਤਾਰ ਸਿੰਘ ਕੋਛੜ, ਸ. ਸਤਿੰਦਰ ਸਿੰਘ ਫਿਰੋਜ਼ਪੁਰ, ਸ. ਗੁਰਸ਼ਰਨ ਸਿੰਘ ਦਿੱਲੀ ਅਤੇ ਵੱਡੀ ਗਿਣਤੀ ਵਿਚ ਬੁੱਧੀਜੀਵੀ ਹਾਜ਼ਰ ਸਨ। ਸ. ਹਰਪ੍ਰੀਤ ਸਿੰਘ ਗੁਰਸਾਖੀ ਨੇ ਸਟੇਜ ਸਕੱਤਰ ਦੀ ਸੇਵਾ ਬਾਖ਼ੂਬੀ ਨਿਭਾਈ।

***

## ਨਿੱਝਰ ਦੇ ਸਮਰਥਕਾਂ ਨੇ ਭਾਰਤੀ ਕੌਂਸਲੇਟ

ਕੈਮਲੂਪਸ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਸਾਈਟ ’ਤੇ ਸ਼ੱਕੀ ਅਣਗਿਣਤ ਕਬਰਾਂ ਦੀ ਖੋਜ ਤੋਂ ਬਾਅਦ ਫਸਟ ਨੇਸ਼ਨ ਸਮੂਹਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰਨ ਲਈ 2021 ਵਿੱਚ ਕਮਲੂਪਸ ਦੀ ਯਾਤਰਾ ਕਰਨਾ ਸ਼ਾਮਲ ਹੈ। ਸ਼ਨੀਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਜਿਆਦਾਤਰ ਕੇਸਰੀ ਬਸੰਤੀ ਪੱਗਾਂ ਬੰਨ੍ਹੀਆਂ ਹੋਈਆਂ ਸਨ ਅਤੇ ਖਾਲਿਸਤਾਨ ਸ਼ਬਦ ਨੂੰ ਪ੍ਰਦਰਸ਼ਿਤ ਕਰਨ ਵਾਲੇ ਵੱਡੇ ਪੀਲੇ ਝੰਡੇ ਲੈ ਕੇ ਉੱਚੀ ਆਵਾਜ਼ ਵਿੱਚ ਜੈਕਾਰੇ ਲਗਾ ਰਹੇ ਸਨ। ਇਸ ਦੌਰਾਨ ਉਹਨਾਂ ਭਾਰਤੀ ਰਾਸ਼ਟਰੀ ਝੰਡੇ ਦਾ ਅਪਮਾਨ ਵੀ ਕੀਤਾ ਗਿਆ। ਭੀੜ ਵਿੱਚ ਸਿੱਖ ਭਾਈਚਾਰੇ ਦੇ ਮੈਂਬਰ ਸ਼ਾਮਲ ਸਨ ਜਿਸ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਤੱਕ ਸ਼ਾਮਲ ਸਨ। ਇਹਨਾਂ ਵਿਚੋਂ ਕਈ ਐਡਮਿੰਟਨ, ਟੋਰਾਂਟੋ ਅਤੇ ਮਾਂਟਰੀਅਲ ਵਰਗੇ ਸ਼ਹਿਰਾਂ ਤੋਂ ਆਏ ਸਨ। ਸਿੱਖਸ ਫਾਰ ਜਸਟਿਸ ਦੇ ਇੱਕ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਦੇ ਹੁੰਗਾਰੇ ਤੋਂ ਪ੍ਰਭਾਵਿਤ ਹੈ,। ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਵਿਰੋਧ ਨਾ ਸਿਰਫ਼ ਨਿੱਝਰ ਦੀ ਮੌਤ, ਸਗੋਂ ਘਰੇਲੂ ਧਰਤੀ ’ਤੇ ਵਿਦੇਸ਼ੀ ਦਖਲਅੰਦਾਜ਼ੀ ਦੀ ਸੰਭਾਵਨਾ ਬਾਰੇ ਵੀ ਕੈਨੇਡੀਅਨਾਂ ਦੀਆਂ ਅੱਖਾਂ ਖੋਲ੍ਹੇਗਾ।

×××

## ਹੁਣ ਰੂਸ ’ਚ ਪੁਤਿਨ ਦਾ ਤਖ਼ਤ ਪਲਟਣ

ਹਾਲ ਹੀ ਦੇ ਮਹੀਨਿਆਂ ਵਿੱਚ ਪ੍ਰਿਗੋਜ਼ਿਨ ਨੇ ਵਾਰ-ਵਾਰ ਰੂਸ ਦੇ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਅਤੇ ਯੂਕਰੇਨ ਫੌਜ ਦੇ ਮੁਖੀ ਵੈਲੇਰੀ ਗੇਰਾਸਿਮੋਵ ਉੱਤੇ ਅਯੋਗਤਾ ਅਤੇ ਯੂਕਰੇਨ ਵਿੱਚ ਲੜ ਰਹੇ ਵਾਗਨਰ ਗਰੁੱਪ ਨੂੰ ਜਾਣਬੁਝ ਕੇ ਘੱਟ ਸਪਲਾਈ ਕਰਨ ਦਾ ਇਲਜ਼ਾਮ ਲਗਾਇਆ ਹਸੀ। ਗਰੁੱਪ ਨੇ ਇਹ ਦੋਸ਼ ਵੀ ਲਗਾਇਆ ਕਿ ਰੂਸੀ ਫ਼ੌਜ ਨੇ ਯੂਕਰੇਨ ਵਿੱਚ ਉਸ ਦੇ ਇਕ ਟਿਕਾਣੇ ’ਤੇ ਹਮਲਾ ਕੀਤਾ, ਰੂਸੀ ਫ਼ੌਜ ਨੇ ਇਸ ਦੋਸ਼ ਨੂੰ ਬੇਬੁਨਿਆਦ ਦੱਸਿਆ ਸੀ।

ਵੈਗਨਰ ਗਰੁੱਪ ਦੇ ਬਾਨੀ ਪ੍ਰਿਗੋਜ਼ਿਨ ਨੂੰ ਸੋਵੀਅਤ ਯੂਨੀਅਨ ਦੇ ਸਮਿਆਂ ਵਿੱਚ 1981 ਵਿੱਚ ਡਾਕਾ ਤੇ ਠੱਗੀ ਮਾਰਨ ਦੇ ਦੋਸ਼ ਵਿੱਚ 12 ਸਾਲ ਕੈਦ ਦੀ ਸਜ਼ਾ ਹੋਈ ਸੀ। ਉਸ ਨੂੰ 1988 ਵਿੱਚ ਮੁਆਫ਼ੀ ਦਿੱਤੀ ਗਈ ਅਤੇ 1990 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਉਸ ਨੇ ਪਰਚੂਨ ਦੀਆਂ ਹੱਟੀਆਂ ਤੇ ਰੈਸਤਰਾਂ ਖੋਲ੍ਹੇ ਅਤੇ ਵੱਡਾ ਕਾਰੋਬਾਰੀ ਬਣ ਗਿਆ ਸੀ। ਉਹ ਵਲਾਦੀਮੀਰ ਪੂਤਿਨ ਦਾ ਨਜ਼ਦੀਕੀ ਬਣਿਆ ਅਤੇ ਉਸ ਨੂੰ ਰੂਸੀ ਫ਼ੌਜ ਤੋਂ ਵੱਡੇ ਠੇਕੇ ਮਿਲੇ। 2014 ਵਿੱਚ ਉਹ ਨੀਮ-ਫ਼ੌਜੀ ਦਸਤੇ ਬਣਾਉਣ ਦੇ ਕਾਰੋਬਾਰ ਵਿੱਚ ਆਇਆ ਤੇ ਕੁਝ ਸਾਲਾਂ ਵਿੱਚ ਹੀ ਅਤਿਅੰਤ ਤਾਕਤਵਰ ਕਾਰੋਬਾਰੀ ਬਣ ਗਿਆ। ਉਸ ਦੇ ਨੀਮ-ਫ਼ੌਜੀ ਦਸਤਿਆਂ ਨੇ 2008 ਵਿੱਚ ਸੀਰੀਆ ਵਿੱਚ ਕੁਰਦ ਬਾਗ਼ੀਆਂ ਜਿਨ੍ਹਾਂ ਨੂੰ ਅਮਰੀਕਾ ਦੀ ਹਮਾਇਤ ਹਾਸਲ ਸੀ, ’ਤੇ ਕਈ ਹਮਲੇ ਕੀਤੇ। ਇਸ ਤੋਂ ਉਸ ਦੀ ਫ਼ੌਜੀ ਤਾਕਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪ੍ਰਿਗੋਜ਼ਿਨ ਅਨੁਸਾਰ ਉਸ ਦਾ ਨਿਸ਼ਾਨਾ ਰੂਸ ਦੇ ਰੱਖਿਆ ਮੰਤਰਾਲੇ ਵਿੱਚ ਤਬਦੀਲੀਆਂ ਕਰਾਉਣਾ ਹੈ। ਹਾਲ ਦੀ ਘੜੀ ਸ਼ਨਿੱਚਰਵਾਰ ਬਣੀ ਗ੍ਰਹਿ ਯੁੱਧ ਵਰਗੀ ਸਥਿਤੀ ਤਾਂ ਟਲ ਗਈ ਹੈ ਪਰ ਅੰਦਰੂਨੀ ਜਮਹੂਰੀਅਤ ਨੂੰ ਢਾਹ ਲਾਉਣ ਵਾਲੀਆਂ ਪੂਤਿਨ ਦੀਆਂ ਨੀਤੀਆਂ ਨੇ ਰੂਸ ਨੂੰ ਵੱਡੀ ਮੁਸ਼ਕਿਲ ਵਿੱਚ ਪਾ ਦਿੱਤਾ ਹੈ। ਇਹ ਹਾਲਾਤ ਅਮਰੀਕਾ, ਯੂਰੋਪ ਦੇ ਦੇਸ਼ਾਂ ਅਤੇ ਯੂਕਰੇਨ ਲਈ ਬੜੇ ਸਾਜ਼ਗਰ ਹਨ; ਅਮਰੀਕਾ ਰੂਸ ਨੂੰ ਤਬਾਹ ਤੇ ਪੂਤਿਨ ਨੂੰ ਸੱਤਾ ਤੋਂ ਬਾਹਰ ਕਰਨ ਲਈ ਟਿੱਲ ਲਾ ਰਿਹਾ ਹੈ

ਵੈਗਨਰ ਗਰੁੱਪ ਦੀ ਬਗਾਵਤ ਅਸਫਲ ਹੋਣ ਤੋਂ ਇਕ ਦਿਨ ਬਾਅਦ ਰੂਸ ਦੇ ਸੀਨੀਅਰ ਰਾਜਦੂਤ ਆਂਦਰੇਈ ਰੁਡੈਨਕੋ ਚੀਨ ਸਰਕਾਰ ਨਾਲ ਗੱਲਬਾਤ ਕਰਨ ਪੇਈਚਿੰਗ ਪੁੱਜੇ। ਰੂਸੀ ਉਪ ਵਿਦੇਸ਼ ਮੰਤਰੀ ਰੁਡੈਨਕੋ ਨੇ ਚੀਨੀ ਵਿਦੇਸ਼ ਮੰਤਰੀ ਸ਼ਿਨ ਕਾਂਗ ਨਾਲ ਮੁਲਾਕਾਤ ਕਰਕੇ ‘ਸਾਂਝੇ ਹਿੱਤਾਂ ਵਾਲੇ ਅੰਤਰਰਾਸ਼ਟਰੀ ਅਤੇ ਸਥਾਨਕ ਮੁਦਿਆਂ’ ’ਤੇ ਚਰਚਾ ਕੀਤੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਆਪਣੀ ਵੈੱਬਸਾਈਟ ’ਤੇ ਇਕ ਬਿਆਨ ’ਚ ਇਹ ਜਾਣਕਾਰੀ ਦਿੱਤੀ। ਰੂਸ ਅਤੇ ਚੀਨ ਰਸਮੀ ਤੌਰ ’ਤੇ ਸਹਿਯੋਗੀ ਨਹੀਂ ਹਨ ਪਰ ਯੂਕ੍ਰੇਨ ’ਤੇ ਰੂਸੀ ਹਮਲੇ ਦੇ ਬਾਅਦ ਤੋਂ ਹੀ ਮਾਸਕੋ ਨਾਲ ਪੇਈਚਿੰਗ ਨੇ ਨਜ਼ਦੀਕੀ ਸਬੰਧ ਕਾਇਮ ਕੀਤੇ ਹੋਏ ਹਨ। ਚੀਨ ਯੂਕ੍ਰੇਨ ’ਤੇ ਰੂਸ ਦੇ ਹਮਲੇ ਦੀ ਨਿੰਦਾ ਕਰਨ ਤੋਂ ਇਨਕਾਰ ਕਰ ਚੁੱਕਾ ਹੈ।

***

## ਗੁਰੂ ਖ਼ਾਲਸਾ ਪੰਥ ਵਿੱਚ 100 ਸਾਲ ਬਾਅਦ

ਸਿੱਖ ਯੂਥ ਆਫ ਅਮਰੀਕਾ, ਗੁਰਦੁਆਰਾ ਸਿੰਘ ਸਭਾ ਗਲੈਨਰੌਕ ਨਿਊਜਰਸੀ, ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ, ਫਿਲਿਡੈਲਫੀਆ ਸਿੱਖ ਸੁਸਾਇਟੀ, ਗੁਰਦੁਆਰਾ ਸਾਹਿਬ ਫਰੀਮੌਂਟ, ਫਰੀ ਅਕਾਲ ਤਖਤ ਮੂਵਮੈਂਟ, ਸਿੱਖ ਰਿਸਰਚ ਇੰਸੀਟਿਊਟ, ਸਿੱਖ ਫੈਡਰੇਸ਼ਨ ਯੂ.ਕੇ., ਸਿੱਖ ਸੰਗਤ ਆਫ ਵਿਕਟੋਰੀਆ (ਆਸਟ੍ਰੇਲੀਆ), ਸਿਡਨੀ ਸਿੱਖ ਸੰਗਤ, ਸਿੱਖ ਸੇਵਕ ਜਥਾ ਪਰਥ, ਪੈਰਿਸ ਸਿੱਖ ਸੰਗਤ, ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ., ਪੰਚ ਪ੍ਰਧਾਨੀ ਯੂ.ਕੇ., ਨੈਸ਼ਨਲ ਸਿੱਖ ਫੈਡਰੇਸ਼ਨ ਯੂ.ਕੇ., ਐਡੀਲੇਡ ਸਿੱਖ ਸੰਗਤ, ਵਿੰਡਸਰ ਸਿੱਖ ਪੰਥਕ ਜਥਾ ਅਤੇ ਬ੍ਰਿਸਬੇਨ ਸਿੱਖ ਸੰਗਤ, ਬੱਬਰ ਖਾਲਸਾ ਫਰਾਂਸ ਅਤੇ ਵਰਲਡ ਸਿੱਖ ਪਾਰਲੀਮੈਂਟ ਫਰਾਂਚ ਚੈਪਟਰ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕਰਕੇ ਆਪਣੇ ਵਿਚਾਰ ਪੰਜ ਸਿੰਘਾਂ ਅੱਗੇ ਰੱਖੇ ਹਨ। ਇਸ ਮੌਕੇ ਸਮਾਪਤੀ ਉਪਰੰਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਵਨ ਅੰਗ 739 ਤੋਂ ਹੁਕਮਨਾਮਾ ਬਖ਼ਸ਼ਿਸ਼ ਕੀਤਾ :

ਸੂਹੀ ਮਹਲਾ ੫ ॥
ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥
ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥
ਓਇ ਸਾਜਨ ਓਇ ਮੀਤ ਪਿਆਰੇ ॥
ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ ਰਹਾਉ॥
ਜਾ ਕਾ ਸਬਦੁ ਸੁਨਤ ਸੁਖ ਸਾਰੇ ॥
ਜਾ ਕੀ ਟਹਲ ਜਮਦੂਤ ਬਿਦਾਰੇ ॥੨॥
ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥
ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥
ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥
ਸਰਣਿ ਨਾਨਕ ਤਿਨ੍ਹ ਸਦ ਬਲਿਹਾਰੇ ॥੪॥੭॥੧੩॥

## ਅੱਧੀ ਸਦੀ ਦਾ ਵਕਤ

ਮੇਰੇ ਨਾਲ ਨਾਲ ਜਿਹੜੀਆਂ ਹੋਰ ਔਰਤਾਂ ਉਧਾਲੀਆਂ ਗਈਆਂ ਸਨ ਉਹਨਾਂ ਨੂੰ ਧਾੜਵੀਆਂ ਨੇ ਏਸ ਤਰ੍ਹਾਂ ਆਪਸ ਵਿੱਚ ਵੰਡ ਲਿਆ ਜਿਵੇਂ ਉਹ ਬੇਰੀਆਂ ਤੋਂ ਬੇਰ ਤੋੜ ਕੇ ਲਿਆਏ ਹੋਣ। ਤੈਨੂੰ ਲਾਜੋ ਤੇ ਰਾਣੀ ਯਾਦ ਹੋਣਗੀਆਂ — ਲਾਲਾ ਫ਼ਕੀਰ ਚੰਦ ਦੀਆਂ ਕੁੜੀਆਂ। ਮੇਰੇ ਵੇਖਦੇ ਵੇਖਦੇ ਉਹਨਾਂ ਨੇ ਇਕ ਖੂਹ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਸੀ। ਮੈਂ ਵੀ ਇਵੇਂ ਕਰਨਾ ਚਾਹੁੰਦੀ ਸੀ ਪਰ ਸੁੱਖੇ ਦਾ ਧਿਆਨ ਕਰ ਕੇ ਮੈਂ ਅਜਿਹਾ ਨਾ ਕੀਤਾ। ਧਾੜਵੀਆਂ ਦਾ ਇੱਕ ਟੋਲਾ ਕੁਝ ਔਰਤਾਂ ਨੂੰ ਲਈ ਕਿਸੇ ਦੂਜੇ ਪਿੰਡ ਵਲ ਚਲਿਆ ਗਿਆ ਸੀ। ਸੁੱਖੋ ਵੀ ਉਹਨਾਂ ਵਿੱਚ ਸੀ। ਮੈਨੂੰ ਪਤਾ ਨਹੀਂ ਉਹਦੇ ਨਾਲ ਕੀ ਬੀਤੀ। ਪਰ ਕੁਝ ਦਿਨਾਂ ਬਾਅਦ ਮੈਨੂੰ ਪਤਾ ਲੱਗ ਗਿਆ ਸੀ ਕਿ ਭਾਰਤੀ ਫ਼ੌਜ ਉਸ ਨੂੰ ਲੱਭ ਕੇ ਬਹੁਤ ਸਾਰੀਆਂ ਅਭਾਗਣਾਂ ਨਾਲ ਸਰਹੱਦ ਦੇ ਉਸ ਪਾਰ ਲੈ ਗਈ ਹੈ।

**ਕੀ ਫ਼ੌਜ ਦੇ ਲੋਕ ਤੈਨੂੰ ਲੱਭ ਨਾ ਸਕੇ ?**

ਫ਼ੌਜ ਸਾਡੇ ਪਿੰਡ ਵਿੱਚ ਵੀ ਆਈ ਸੀ — ਪਰ ਜਾਣ ਬੁੱਝ ਕੇ ਮੈਂ ਇਕ ਹਨੇਰੀ ਕੋਠੜੀ ਵਿੱਚ ਲੁਕ ਗਈ ਸੀ। ਮੇਰੀਆਂ ਅੱਖਾਂ ਉਸ 'ਤੇ ਟਿਕ ਗਈਆਂ ਸਨ।

ਵੀਰਾ, ਮੇਰੇ ਨਾਲ ਵੀ ਕੋਈ ਘਟ ਅਨਹੋਣੀ ਨਹੀਂ ਹੋਈ। ਭਗਵੰਤ ਦੀਆਂ ਅੱਖਾਂ 'ਚ ਇਕਦਮ ਸੁੰਨ ਵਰਤ ਗਈ।

ਧਾੜਵੀ ਜਦੋਂ ਮੈਨੂੰ ਲਈ ਪਿੰਡ ਵਿੱਚ ਆਏ ਤਾਂ ਆਪਸ ਵਿੱਚ ਲੜਨ ਲਗ ਪਏ। ਜਦੋਂ ਏਸ ਗੱਲ ਦਾ ਪਤਾ ਅਮਜਦ ਨੂੰ ਲੱਗਿਆ ਤਾਂ ਉਹ ਪਿੰਡ ਦੇ ਕੁਝ ਬੰਦਿਆਂ ਨਾਲ ਓਥੇ ਆ ਗਿਆ। ਉਹਨਾਂ ਵਿੱਚ ਪਿੰਡ ਦਾ ਮੌਲਵੀ ਵੀ ਸੀ। ਉਹ ਬੋਲਿਆ ਅੱਲ੍ਹਾ ਦੇ ਵਾਸਤੇ ਏਸ ਬੱਚੀ 'ਤੇ ਜ਼ੁਲਮ ਨਾ ਕਰੋ, ਖ਼ੁਦਾ ਤੁਹਾਨੂੰ ਕਦੇ ਮਾਫ਼ ਨਾ ਕਰੇਗਾ। ਤੁਹਾਡੇ 'ਚੋਂ ਕੋਈ ਇਕ ਇਸ ਲੜਕੀ ਨਾਲ ਨਿਕਾਹ ਕਰ ਲਵੇ। ਉਹ ਮੌਲਵੀ ਦੀ ਗੱਲ ਸੁਣ ਕੇ ਸੋਚਾਂ 'ਚ ਪੈ ਗਏ। ਓਸੇ ਵੇਲੇ ਅਮਜਦ ਨੇ ਅੱਗੇ ਹੋ ਕੇ ਕਿਹਾ, ਮੌਲਵੀ ਸਾਹਿਬ ਮੈਂ ਏਸ ਕੁੜੀ ਨਾਲ ਨਿਕਾਹ ਕਰਨ ਲਈ ਤਿਆਰ ਹਾਂ। ਪਿਛਲੇ ਸਾਲ ਹੀ ਮੇਰੀ ਘਰ ਵਾਲੀ ਦੀ ਮੌਤ ਹੋ ਗਈ ਸੀ। ਮੈਂ ਪੂਰੀ ਦਿਆਨਤਦਾਰੀ ਨਾਲ ਏਸ ਨੂੰ ਆਪਣੀ ਬੀਵੀ ਦਾ ਦਰਜਾ ਦੇਵਾਂਗਾ।

ਪਿੰਡ ਦੇ ਲੋਕਾਂ ਤੇ ਮੌਲਵੀ ਦਾ ਰੁਖ ਦੇਖ ਕੇ ਧਾੜਵੀ ਖੂਨ ਦਾ ਘੁੱਟ ਪੀ ਕੇ ਰਹਿ ਗਏ। ਪਿੰਡ ਦਾ ਨੰਬਰਦਾਰ ਮੈਨੂੰ ਆਪਣੀ ਧੀ ਬਣਾਅ ਕੇ ਆਪਣੇ ਘਰ ਲੈ ਗਿਆ। ਤਿੰਨ ਚਾਰ ਦਿਨਾਂ ਬਾਅਦ ਮੈਨੂੰ ਕਲਮਾ ਪੜ੍ਹਾਇਆ ਗਿਆ ਤੇ ਅਮਜਦ ਨਾਲ ਮੇਰਾ ਨਿਕਾਹ ਕਰ ਦਿੱਤਾ ਗਿਆ। ਜਿਸ ਵੇਲੇ ਫ਼ੌਜ ਸਾਡੇ ਪਿੰਡ ਜਬਰਨ ਲਿਆਈਆਂ ਕੁੜੀਆਂ ਲੱਭਣ ਆਈ ਤਾਂ ਹਸਨ ਮੇਰੀ ਕੁੱਖ ਵਿੱਚ ਆ ਚੁੱਕਿਆ ਸੀ। ਮੈਂ ਇਹ ਮੰਨ ਲਿਆ ਸੀ ਕਿ ਹੁਣ ਅਮਜਦ ਹੀ ਮੇਰਾ ਪਤੀ ਹੈ ਇਹ ਘਰ ਮੇਰਾ ਘਰ ਹੈ।

ਮੇਰੇ ਸਾਹਮਣੇ ਇਨਸਾਨੀਅਤ ਦੀ ਇਕ ਪੂਰੀ ਕਹਾਣੀ ਪੋਲੇ ਪੋਲੇ ਪੈਰ ਰੱਖਦੀ ਤੁਰੀ ਜਾ ਰਹੀ ਸੀ। ਇਹਦੇ ਵਿੱਚ ਕੋਈ ਖੜਕਾ ਨਹੀਂ ਸੀ — ਕੋਈ ਪੈੜ ਚਾਲ ਵੀ ਨਹੀਂ ਸੀ ਸੁਣਦੀ — ਹਵਾ ਦੀ ਸਰ ਸਰ ਵੀ ਨਹੀਂ ਸੀ। ਸਭ ਕੁਝ ਬਹੁਤ ਹੀ ਚੁੱਪ ਚਾਪ ਵਰਤ ਰਿਹਾ ਸੀ।

ਭਗਵੰਤ ਆਪਣੇ ਗੋਡਿਆਂ 'ਤੇ ਹੱਥ ਰੱਖ ਮੰਜੀ ਤੋਂ ਉਤਰੀ। ਉਹਦੇ ਮੂੰਹੋਂ ਨਿਕਲਿਆ ਹੇ ਵਾਹਿਗੁਰੂ।

ਜਦੋਂ ਵਾਪਸ ਆ ਕੇ ਮੰਜੀ 'ਤੇ ਬੈਠੀ, ਉਸਦੇ ਮੂੰਹ 'ਚੋਂ ਨਿਕਲਿਆ ਵਾਹਿਗੁਰੂ।

ਅਮਜਦ ਨੇ ਤੇਰਾ ਸਾਥ ਕਿਵੇਂ ਨਿਭਾਇਆ ?

ਉਹ ਬਹੁਤ ਚੰਗਾ ਇਨਸਾਨ ਸੀ ਪੱਕਾ ਨਮਾਜ਼ੀ ਤੇ ਖ਼ੁਦਾ ਪ੍ਰਸਤ। ਕਲਮਾ ਪੜ੍ਹਨ ਤੋਂ ਬਾਅਦ ਮੇਰਾ ਨਾਂ ਮਦੀਹਾ ਰੱਖ ਦਿੱਤਾ ਗਿਆ ਸੀ ਪਰ ਅਮਜਦ ਮੈਨੂੰ ਭਗਵੰਤ ਕਹਿ ਕੇ ਬੁਲਾਉਂਦਾ ਸੀ। ਉਸਨੇ ਮੈਨੂੰ ਕਦੇ ਵੀ ਕਿਸੇ ਗੱਲੋਂ ਮਜਬੂਰ ਨਾ ਕੀਤਾ। ਇਕ ਵਾਰੀ ਤਾਂ ਉਸ ਮੈਨੂੰ ਇਹ ਵੀ ਕਿਹਾ ਸੀ ਜੇ ਤੇਰਾ ਮਨ ਪਾਠ ਕਰਨ 'ਚ ਲਗਦਾ ਹੈ ਤਾਂ ਮੈਂ ਤੈਨੂੰ ਗੁਰਬਾਣੀ ਦਾ ਇਕ ਗੁਟਕਾ ਲਿਆ ਦੇਵਾਂਗਾ।

ਕੁਝ ਸਮੇਂ ਬਾਅਦ ਹਸਨ ਆ ਗਿਆ। ਫ਼ਾਤਿਮਾ ਨੇ ਖਾਣਾ ਤਿਆਰ ਕਰ ਦਿੱਤਾ ਸੀ। ਅਸੀਂ ਸਾਰਿਆਂ ਦਸਤਰਖਾਨ 'ਤੇ ਬੈਠ ਕੇ ਇਕੱਠਿਆਂ ਰੋਟੀ ਖਾਧੀ। ਫ਼ਾਤਿਮਾ ਨੇ ਮਟਰ ਪੁਲਾਅ ਬਣਾਇਆ ਸੀ। ਮਸਰ ਦੀ ਦਾਲ ਤੇ ਆਲੂਕੋਰਮੇ ਦੀ ਸਬਜ਼ੀ ਵੀ ਬੜੀ ਸਵਾਦੀ ਸੀ। ਉਹ ਬੋਲੀ, ਮਾਮਾ ਜੀ, ਮੈਂ ਬਾਜਰੇ ਦੀ ਰੋਟੀ ਖਾਸ ਤੁਹਾਡੇ ਲਈ ਬਣਾਈ ਹੈ। ਬਾਜਰੇ ਦਾ ਆਟਾ ਮੈਂ ਦੁੱਧ ਵਿੱਚ ਗੁੰਨ੍ਹਿਆ ਹੈ। ਤੁਸੀਂ ਬਾਜਰਾ ਖਾਂਦੇ ਹੋ ਨਾ ? ਮੈਂ ਕੇਵਲ ਏਨਾ ਹੀ ਬੋਲ ਸਕਿਆ, ਤੂੰ ਜੋ ਖਵਾਏਂਗੀ ਮੈਂ ਖਾ ਲਵਾਂਗਾ ਗੁੜੀ ਤੋਂ ਬਾਅਦ, ਪਿਸਤੇ-ਬਦਾਮ ਵਾਲੀ ਖੀਰ ਖਾ ਜਦੋਂ ਅਸੀਂ ਉਠੇ ਤਾਂ ਰਾਤ ਦੇ ਗਿਆਰਾਂ ਵੱਜ ਚੁੱਕੇ ਸਨ ਭਗਵੰਤ ਨੇ ਮੈਨੂੰ ਭਰੀਆਂ ਅੱਖਾਂ ਨਾਲ ਵੇਖਿਆ ਤੇ ਆਪਣੇ ਦੋਵਾਂ ਹੱਥਾਂ 'ਚ ਮੇਰਾ ਹੱਥ ਫੜ ਕੇ ਬੋਲੀ ਵੀਰ ਵਾਅਦਾ ਕਰ ਜਦੋਂ ਵੀ ਲਾਹੌਰ ਆਉਗੇ ਆਪਣੀ ਇਸ ਭੈਣ ਨੂੰ ਜ਼ਰੂਰ ਮਿਲੋਗੇ।

ਮੈਂ ਕੁਝ ਬੋਲਿਆ ਨਹੀਂ। ਗਲਾ ਤੇ ਅੱਖਾਂ ਦੋਵੇਂ ਹੀ ਮੈਨੂੰ ਬੇਵੱਸ ਕਰ ਰਹੇ ਸਨ। ਕੁਝ ਹੀ ਘੰਟਿਆਂ 'ਚ ਪੂਰੀ ਅੱਧੀ ਸਦੀ ਮੇਰੇ ਅੱਗਿਉਂ ਨਿਕਲ ਗਈ ਸੀ। ਅਠਾਰਾਂ ਸਾਲਾਂ ਦੀ ਭਗਵੰਤ ਦਾ ਝੁਰੜੀਆਂ ਨਾਲ ਭਰਿਆ ਚਿਹਰਾ ਮੇਰੇ ਸਾਹਮਣੇ ਸੀ।

***

## ਪੰਕਜ ਦੀ ਬੁਰੀ ਆਦਤ

ਅਧਿਆਪਕ ਨੂੰ ਅਚਾਨਕ ਹੀ ਮਿਲੇ ਤਾਂ ਪੰਕਜ ਦੇ ਅਧਿਆਪਕ ਨੇ ਉਨ੍ਹਾਂ ਕੋਲੋਂ ਪੁੱਛਿਆ , 'ਹੁਣ ਅੱਜ-ਕੱਲ੍ਹ ਪੰਕਜ ਕੀ ਕਰਦਾ ਹੈ ?' ਇਹ ਸੁਣ ਕੇ ਪੰਕਜ ਦੇ ਮਾਤਾ - ਪਿਤਾ ਦਾ ਸਿਰ ਨਮੋਸ਼ੀ ਨਾਲ ਝੁਕ ਗਿਆ। ਬੜੀ ਸ਼ਰਮਿੰਦਗੀ ਨਾਲ ਉਨ੍ਹਾਂ ਨੇ ਪੰਕਜ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਨੂੰ ਕਿਹਾ, 'ਕੀ ਦੱਸੀਏ ਮਾਸਟਰ ਜੀ ! ਪੰਕਜ ਚੋਰੀ ਕਰਨ ਕਰਕੇ ਹੁਣ ਜੇਲ੍ਹ ਵਿੱਚ ਸਜ਼ਾ ਭੁਗਤ ਰਿਹਾ ਹੈ। ਕਾਸ਼ ! ਅਸੀਂ ਸਮੇਂ ਸਿਰ ਤੁਹਾਡੀ ਦੱਸੀ ਗੱਲ ਨੂੰ ਸਮਝ ਲੈਂਦੇ ਤੇ ਆਪਣੇ ਪੁੱਤਰ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਤਾਂ...।' ਇਹ ਸੁਣ ਕੇ ਸ਼ਰਮਿੰਦਗੀ ਨਾਲ ਹੁਣ ਪੰਕਜ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਦੀ ਗਰਦਨ ਵੀ ਝੁਕ ਗਈ।

**ਸਿੱਖਿਆ** :- ਸਾਨੂੰ ਬਚਪਨ ਤੋਂ ਹੀ ਬੁਰੀਆਂ ਆਦਤਾਂ ਤੋਂ ਹਮੇਸ਼ਾ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਸਕੂਲ - ਅਧਿਆਪਕਾਂ ਦੀ ਸਲਾਹ ਅਤੇ ਦੱਸੀ ਗੱਲ ਨੂੰ ਧਿਆਨ ਨਾਲ ਸੁਣਨਾ ਅਤੇ ਸਮਝਣਾ ਚਾਹੀਦਾ ਹੈ ; ਕਿਉਂਕਿ ਅਧਿਆਪਕ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਦਾ ਭਲਾ ਹੀ ਚਾਹੁੰਦੇ ਹੁੰਦੇ ਹਨ।

***

## ਗੁਰੂ ਗ੍ਰੰਥ ਸਾਹਿਬ ਤੇ ਕੀ ਰਤਨ ਦੇ ਸਤਿਕਾਰ ਦਾ ਮਸਲਾ

ਨਾਮ ਦੇ ਸਰੋਵਰ 'ਚ ਇਸ਼ਨਾਨ ਕਰਨ ਲਈ ਆਈ ਹਾਂ।

ਦੀਵਾਨ ਕਹਿਣ ਲੱਗਾ, ਪਰ ਮਾਤਾ! ਖਾਲਸੇ ਲਈ ਗੁਰੂ-ਘਰ ਨੂੰ ਖੋਲ੍ਹਣਾ ਗੱਦਾਰੀ ਐਲਾਨਿਆ ਗਿਆ ਐ। ਜਿਹੜਾ ਵੀ ਗੁਰੂ-ਘਰ ਅੰਦਰ ਜਾਣ ਦਾ ਹੀਆ ਕਰੂ ਉਨ੍ਹਾਂ ਨੂੰ ਮਾਰਨ ਲਈ ਰਾਜ ਦੀਆਂ ਫੌਜਾਂ ਏਥੇ ਪਹੁੰਚੀਆਂ ਹਨ। ਅੱਜ ਏਥੇ ਖਾਲਸੇ ਦੀ ਵੱਡੀ ਕਤਲੋਗਾਰਤ ਹੋਵੇਗੀ। ਭਲਿਆ, ਇਹ ਕੋਈ ਮਾਅਨੇ ਨਹੀਂ ਰੱਖਦਾ। ਜੇ ਮੇਰਾ ਲਹੂ ਅੰਮ੍ਰਿਤ ਸਰੋਵਰ ਦੇ ਜਲ ਵਿੱਚ ਰਲ ਜਾਵੇ, ਇਹ ਮੌਤ ਨਹੀਂ ਹੋਵੇਗੀ। ਮਾਤਾ ਨੇ ਬੇਪਰਵਾਹੀ ਵਿੱਚ ਜਵਾਬ ਦਿੱਤਾ।

ਆਪਣੇ ਮਾਸੂਮ ਬਾਲ 'ਤੇ ਤਰਸ ਕਰ। ਦੀਵਾਨ ਬੋਲਿਆ।

ਇਹ ਮੇਰਾ ਪਿਆਰਾ ਹੈ। ਇਸੇ ਲਈ ਤਾਂ ਨਾਲ ਲਿਆਈ ਹਾਂ, ਇਹ ਮੌਤ ਸਾਡੇ ਲਈ ਜ਼ਿੰਦਗੀ ਹੈ, ਤੂੰ ਨਹੀਂ ਜਾਣਦਾ। , ਮਾਤਾ ਬੋਲੀ ਤੇ ਲੰਘ ਗਈ।

ਰੂਹਾਨੀ ਤਲ ਤੋਂ ਹੇਠਾਂ ਡਿੱਗ ਕੇ ਸੰਸਾਰੀ ਸਹੂਲਤਾਂ ਦੇ ਤਲ 'ਤੇ ਜਾ ਕੇ ਧਰਮੀ ਤੇ ਨੇਮੀ ਬਣਨ ਦੀ ਲੋਚਾ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ ਹਰ ਸਿੱਖ ਜਾਣਦਾ ਹੈ ਕਿ ਬਿਨ ਮੰਗਿਆ ਗੁਰੂ ਦੇ ਸਕਦਾ ਹੈ ਸਰਕਾਰਾਂ ਜਾਂ ਵਪਾਰੀ ਨਹੀਂ। ਬਿਜਲ ਪਰਛਾਵੇਂ ਦਾ ਚਲਣ ਰਾਸ ਲੀਲਾ ਨੂੰ ਜਾਣ ਵਾਲਾ ਰਾਹ ਹੀ ਹੈ। ਇਹ ਪੰਜਾਬ ਦੇ ਸੂਬੇਦਾਰ ਦੀ ਕਾਹਲ ਦੀ ਦੇਣ ਹੈ ਕਿ ਉਹਨੇ ਅੰਡਾ ਲੈਣ ਦੀ ਥਾਂ ਮੁਰਗੀ ਮਾਰਨੀ ਚਾਹੀ ਤੇ ਸਾਡੀ ਨੀਂਦ ਖੁੱਲ੍ਹੀ। ਜੇ ਕੋਈ ਸਰਕਾਰ ਕਦੇ ਕੁਝ ਬਿਨਾ ਮੰਗੇ ਜਾਂ ਮਿਹਨਤ ਕਰੇ ਬਗੈਰ ਦੇਵੇ ਤਾਂ ਉਹ ਰਿਸ਼ਵਤ, ਲੁੱਟ ਜਾਂ ਬੇਈਮਾਨੀ ਹੀ ਹੁੰਦੀ ਹੈ। ਹਕੂਮਤ ਜਾਂ ਵਪਾਰੀ ਜਦੋਂ ਵੀ ਗੁਰੂ ਵਾਂਗ ਵਿਹਾਰ ਕਰਦੇ ਹਨ ਤਾਂ ਸਿੱਖ ਨੂੰ ਖ਼ਬਰਦਾਰ ਹੋਣਾ ਚਾਹੀਦਾ ਹੈ। ਅੱਜ ਸਰਕਾਰ ਤੁਹਾਡੇ ਹਰਿਮੰਦਰ ਦੇ ਕੀਰਤਨ 'ਤੇ ਰਾਜਨੀਤੀ ਕਰ ਰਹੀ ਹੈ ਅਤੇ ਕੱਲ੍ਹ ਨੂੰ ਉਹ ਕਬਜ਼ਾ ਕਰਨ ਤੱਕ ਜਾਵੇਗੀ ਪਰ ਇਹ ਰਾਹ ਸਿੱਖਾਂ ਨੇ ਖ਼ੁਦ ਖੋਲ੍ਹਿਆ ਹੈ। ਅਜੇ ਵੀ ਸੁਚੇਤ ਹੋਣ ਦਾ ਸਮਾਂ ਹੈ। ਰੂਹ ਦਾ ਸਬੰਧ ਰੂਹ ਨਾਲ ਹੀ ਰਹਿਣਾ ਚਾਹੀਦਾ ਹੈ। ਜਦੋਂ ਰੂਹ ਨੂੰ ਸਰੀਰ ਦੇ ਤਲ 'ਤੇ ਰੱਖੋਗੇ ਤਾਂ ਅਨਰਥ ਹੋਵੇਗਾ ਹੀ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦੀ ਆਤਮਾ ਹੈ ਤੇ ਕੀਰਤਨ ਆਤਮਿਕ ਖੁਰਾਕ। ਇਸ 'ਤੇ ਨਾ ਤਾਂ ਕਿਸੇ ਹਕੂਮਤ ਦਾ ਪੇਟੈਂਟ ਹੋਣਾ ਚਾਹੀਦਾ ਤੇ ਨਾ ਹੀ ਇਹ ਕਿਸੇ ਬਿਜਲਈ ਸਾਧਨ ਦੇ ਮੁਥਾਜ ਹੋਣਾ ਚਾਹੀਦਾ। ਸਮੁੱਚੇ ਪੰਥ ਨੂੰ ਭਵਿੱਖ ਦੀ ਭਿਆਨਕ ਆਹਟ ਮਹਿਸੂਸ ਕਰਨ ਦਾ ਸਮਾਂ ਹੈ।

***

## ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ

ਕੈਨੇਡਾ ਲਈ ਦੌਲਤ ਪੈਦਾ ਕਰਨ ਲਈ ਸਿਆਸਤਦਾਨ ਪ੍ਰਵਾਸੀ ਖ਼ੁਦਕੁਸ਼ੀਆਂ ਅਤੇ ਪੰਜਾਬੀ ਪ੍ਰਵਾਸੀ ਔਰਤਾਂ ਦੀ ਤਸਕਰੀ ਨੂੰ ਚੁੱਪ-ਚੁਪੀਤੇ ਸਵੀਕਾਰ ਕਰਦੇ ਹਨ। ਸਿਆਸਤਦਾਨ ਇਸ ਗੜਬੜ ਨੂੰ ਠੀਕ ਕਰਨ ਲਈ ਪ੍ਰਤੀਬੱਧ ਮਹਿਸੂਸ ਨਹੀਂ ਕਰਦੇ, ਕਿਉਂਕਿ ਅੰਤਰਰਾਸ਼ਟਰੀ ਸਿੱਖਿਆ ਬਹੁਤ ਮੁਨਾਫ਼ੇ ਵਾਲਾ ਧੰਦਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਲਗਭਗ ਪੰਜ ਗੁਣਾਂ ਜ਼ਿਆਦਾ ਟਿਊਸ਼ਨ ਲਈ ਜਾਂਦੀ ਹੈ, 22 ਬਿਲੀਅਨ ਡਾਲਰ ਤੋਂ ਵੱਧ ਦਾ ਖਰਚਾ ਲਿਆ ਜਾਂਦਾ ਹੈ। ਅਤੇ ਸੂਬਾਈ ਸਰਕਾਰਾਂ ਨੂੰ ਉੱਚ ਸਿੱਖਿਆ ਫੰਡਿੰਗ ਦੇ ਆਪਣੇ ਅਨੁਪਾਤ ਨੂੰ ਘਟਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਭਾਰਤ ਅਤੇ ਖ਼ਾਸ ਕਰਕੇ ਪੰਜਾਬੀ ਵਿਦਿਆਰਥੀਆਂ ਵਿਚ ਖ਼ੁਦਕੁਸ਼ੀਆਂ ਦੀ ਪੈਦਾ ਹੋਈ ਸਮੱਸਿਆ ਦਾ ਅਧਿਐਨ ਕਰਨ ਤੋਂ ਬਾਅਦ, ਕੈਨੇਡਾ ਦੀ ਫੈਡਰਲ ਸਰਕਾਰ ਨੂੰ ਇਸ ਸਮੱਸਿਆ ਦੇ ਹੱਲ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਟਿਊਸ਼ਨ ਫੀਸ ਦੇ ਢਾਂਚੇ ਵਿੱਚ ਕਟੌਤੀ ਕੀਤੀ ਜਾਵੇ। ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਇਥੋਂ ਦੀਆਂ ਸਮੱਸਿਆਵਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਲੈ ਕੇ ਹੀ ਬੱਚਿਆਂ ਨੂੰ ਇਥੇ ਭੇਜਣ ਬਾਰੇ ਸੋਚਣਾ ਚਾਹੀਦਾ ਹੈ। ਚਾਹਵਾਨ ਵਿਦਿਆਰਥੀਆਂ ਦੇ ਨਾਲ-ਨਾਲ ਬਹੁਤ ਜ਼ਿਆਦਾ ਉਤਸ਼ਾਹੀ ਮਾਪਿਆਂ ਨੂੰ ਵੀ ਵਿਦੇਸ਼ਾਂ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਸਹੀ ਢੰਗ ਨਾਲ ਜਾਗਰੂਕ ਹੋਣਾ ਚਾਹੀਦਾ ਹੈ।

***

## ਕਿਤਾਬੀ ਗਿਆਨ ਦੇ ਨਾਲ-ਨਾਲ ਖੇਡਾਂ ਵੀ ਜ਼ਰੂਰੀ

ਚੰਗੇ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਰ ਚੀਜ਼ ਵੱਲ ਸਹੀ ਧਿਆਨ ਦੇਣ, ਉਨ੍ਹਾਂ ਨੂੰ ਪੜ੍ਹਾਈ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਪਰ ਖੇਡਾਂ ਅਤੇ ਹੋਰ ਗਤੀਵਿਧੀਆਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਉਸ ਨੂੰ ਇਸ ਕਹਾਵਤ ਦੀ ਪਾਲਣਾ ਕਰਨੀ ਚਾਹੀਦੀ ਹੈ ਕਿ 'ਕੰਮ 'ਤੇ ਕੰਮ ਕਰੋ ਅਤੇ ਖੇਡ 'ਤੇ ਖੇਡੋ' ਖ਼ੁਸ਼ੀ ਅਤੇ ਅਨੰਦ ਦਾ ਰਾਹ ਹੈ।

**ਅਸੀਂ ਖੇਡਣ ਤੋਂ ਕੀ ਸਿੱਖਦੇ ਹਾਂ ?**

ਖੇਡਾਂ ਤੋਂ ਅਸੀਂ ਅਨੁਸ਼ਾਸਨ ਅਤੇ ਖੇਡਾਂ ਦੀ ਸਹੀ ਭਾਵਨਾ ਸਿੱਖਦੇ ਹਾਂ। ਇੱਕ ਸੱਚਾ ਖਿਡਾਰੀ ਹਾਰ-ਜਿੱਤ ਤੋਂ ਪ੍ਰਭਾਵਿਤ ਨਹੀਂ ਹੁੰਦਾ। ਉਨ੍ਹਾਂ ਨੂੰ ਖੇਡਣ ਦੀ ਖ਼ਾਤਰ ਉਹ ਖੇਡਾਂ ਖੇਡਦਾ ਹੈ। ਖੇਡਾਂ ਰਾਹੀਂ ਹੀ ਅਸੀਂ ਆਨੰਦ ਅਤੇ ਸ਼ੌਕ ਦੀ ਪਰਵਾਹ ਕੀਤੇ ਬਿਨਾਂ ਜ਼ਿੰਦਗੀ ਦੇ ਰਾਹ 'ਤੇ ਚੱਲਣਾ ਸਿੱਖਦੇ ਹਾਂ। ਖੇਡਾਂ ਰਾਹੀਂ ਅਸੀਂ ਅਸਫਲਤਾ ਦਾ ਸਾਹਮਣਾ ਮੁਸਕਰਾਹਟ ਨਾਲ ਕਰਨਾ ਸਿੱਖਦੇ ਹਾਂ ਅਤੇ ਸਫਲਤਾ ਫੁੱਲ ਨਹੀਂ ਪਾਉਂਦੀ। ਖੇਡਾਂ ਰਾਹੀਂ ਹੀ ਅਸੀਂ ਜੀਵਨ ਦੀ ਸਹੀ ਕਲਾ ਸਿੱਖਦੇ ਹਾਂ। ਕਿਉਂਕਿ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜ਼ਿੰਦਗੀ ਦੀ ਲੜਾਈ ਵਿਚ ਉਹੀ ਜਿੱਤ ਸਕਦਾ ਹੈ ਜੋ ਧੀਰਜ ਨਾਲ ਯਤਨ ਕਰਦਾ ਰਹਿੰਦਾ ਹੈ। ਖੇਡਾਂ ਸਾਡੇ ਚਰਿੱਤਰ ਦਾ ਨਿਰਮਾਣ ਕਰਦੀਆਂ ਹਨ। ਟੀਮ ਦਾ ਕਪਤਾਨ ਆਪਣੇ ਪਿਆਰ, ਸਦਭਾਵਨਾ ਅਤੇ ਇਮਾਨਦਾਰੀ ਨਾਲ ਟੀਮ ਮੈਂਬਰਾਂ ਦਾ ਦਿਲ ਜਿੱਤ ਲੈਂਦਾ ਹੈ। ਖਿਡਾਰੀ ਵੀ ਆਪਣੇ ਕਪਤਾਨ ਦਾ ਕਹਿਣਾ ਮੰਨਣ ਦੀ ਆਦਤ ਪਾ ਲੈਂਦੇ ਹਨ। ਅਜਿਹੀਆਂ ਖੇਡਾਂ ਖੇਡਣ ਨਾਲ ਮਹਾਨ ਨਾਗਰਿਕ ਤਿਆਰ ਹੁੰਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪੜ੍ਹਾਈ ਦੀ ਇਕਸਾਰਤਾ ਤੋਂ ਛੁਟਕਾਰਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਵਿਹਲੇ ਸਮੇਂ ਦੀ ਸਭ ਤੋਂ ਵਧੀਆ ਵਰਤੋਂ ਖੇਡਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਕੀਤੀ ਜਾ ਸਕਦੀ ਹੈ। ਇਹ ਨੌਜਵਾਨਾਂ ਦੀ ਵਾਧੂ ਸ਼ਕਤੀ ਦੀ ਸਹੀ ਵਰਤੋਂ ਕਰਦੇ ਹਨ, ਜੇਕਰ ਇਸ ਦੀ ਵਰਤੋਂ ਖੇਡਾਂ ਵਿੱਚ ਨਾ ਕੀਤੀ ਜਾਵੇ ਤਾਂ ਸ਼ਰਾਰਤ ਅਤੇ ਅਨੁਸ਼ਾਸਨਹੀਣਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਖਾਲੀ ਮਨ ਸ਼ੈਤਾਨ ਦੀ ਵਰਕਸ਼ਾਪ ਹੈ। ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਅਦ ਆਪਣੇ ਖਾਲੀ ਸਮੇਂ ਵਿੱਚ ਵਿਅਸਤ ਰੱਖਣ ਲਈ ਇਹ ਇੱਕ ਬਹੁਤ ਹੀ ਉਪਯੋਗੀ ਸਾਧਨ ਹੈ।

ਜਿਸ ਤਰ੍ਹਾਂ ਜੀਵਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਾਡੇ ਸਰੀਰ ਦਾ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੈ, ਉਸੇ ਤਰ੍ਹਾਂ ਸਾਡੇ ਸਰੀਰ ਦੇ ਸੰਪੂਰਨ ਵਿਕਾਸ ਲਈ ਕਸਰਤ ਬਹੁਤ ਜ਼ਰੂਰੀ ਹੈ। ਖੇਡਾਂ ਵਿੱਚ ਭਾਗ ਲੈਣ ਨਾਲ ਸਾਡੇ ਸਰੀਰ ਨੂੰ ਚੰਗੀ ਕਸਰਤ ਮਿਲਦੀ ਹੈ। ਇਹ ਬੱਚਿਆਂ ਅਤੇ ਨੌਜਵਾਨਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਹੈ। ਕੁਝ ਮਾਪੇ ਖੇਡਾਂ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਸਮਝ ਕੇ ਬੱਚਿਆਂ ਦੀ ਖੇਡਾਂ ਵਿੱਚ ਦਿਲਚਸਪੀ ਲੈਣ ਦਾ ਵਿਰੋਧ ਕਰਦੇ ਹਨ ਪਰ ਖੇਡਾਂ ਇਕ ਅਜਿਹੀ ਕਸਰਤ ਹੈ ਜੋ ਸਾਡੇ ਸਰੀਰਕ ਅੰਗਾਂ ਦੇ ਨਾਲ-ਨਾਲ ਮਾਨਸਿਕ ਵਿਕਾਸ ਵਿੱਚ ਵੀ ਸਹਾਈ ਹੁੰਦੀ ਹੈ। ਇਸ ਨਾਲ ਸਾਡੇ ਮਨ ਦਾ ਸੰਤੁਲਿਤ ਵਿਕਾਸ ਹੁੰਦਾ ਹੈ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਖੇਡਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਸਥਾਨ ਹੈ। ਇਹ ਮਨੁੱਖ ਨੂੰ ਆਤਮ-ਵਿਸ਼ਵਾਸ ਅਤੇ ਅਗਾਂਹਵਧੂ ਬਣਾਉਂਦਾ ਹੈ। ਸਾਨੂੰ ਸਿਰਫ਼ ਇਸ ਗੱਲ ਦੀ ਲੋੜ ਹੈ ਕਿ ਅਸੀਂ ਕਿਤਾਬੀ ਗਿਆਨ ਦੇ ਨਾਲ-ਨਾਲ ਇਸ ਨਵੀਂ ਪੀੜ੍ਹੀ ਦੀ ਖੇਡਾਂ ਵਿੱਚ ਰੁਚੀ ਵਧਾਏ ਅਤੇ ਉਹ ਸਾਰੇ ਸਾਧਨ ਪ੍ਰਦਾਨ ਕਰੀਏ ਜੋ ਉਨ੍ਹਾਂ ਨੂੰ ਖੇਡਾਂ ਵਿੱਚ ਵੀ ਅੱਗੇ ਵਧਣ ਵਿੱਚ ਮਦਦ ਕਰਨ। ਕਿਸੇ ਮਹਾਂਪੁਰਖ ਨੇ ਕਿਹਾ ਹੈ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਿਕਾਸ ਹੁੰਦਾ ਹੈ। ਸਿਹਤਮੰਦ ਜੀਵਨ ਸਫ਼ਲਤਾ ਪ੍ਰਾਪਤ ਕਰਨ ਦੀ ਕੁੰਜੀ ਹੈ। ਇਸ ਤਰ੍ਹਾਂ ਖੇਡਾਂ ਸਾਡੇ ਜੀਵਨ ਨੂੰ ਸਫ਼ਲ ਬਣਾਉਣ ਵਿੱਚ ਸਹਾਇਕ ਹੁੰਦੀਆਂ ਹਨ।

***

## ਫ਼ਿਲਮਾਂ ਤੇ ਸੀਰੀਅਲਾਂ 'ਚ ਕਿਉਂ

ਜਿੱਤਣ ਵਿੱਚ ਮਦਦ ਕੀਤੀ ਸੀ - ਬਦਲੇ ਵਿੱਚ ਉਸ ਨੇ ਸਿੱਖਾਂ ਦੀ ਮਦਦ ਕਰਕੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣ ਵਿੱਚ ਮਦਦ ਕੀਤੀ ਸੀ।

ਅੰਗਰੇਜ਼ਾਂ ਨੇ, ਸਿੱਖਾਂ ਦੀ ਬਹਾਦਰੀ ਤੋਂ ਡਰਦੇ ਹੋਏ, ਉਹਨਾਂ ਨੂੰ ਬਦਨਾਮ ਕਰਨ ਅਤੇ ਨਿਰਾਸ਼ ਕਰਨ ਦੀ ਕੋਸ਼ਿਸ਼ ਵਿੱਚ ਉਹਨਾਂ ਦਾ ਮਜ਼ਾਕ ਬਣਾਉਣਾ ਸ਼ੁਰੂ ਕਰ ਦਿੱਤਾ (ਇਹ ਇੱਕ ਆਮ ਭੁਲੇਖਾ ਸੀ ਕਿ ਸਿੱਖ ਅਜਿਹੇ ਚਲਾਕ ਨਹੀਂ ਹਨ ਅਤੇ ਸਿਰਫ਼ ਹੁਕਮਾਂ ਦੀ ਪਾਲਣਾ ਕਰਦੇ ਹਨ)। ਇਹ ਚੁਟਕਲੇ ਉਨ੍ਹਾਂ ਦੀ ਬਾਲ-ਰੂਮ ਗੱਲਬਾਤ ਅਤੇ ਆਮ ਗੱਲਬਾਤ ਦੌਰਾਨ ਫੈਲਣ ਲੱਗੇ ਅਤੇ ਦੇਸ਼ ਭਰ ਵਿੱਚ ਫੈਲ ਗਏ।

ਪੰਜਾਬ, ਜਿਸ ਵਿੱਚ ਪੰਜਾਬੀਆਂ (ਸਿੱਖ ਅਤੇ ਹਿੰਦੂ ਵੀ) ਸ਼ਾਮਲ ਹਨ, ਭਾਰਤ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਹੈ। ਲੋਕ, ਖਾਸ ਕਰਕੇ ਸਿੱਖ, ਖੁੱਲ੍ਹੇ ਦਿਲ ਵਾਲੇ, ਮੌਜ-ਮਸਤੀ ਕਰਨ ਵਾਲੇ, ਮਿਹਨਤੀ ਹਨ ਅਤੇ ਜੀਵਨ ਦਾ ਸਭ ਤੋਂ ਵਧੀਆ ਆਨੰਦ ਮਾਣਦੇ ਹਨ। ਉਹ ਸਾਰੇ ਧਾਰਮਿਕ ਹਨ ਅਤੇ ਜਾਤ-ਪਾਤ ਦੀ ਪਰਵਾਹ ਕੀਤੇ ਬਿਨਾਂ ਬਰਾਬਰਤਾ ਵਿੱਚ ਵਿਸ਼ਵਾਸ ਰੱਖਦੇ ਹਨ। ਹਾਂ, ਉਹ ਆਮ ਜੀਵਨ ਵਿੱਚ ਵੀ ਪ੍ਰਸੰਨ ਹੁੰਦੇ ਹਨ। ਚਾਹੇ ਕੋਈ ਗਰੀਬ ਹੋਵੇ, ਮੱਧ ਵਰਗ ਜਾਂ ਅਮੀਰ, ਉਸ ਨੂੰ ਹਮੇਸ਼ਾ ਖ਼ੁਸ਼ ਰਹਿਣਾ ਚਾਹੀਦਾ ਹੈ। ਉਨ੍ਹਾਂ ਦੀ ਖੁਰਾਕ ਭਰਪੂਰ ਹੁੰਦੀ ਹੈ। ਉਹ ਇੱਕ ਯਾਤਰਾ-ਪ੍ਰੇਮੀ ਹੈ, ਖਾਸ ਕਰਕੇ ਭਾਰਤ ਤੋਂ ਬਾਹਰ।

***

## ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਅਮਰੀਕਾ 'ਚ

ਵਾਸ਼ਿੰਗਟਨ ਪੋਸਟ ਨੇ ਉੱਥੋਂ ਦੀਆਂ 8 ਮੀਡੀਆ ਸੰਸਥਾਵਾਂ ਦੀ ਅਪੀਲ ਨੂੰ ਪ੍ਰਕਾਸ਼ਿਤ ਕੀਤਾ ਹੈ। ਇਸ ਸਬੰਧੀ ਜਾਰੀ ਕੀਤੇ ਗਏ ਇੱਕ ਪੋਸਟਰ ਵਿੱਚ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਜਾਂ ਕੈਦ ਪੱਤਰਕਾਰਾਂ ਨੂੰ ਦਿਖਾਇਆ ਗਿਆ ਹੈ। ਇਸ ਦੌਰਾਨ ਨਿਊਯਾਰਕ ਸਿਟੀ ਵਿੱਚ ਸਕਰੀਨਾਂ ਵਾਲੇ ਟਰੱਕ ਮੌਜੂਦ ਸਨ, ਜਿਨ੍ਹਾਂ ਰਾਹੀਂ ਅਮਰੀਕਾ ਦੇ ਰਾਸ਼ਟਰਪਤੀ ਜੋ ਬਿਡੇਨ ਨੂੰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਮੋਦੀ ਤੋਂ ਸਖ਼ਤ ਸਵਾਲ ਪੁੱਛਣ ਲਈ ਕਿਹਾ ਗਿਆ ਸੀ। ਨਿਊਯਾਰਕ ਟਾਈਮਜ਼ ਵਿੱਚ ਪ੍ਰਕਾਸ਼ਿਤ ਭਾਰਤੀ ਮੂਲ ਦੀ ਹਾਰਵਰਡ ਯੂਨੀਵਰਸਿਟੀ ਦੀ ਪ੍ਰੋਫੈਸਰ ਮਾਇਆ ਜੈਸਨੌਫ ਦਾ ਇੱਕ ਲੇਖ ਵਿੱਚ ਕਿਹਾ ਗਿਆ ਹੈ ਕਿ ਅਮਰੀਕੀਆਂ ਨੂੰ ਮੋਦੀ ਦੇ ਭਾਰਤ ਬਾਰੇ ਜਾਣਨ ਦੀ ਲੋੜ ਹੈ। ਹਿੰਦੂ ਰਾਸ਼ਟਰਵਾਦ ਦੇ ਤਿੱਖੇ ਸਿਧਾਂਤ ਨਾਲ ਲੈਸ, ਸ੍ਰੀਮਾਨ ਮੋਦੀ ਨੇ ਘੱਟੋ-ਘੱਟ 40 ਸਾਲਾਂ ਵਿੱਚ ਲੋਕ-ਤੰਤਰ, ਨਾਗਰਿਕ ਸਮਾਜ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ 'ਤੇ ਭਾਰਤੀ ਇਤਿਹਾਸ ਵਿੱਚ ਸਭ ਤੋਂ ਖਤਰਨਾਕ ਹਮਲੇ ਦੀ ਅਗਵਾਈ ਕੀਤੀ ਹੈ। ਉਨ੍ਹਾਂ ਨੇ ਕੁਝ ਲੋਕਾਂ ਨੂੰ ਖ਼ੁਸ਼ਹਾਲੀ ਅਤੇ ਰਾਸ਼ਟਰੀ ਮਾਣ ਪ੍ਰਦਾਨ ਕੀਤਾ ਹੈ ਅਤੇ ਬਹੁਗਿਣਤੀ ਲੋਕਾਂ ਨੂੰ ਤਾਨਾਸ਼ਾਹੀ ਅਤੇ ਜ਼ੁਲਮ ਦਾ ਸ਼ਿਕਾਰ ਬਣਾਇਆ ਹੈ, ਜਿਸ ਬਾਰੇ ਸਾਨੂੰ ਸਾਰਿਆਂ ਨੂੰ ਚਿੰਤਤ ਹੋਣ ਦੀ ਲੋੜ ਹੈ।

ਪ੍ਰਧਾਨ ਮੰਤਰੀ ਮੋਦੀ ਦਾ ਵਿਰੋਧ ਕਰਨ ਵਾਲੇ ਨੈੱਟਵਰਕਾਂ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਹਿੰਦੂ ਫਾਰ ਹਿਊਮਨ ਰਾਈਟਸ, ਦਲਿਤ ਸਾਲਿਡੈਰਟੀ ਇੰਕ., ਵਰਲਡ ਵਿਦਾਊਟ ਜੈਨੋਸਾਈਡ, ਇੰਟਰਨੈਸ਼ਨਲ ਡਿਫੈਂਡਰਜ਼ ਕੌਂਸਲ, ਇੰਟਰਨੈਸ਼ਨਲ ਸੋਸਾਇਟੀ ਫਾਰ ਪੀਸ ਐਂਡ ਜਸਟਿਸ, ਜੈਨੋਸਾਈਡ ਵਾਚ, ਏਸ਼ੀਅਨ ਚਿਲਡਰਨ ਐਜੂਕੇਸ਼ਨ ਫੈਲੋਸ਼ਿਪ, ਕੌਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ ਸ਼ਾਮਲ ਹਨ, ਮਿਸ਼ਨ ਵਿਦ ਪੈਰਾ ਲਾਸ ਨੈਕਿਓਨੇਸ ,ਚਰਚ ਇਨ ਦੀ ਰੀਪਬਲਿਕ ਆਫ਼ ਉਰੂਗਵੇ , ਗਲੋਬਲ ਕ੍ਰਿਸਚੀਅਨ ਰਿਲੀਫ, ਅਮਰੀਕਨ ਸਿੱਖ ਕੌਂਸਲ, ਹਿਊਮਨ ਰਾਈਟਸ ਐਂਡ ਗਰਾਸਰੂਟਸ ਡਵੈਲਪਮੈਂਟ , ਦਲਿਤ ਰਾਈਟਸ ਸ਼ਾਮਲ ਸਨ।

***

## ਅਕਾਲ ਤਖ਼ਤ ਦੇ ਨਵੇਂ

ਬਰਾਦਰੀਆਂ ਦੇ ਨਾਂਅ 'ਤੇ ਗੁਰਦੁਆਰਿਆਂ ਦੇ ਨਾਂਅ ਰੱਖਣੇ, ਇਕੋ ਬਰਾਦਰੀ ਦਾ ਵੱਖਰਾ ਗੁਰਦੁਆਰਾ ਬਣਾਉਣਾ ਅਤੇ ਬਰਾਦਰੀ ਜਾਂ ਜਾਤ-ਪਾਤ ਦੇ ਨਾਂਅ 'ਤੇ ਬਣੇ ਸਮਸ਼ਾਨਘਾਟਾਂ ਨੂੰ ਅਮਲੀ ਤੌਰ 'ਤੇ ਸਾਂਝੇ ਸਥਾਨ ਬਣਾਉਣ ਵੱਲ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਦਬੇ ਕੁਚਲੇ ਸਿੱਖ ਖਾਲਸਾ ਪੰਥ ਨਾਲ ਜੁੜ ਸਕਣ। ਜਥੇਦਾਰ ਸਾਹਿਬ ਸਾਹਮਣੇ ਇਕ ਬਹੁਤ ਵੱਡੀ ਚੁਣੌਤੀ ਇਹ ਵੀ ਹੈ ਕਿ ਸਾਡੇ ਕਰੋੜਾਂ ਗੁਰੂ ਨਾਨਕ ਨਾਮ ਲੇਵਾ ਕਬੀਲੇ ਤੇ ਬਰਾਦਰੀਆਂ ਸਿੱਖੀ ਨਾਲੋਂ ਟੁੱਟ ਰਹੀਆਂ ਹਨ, ਉਨ੍ਹਾਂ ਨੂੰ ਫਿਰ ਤੋਂ ਸਿੱਖੀ ਦੀ ਬੁੱਕਲ ਵਿੱਚ ਲੈਣ ਦਾ ਪ੍ਰੋਗਰਾਮ ਬਣਾਉਣ 'ਤੇ ਅਮਲ ਕਰਨਾ ਜ਼ਰੂਰੀ ਹੈ। ਇਨ੍ਹਾਂ ਵਿੱਚ ਨਾਨਕਪੰਥੀ ਸਿਕਲੀਗਰ, ਵਣਜਾਰੇ, ਸਤਨਾਮੀ ਜੌਹਰੀ, ਸਿੰਧੀ, ਲਾਮੇ, ਨਰਮਾਪੇ ਆਦਿ ਤੇ ਕਈ ਹੋਰ ਵੀ ਸ਼ਾਮਿਲ ਹਨ।

**

## ਯੂ.ਐਸ.ਏ. 'ਚ ਘਟ ਰਹੀ ਜਨਮ ਦਰ

ਉਦਯੋਗਿਕ ਦੇਸ਼ਾਂ ਵਿੱਚ, 20 ਸਾਲਾਂ ਦੀਆਂ ਔਰਤਾਂ ਨੂੰ ਸਿੱਖਿਆ ਅਤੇ ਕੰਮ ਨੂੰ ਤਰਜੀਹ ਦੇਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਉਹ ਵੱਡੀ ਉਮਰ ਵਿੱਚ ਵਿਆਹ ਕਰਦੇ ਹਨ ਅਤੇ ਘੱਟ ਬੱਚੇ ਪੈਦਾ ਕਰਦੇ ਹਨ।

ਇਮੀਗ੍ਰੇਸ਼ਨ ਨੇ ਇਤਿਹਾਸਕ ਤੌਰ 'ਤੇ ਅਮਰੀਕਾ ਨੂੰ ਜਵਾਨ ਰੱਖਿਆ ਹੈ। ਪ੍ਰਵਾਸੀ ਆਮ ਤੌਰ 'ਤੇ ਕੰਮ ਕਰਨ ਦੀ ਉਮਰ ਦੇ ਬਾਲਗ ਹੁੰਦੇ ਹਨ। ਉਹਨਾਂ ਦੇ ਅਕਸਰ ਮੂਲ ਨਿਵਾਸੀਆਂ ਨਾਲੋਂ ਵੱਧ ਬੱਚੇ ਹੁੰਦੇ ਹਨ। ਇੱਕ ਸਾਲ ਵਿੱਚ ਏਸ਼ੀਆਈ ਆਬਾਦੀ 2.4%, ਹਿਸਪੈਨਿਕ ਆਬਾਦੀ 1.7% ਅਤੇ ਕਾਲਿਆਂ ਦੀ ਆਬਾਦੀ 0.9% ਵਧੀਆਂ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com